ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

10-16 ਮਈ 2023

ਸਾਲ 14ਵਾਂ - ਅੰਕ 20

email : info@sadelok.com

Ph. : 510-706-1300

Fax : 925-373-1300

## ਪੰਜਾਬੀ ਅਮੈਰੀਕਨ ਐਸੋਸੀਏਸ਼ਨ ਮਨਟੀਕਾ ਵਲੋਂ 11ਵੇਂ ਵਿਸਾਖੀ ਖੇਡ ਮੇਲੇ ਨੇ ਵੱਖਰਾ ਰੰਗ ਬਖੇਰਿਆ




(ਦੇਖੋ ਸਫ਼ਾ 32-35 'ਤੇ)

## ਸਿੱਖ ਪੰਥ ਦੀ ਉਘੀ ਸ਼ਖਸੀਅਤਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਨੇ ਤਿੱਬਤੀਆਂ ਦੇ ਧਾਰਮਿਕ ਆਗੂ ਸ੍ਰੀ ਦਲਾਈ ਲਾਮਾ ਨਾਲ ਕੀਤੀ ਮੁਲਾਕਾਤ



11

## ਟਰੰਪ ਜਿਨਸੀ ਸੋਸ਼ਣ ਤੇ ਮਾਣਹਾਨੀ ਦਾ ਦੋਸ਼ੀ ਕਰਾਰ, 50 ਲੱਖ ਡਾਲਰ ਜੁਰਮਾਨਾ ਕੀਤਾ



3

## ਆਂਧਰਾ ਪ੍ਰਦੇਸ਼ 'ਚ ਸਿੱਖਾਂ ਦੀ ਭਲਾਈ ਲਈ ਵਿਸ਼ੇਸ਼ ਨਿਗਮ ਬਣਾਉਣ ਤੇ ਗੁਰਦੁਆਰਿਆਂ ਦਾ ਪ੍ਰਾਪਰਟੀ ਟੈਕਸ ਖ਼ਤਮ ਕਰਨ ਦਾ ਐਲਾਨ



16

# ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੇੜੇ ਹੋਇਆ ਤੀਜਾ ਧਮਾਕਾ, ਪੁਲਿਸ ਨੇ 5 ਮੁਲਜ਼ਮਾਂ ਨੂੰ ਕੀਤਾ ਗ੍ਰਿਫਤਾਰ

### ਕੇਂਦਰੀ ਏਜੰਸੀ ਡੂੰਘਾਈ ਨਾਲ ਮਾਮਲੇ ਦੀ ਜਾਂਚ ਕਰਨ: ਜਥੇਦਾਰ ਹਰਪ੍ਰੀਤ ਸਿੰਘ



## ਹਰਜਿੰਦਰ ਸਿੰਘ ਧਾਮੀ ਨੇ ਕੀਤਾ ਘਟਨਾ ਵਾਲੀ ਥਾਂ ਦਾ ਦੌਰਾ

ਅੰਮ੍ਰਿਤਸਰ : ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਦੇ ਨੇੜੇ ਇੱਕ ਵਾਰ ਫਿਰ ਧਮਾਕਾ ਹੋਇਆ ਹੈ। ਧਮਾਕੇ ਕਾਰਨ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਹਾਲਾਂਕਿ ਇਸ ਵਾਰ ਧਮਾਕਾ ਪਹਿਲੀ ਘਟਨਾ ਵਾਲੀ ਥਾਂ ਤੋਂ ਕਰੀਬ ਦੋ ਕਿਲੋਮੀਟਰ ਦੂਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਨੇੜੇ ਧਮਾਕਾ ਲਾਂਘੇ ਵਾਲੇ ਪਾਸੇ ਸਥਿਤ ਸ੍ਰੀ ਗੁਰੂ ਰਾਮਦਾਸ ਸਰਾਏ ਨੇੜੇ ਰਾਤ ਇਕ ਵਜੇ ਹੋਇਆ। ਪੁਲਿਸ ਨੇ ਇਸ ਮਾਮਲੇ 'ਚ 5 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਇਹ ਪੂਰੀ ਸਾਜ਼ਿਸ਼ ਰਚੀ ਸੀ। ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ ਕੁਝ ਟੀਕੇ ਵੀ ਮਿਲੇ ਹਨ। (ਦੇਖੋ ਸਫ਼ਾ 29 'ਤੇ)

# ਅਦਾਲਤ 'ਚ ਪੇਸ਼ੀ ਭੁਗਤਣ ਆਏ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਗ੍ਰਿਫ਼ਤਾਰ

### • ਪੈਰਾਮਿਲਟਰੀ ਰੇਂਜਰਜ਼ ਅਣਦੱਸੀ ਥਾਂ 'ਤੇ ਲੈ ਕੇ ਗਏ • ਇਸਲਾਮਾਬਾਦ ਹਾਈ ਕੋਰਟ ਵੱਲੋਂ ਗ੍ਰਿਫਤਾਰੀ 'ਜਾਇਜ਼' ਕਰਾਰ

## ਪਾਕਿਸਤਾਨ ਦੇ ਲੋਕਾਂ ਦੀ ਫੌਜ ਖਿਲਾਫ਼ ਬਗਾਵਤ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

(ਦੇਖੋ ਸਫ਼ਾ 25 'ਤੇ)

## ਪਾਕਿਸਤਾਨ 'ਚ ਜ਼ਾਲਮਾਂ ਵਲੋਂ ਗੋਲੀਆਂ ਮਾਰਕੇ ਸ਼ਹੀਦ ਕੀਤੇ ਕੌਮ ਦੇ ਮਹਾਨ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸਾਰੀ ਦੁਨੀਆ ਦੇ ਗੁਰਦੁਆਰਾ ਸਾਹਿਬਾਨ 'ਚ ਸ਼ਰਧਾਂਜਲੀਆਂ



**ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਲਿਸਤਾਨ ਕਮਾਂਡੋ ਫੋਰਸ ਅਮਰੀਕਾ ਵਲੋਂ ਕਤਲ ਦੀ ਭਾਰੀ ਨਿੰਦਾ ਅਤੇ ਸ਼ਰਧਾਂਜਲੀ**

ਫਰੀਮਾਂਟ : ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪਿਛਲੇ ਦਿਨੀਂ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜਿਸ ਦੇ ਲਈ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸਾਰੀ ਦੁਨੀਆ ਦੇ ਗੁਰਦੁਆਰਾ ਸਾਹਿਬਾਨ 'ਚ ਸ਼ਰਧਾਂਜਲੀਆਂ ਦਿੱਤੀਆ ਜਾ ਰਹੀਆ ਹਨ ਅਤੇ ਸ਼ਰਧਾਂਜਲੀਆਂ ਦੇਣ ਲਈ ਵੱਖ-ਵੱਖ ਅਸਥਾਨਾਂ 'ਤੇ ਸਮਾਗਮ ਕੀਤੇ ਜਾ ਰਹੇ ਹਨ। ਇਸ ਬਾਰੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ 12 (ਦੇਖੋ ਸਫ਼ਾ 20 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigration Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਟਰੰਪ ਜਿਨਸੀ ਸ਼ੋਸ਼ਣ ਤੇ ਮਾਣਹਾਨੀ ਦਾ ਦੋਸ਼ੀ ਕਰਾਰ, 50 ਲੱਖ ਡਾਲਰ ਜੁਰਮਾਨਾ ਕੀਤਾ



ਵਾਸ਼ਿੰਗਟਨ : ਅਮਰੀਕਾ ਦੇ ਨਿਊਯਾਰਕ ਦੀ ਇੱਕ ਅਦਾਲਤ ਤੋਂ ਦੇਸ਼ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ਬਰਦਸਤ ਝਟਕਾ ਲੱਗਾ ਹੈ। ਅਦਾਲਤ ਨੇ ਟਰੰਪ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਹੈ। ਉਸ 'ਤੇ ਜਿਨਸੀ ਸ਼ੋਸ਼ਣ ਅਤੇ ਮਾਣਹਾਨੀ ਦੇ ਮਾਮਲੇ ਵਿੱਚ 50 ਲੱਖ ਡਾਲਰ ਜੁਰਮਾਨਾ ਲਗਾਇਆ ਗਿਆ ਹੈ। ਭਾਰਤੀ ਰੁਪਿਆਂ ਵਿਚ ਇਹ ਰਾਸ਼ੀ 41 ਕਰੋੜ ਰੁਪਏ ਬਣਦੀ ਹੈ।

ਅਦਾਲਤ ਨੇ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਟਰੰਪ 1990 ਦੇ ਦਹਾਕੇ ਵਿਚ ਇਕ ਮੈਗਜ਼ੀਨ ਲੇਖਕਾ ਈ ਜੀਨ ਕੈਰੋਲ ਦੇ ਜਿਨਸੀ ਸ਼ੋਸ਼ਣ ਦੇ ਦੋਸ਼ੀ ਹਨ। ਟਰੰਪ ਨੇ ਕਈ ਮੌਕਿਆਂ 'ਤੇ ਕੈਰੋਲ ਨੂੰ ਝੂਠਾ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਅਦਾਲਤ ਨੇ ਟਰੰਪ ਨੂੰ ਦੋਸ਼ੀ ਠਹਿਰਾਉਂਦੇ ਹੋਏ ਕੈਰੋਲ ਨੂੰ 50 ਲੱਖ ਡਾਲਰ ਹਰਜਾਨੇ ਵਜੋਂ ਦੇਣ ਦਾ ਫ਼ੈਸਲਾ ਸੁਣਾਇਆ ਹੈ। ਹਾਲਾਂਕਿ ਅਦਾਲਤ ਨੇ ਟਰੰਪ ਨੂੰ ਡਿਪਾਰਟਮੈਂਟ ਸਟੋਰ ਵਿੱਚ ਕੈਰੋਲ ਨਾਲ ਬਲਾਤਕਾਰ ਕਰਨ ਲਈ ਦੋਸ਼ੀ ਨਹੀਂ ਪਾਇਆ। ਜਿਊਰੀ ਨੇ ਕੈਰੋਲ ਦੇ ਬਲਾਤਕਾਰ ਦੇ ਦੋਸ਼ ਨੂੰ ਖਾਰਜ ਕਰਦਿਆਂ ਕਿਹਾ ਕਿ ਇਹ ਕੇਸ ਸਿਵਲ ਅਦਾਲਤ ਵਿੱਚ ਲਿਆਂਦਾ ਗਿਆ ਸੀ, ਨਾ ਕਿ ਫੌਜਦਾਰੀ ਅਦਾਲਤ ਵਿੱਚ। ਸਾਬਕਾ ਰਾਸ਼ਟਰਪਤੀ ਟਰੰਪ ਨੇ ਅਦਾਲਤ ਦੇ ਇਸ ਫ਼ੈਸਲੇ ਨੂੰ ਜਨਤਕ ਤੌਰ 'ਤੇ ਅਪਮਾਨਜਨਕ ਅਤੇ ਆਪਣੀ ਮਾਣਹਾਨੀ ਦਾ ਕਾਰਨ ਦੱਸਿਆ ਹੈ। ਦੱਸ ਦੇਈਏ ਕਿ ਟਰੰਪ ਖ਼ਿਲਾਫ਼ ਇਸ ਮਾਮਲੇ ਦੀ ਸੁਣਵਾਈ 25 ਅਪ੍ਰੈਲ ਤੋਂ ਸ਼ੁਰੂ ਹੋਈ ਸੀ ਅਤੇ ਹੁਣ ਨੌਂ ਮੈਂਬਰਾਂ ਦੀ ਜਿਊਰੀ ਨੇ ਟਰੰਪ ਨੂੰ ਜਿਨਸੀ ਸ਼ੋਸ਼ਣ ਦਾ ਦੋਸ਼ੀ ਪਾਇਆ ਹੈ।

ਟਰੰਪ ਨੇ ਮਾਮਲੇ ਦੀ ਸੁਣਵਾਈ ਦੌਰਾਨ ਪੀੜਤਾ ਕੈਰੋਲ ਨੂੰ ਕਈ ਮੌਕਿਆਂ 'ਤੇ ਬਦਨਾਮ ਕੀਤਾ ਸੀ। ਉਸ ਨੇ ਕੈਰੋਲ ਦੇ ਦੋਸ਼ਾਂ ਨੂੰ ਮਨਘੜਤ ਕਹਾਣੀ ਦੱਸਿਆ। ਕੈਰੋਲ ਨੇ ਦੋਸ਼ ਲਾਇਆ ਹੈ ਕਿ ਟਰੰਪ ਨੇ 1996 ਵਿੱਚ ਮੈਨਹਟਨ ਦੇ ਇੱਕ ਡਿਪਾਰਟਮੈਂਟ ਸਟੋਰ ਦੇ ਡਰੈਸਿੰਗ ਰੂਮ ਵਿੱਚ ਉਸ ਨਾਲ ਬਲਾਤਕਾਰ ਕੀਤਾ ਸੀ। ਕੈਰੋਲ ਨੇ ਸਭ ਤੋਂ ਪਹਿਲਾਂ 2019 ਵਿੱਚ ਇੱਕ ਕਿਤਾਬ ਵਿੱਚ ਇਸ ਘਟਨਾ ਦਾ ਜ਼ਿਕਰ ਕੀਤਾ ਸੀ। ਦੱਸਣਯੋਗ ਹੈ ਕਿ ਪਿਛਲੇ ਕੁਝ ਸਾਲਾਂ 'ਚ ਇਕ ਦਰਜਨ ਤੋਂ ਵੱਧ ਔਰਤਾਂ ਨੇ ਟਰੰਪ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਇਸ 'ਚ ਪੋਰਨ ਸਟਾਰ ਸਟੋਰਮੀ ਡੇਨੀਅਲਸ ਦੇ ਮਾਮਲੇ 'ਚ ਟਰੰਪ ਨੂੰ ਕਾਫੀ ਨਰਾਜ਼ਗੀ ਹੋਈ ਸੀ। ਕਿਹਾ ਜਾ ਰਿਹਾ ਹੈ ਕਿ ਜਿਨਸੀ ਸ਼ੋਸ਼ਣ ਦੇ ਇਨ੍ਹਾਂ ਮਾਮਲਿਆਂ ਕਾਰਨ ਟਰੰਪ ਦੀ ਰਾਸ਼ਟਰਪਤੀ ਚੋਣ ਲੜਨ ਦੀ ਯੋਜਨਾ ਨੂੰ ਝਟਕਾ ਲੱਗ ਸਕਦਾ ਹੈ।

# ਅਮਰੀਕੀ ਰਾਸ਼ਟਰਪਤੀ ਨੇ ਭਾਰਤੀ ਮੂਲ ਦੀ ਨੀਰਾ ਟੰਡਨ ਨੂੰ ਆਪਣਾ ਘਰੇਲੂ ਨੀਤੀ ਸਲਾਹਕਾਰ ਕੀਤਾ ਨਿਯੁਕਤ


ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਸ਼ੁੱਕਰਵਾਰ ਨੂੰ ਭਾਰਤੀ-ਅਮਰੀਕੀ ਨੀਰਾ ਟੰਡਨ ਨੂੰ ਆਪਣਾ ਘਰੇਲੂ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ ਜੋ ਘਰੇਲੂ ਨੀਤੀ ਦੇ ਏਜੰਡੇ ਨੂੰ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੇਗੀ। ਬਾਈਡੇਨ ਨੇ ਕਿਹਾ, 'ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਨੀਰਾ ਟੰਡਨ ਆਰਥਿਕ ਗਤੀਸ਼ੀਲਤਾ ਅਤੇ ਨਸਲੀ ਸਮਾਨਤਾ ਤੋਂ ਲੈ ਕੇ ਸਿਹਤ ਦੇਖਭਾਲ, ਇਮੀਗ੍ਰੇਸ਼ਨ ਅਤੇ ਸਿੱਖਿਆ ਵਰਗੀ ਮੇਰੀ ਘਰੇਲੂ ਨੀਤੀ ਨੂੰ ਬਣਾਉਣ ਅਤੇ ਲਾਗੂ ਕਰਨਾ ਜਾਰੀ ਰੱਖੇਗੀ।'



ਟੰਡਨ ਬਾਈਡੇਨ ਦੀ ਹੁਣ ਤੱਕ ਘਰੇਲੂ ਨੀਤੀ ਸਲਾਹਕਾਰ ਰਹੀ ਸੂਜ਼ਨ ਰਾਈਸ ਦੀ ਥਾਂ ਲਵੇਗੀ। ਬਾਈਡੇਨ ਨੇ ਕਿਹਾ, 'ਟੰਡਨ ਏਸ਼ਿਆਈ ਮੂਲ ਦੀ ਪਹਿਲੀ ਅਮਰੀਕੀ ਹੋਵੇਗੀ ਜੋ ਵ੍ਹਾਈਟ ਹਾਊਸ ਦੇ ਇਤਿਹਾਸ ਵਿੱਚ ਉਸ ਦੇ 3 ਮਹੱਤਵਪੂਰਨ ਨੀਤੀ ਕੌਂਸਲਾਂ ਵਿੱਚੋਂ ਇੱਕ ਦੀ ਅਗਵਾਈ ਕਰੇਗੀ।' ਬਾਈਡੇਨ ਨੇ ਕਿਹਾ, 'ਸੀਨੀਅਰ ਸਲਾਹਕਾਰ ਅਤੇ ਸਟਾਫ ਸਕੱਤਰ ਹੋਣ ਦੇ ਨਾਤੇ ਨੀਰਾ ਨੇ ਮੇਰੀ ਘਰੇਲੂ, ਆਰਥਿਕ ਅਤੇ ਰਾਸ਼ਟਰੀ ਸੁਰੱਖਿਆ ਟੀਮ ਵਿਚ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਦੀ ਨਿਗਰਾਨੀ ਕੀਤੀ। ਉਨ੍ਹਾਂ ਕੋਲ ਜਨਤਕ ਨੀਤੀ ਵਿੱਚ 25 ਸਾਲਾਂ ਦਾ ਤਜ਼ਰਬਾ ਹੈ, ਉਨ੍ਹਾਂ ਨੇ 3 ਰਾਸ਼ਟਰਪਤੀਆਂ ਨੂੰ ਸੇਵਾ ਦਿੱਤੀ ਹੈ ਅਤੇ ਲਗਭਗ ਇੱਕ ਦਹਾਕੇ ਤੱਕ ਦੇਸ਼ ਦੇ ਸਭ ਤੋਂ ਵੱਡੇ ਥਿੰਕ ਟੈਂਕਾਂ ਵਿੱਚੋਂ ਇੱਕ ਦੀ ਅਗਵਾਈ ਕੀਤੀ ਹੈ।' ਟੰਡਨ ਇਸ ਸਮੇਂ ਰਾਸ਼ਟਰਪਤੀ ਬਾਈਡੇਨ ਅਤੇ ਸਟਾਫ਼ ਦੇ ਸਕੱਤਰ ਵਜੋਂ ਸੀਨੀਅਰ ਸਲਾਹਕਾਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਉਨ੍ਹਾਂ ਨੇ ਬਰਾਕ ਓਬਾਮਾ ਅਤੇ ਬਿਲ ਕਲਿੰਟਨ ਦੋਵਾਂ ਦੇ ਪ੍ਰਸ਼ਾਸਨ ਵਿੱਚ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਰਾਸ਼ਟਰਪਤੀ ਚੋਣ ਮੁਹਿੰਮ ਵਿਚ ਮਦਦ ਕਰਨ ਤੋਂ ਇਲਾਵਾ ਕਈ ਥਿੰਕ ਟੈਂਕਾਂ ਲਈ ਵੀ ਸੇਵਾਵਾਂ ਦਿੱਤੀਆਂ ਹਨ। ਉਹ 'ਸੈਂਟਰ ਫਾਰ ਅਮੈਰੀਕਨ ਪ੍ਰੋਗਰੈਸ' ਅਤੇ 'ਸੈਂਟਰ ਫਾਰ ਅਮੈਰੀਕਨ ਪ੍ਰੋਗਰੈਸ ਐਕਸ਼ਨ ਫੰਡ' ਦੀ ਪ੍ਰਧਾਨ ਅਤੇ ਸੀ.ਈ.ਓ. (ਕਾਰਜਕਾਰੀ ਪ੍ਰਧਾਨ) ਵੀ ਰਹੀ ਸੀ।

# ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਨੇ ਭਾਰਤ ਤੇ ਯੂਏਈ ਦੇ ਹਮਰੁਤਬਾ ਤੇ ਸਾਊਦੀ ਯੁਵਰਾਜ ਨਾਲ ਮੁਲਾਕਾਤ ਕੀਤੀ

ਵਾਸ਼ਿੰਗਟਨ : ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ (ਐੱਨਐੱਸਏ) ਜੈਕ ਸੁਲੀਵਾਨ ਨੇ ਸਾਊਦੀ ਅਰਬ ਵਿੱਚ ਸਾਊਦੀ ਦੇ ਯੁਵਰਾਜ, ਭਾਰਤ ਅਤੇ ਸੰਯੁਕਤ ਅਰਬ ਅਮੀਰਾਤ ਦੇ ਹਮਰੁਤਬਾ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਦੁਵੱਲੇ ਅਤੇ ਖੇਤਰੀ ਮੁੱਦਿਆਂ ਅਤੇ ਭਾਰਤ ਅਤੇ ਦੁਨੀਆ ਦੇ ਮੁੱਦਿਆਂ 'ਤੇ ਚਰਚਾ ਕੀਤੀ। ਇਹ ਬੈਠਕ ਐਤਵਾਰ ਨੂੰ ਜੇਦਾਹ 'ਚ ਹੋਈ। ਬੈਠਕ ਦੇ ਵੇਰਵਿਆਂ ਦਾ ਵੇਰਵਾ ਦਿੰਦੇ ਹੋਏ ਵ ?ਹਾਈਟ ਹਾਊਸ ਨੇ ਕਿਹਾ, 'ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਾਨ ਸਾਊਦੀ ਅਰਬ ਦੇ ਯੁਵਰਾਜ ਮੁਹੰਮਦ ਬਿਨ ਸਲਮਾਨ, ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼ੇਖ ਤਹਨੂਨ ਬਿਨ ਜਾਏਦ ਅਲ ਨਾਹਯਾਨ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਮੁਲਾਕਾਤ ਕੀਤੀ।'



# ਅਮਰੀਕਾ ਦੇ ਟੈਕਸਾਸ ਰਾਜ ਵਿਚ ਕਾਰ ਲੋਕਾਂ 'ਤੇ ਚੜ੍ਹੀ, 7 ਮੌਤਾਂ, ਡਰਾਈਵਰ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿਚ ਬਰਾਊਨਸਵਿਲੇ ਵਿਖੇ ਇਕ ਤੇਜ ਰਫਤਾਰ ਐਸ ਯੂ ਵੀ ਕਾਰ ਪ੍ਰਵਾਸੀਆਂ ਦੀ ਰਿਹਾਇਸ਼ ਦੇ ਨੇੜੇ ਬੱਸ ਸਟਾਪ 'ਤੇ ਖੜੇ ਲੋਕਾਂ ਵਿਚ ਜਾ ਵੱਜੀ ਜਿਸੇ ਦੇ ਸਿੱਟੇ ਵਜੋਂ 7 ਲੋਕਾਂ ਦੀ ਮੌਤ ਹੋ ਗਈ। ਬਰਾਊਨਸਵਿਲੇ ਪੁਲਿਸ ਦੇ ਜਾਂਚਕਾਰ ਮਾਰਟਿਨ ਸੈਂਡੋਵਲ ਨੇ ਕਿਹਾ ਹੈ ਕਿ ਇਹ ਹਾਦਸਾ ਸਵੇਰੇ 8.30 ਵਜੇ ਵਾਪਰਿਆ। ਉਨ੍ਹਾਂ ਕਿਹਾ ਕਿ ਇਹ ਮਹਿਜ ਇਕ ਹਾਦਸਾ ਹੈ ਜਾਂ ਜਾਣਬੁਝ ਕੇ ਕੀਤਾ ਗਿਆ ਹਾਦਸਾ ਹੈ, ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ 3 ਗੱਲਾਂ ਹੋ ਸਕਦੀਆਂ ਹਨ। ਪਹਿਲਾ ਡਰਾਈਵਰ ਨਸ਼ੇ ਵਿਚ ਹੋ ਸਕਦਾ ਹੈ, ਦੂਸਰਾ ਅਚਾਨਕ ਵਾਪਰਿਆ ਹਾਦਸਾ ਹੋ ਸਕਦਾ ਜਾਂ ਫਿਰ ਗਿਣੀਮਿੱਥੀ ਯੋਜਨਾ ਤਹਿਤ ਇਹ ਹਾਦਸਾ ਕੀਤਾ ਗਿਆ ਹੈ। ਉਨਾਂ ਕਿਹਾ ਹੈ ਕਿ ਡਰਾਈਵਰ ਨੂੰ ਲਾਪਰਵਾਹੀ ਨਾਲ



ਗੱਡੀ ਚਲਾਉਣ ਦੇ ਦੋਸ਼ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਹੋਣ ਦੀ ਸੰਭਾਵਨਾ ਹੈ। ਡਰਾਈਵਰ ਕਾਰ ਵਿਚ ਇਕੱਲਾ ਹੀ ਸੀ ਜੋ ਇਸ ਸਮੇ ਜਖਮੀ ਹਾਲਤ ਵਿਚ ਇਲਾਜ਼ ਅਧੀਨ ਹੈ। ਪੁਲਿਸ ਨੇ ਡਰਾਈਵਰ ਦਾ ਨਾਂ ਜਨਤਿਕ ਨਹੀਂ ਕੀਤਾ ਹੈ।

# ਅਮਰੀਕਾ 'ਚ ਗੋਲੀਬਾਰੀ ਦੌਰਾਨ ਜਾਨ ਗੁਆਉਣ ਵਾਲੀ ਭਾਰਤੀ ਇੰਜੀਨੀਅਰ ਦੀ ਮ੍ਰਿਤਕ ਦੇਹ ਲਿਆਂਦੀ ਜਾਵੇਗੀ ਭਾਰਤ

ਹਿਊਸਟਨ : ਹਿਊਸਟਨ ਵਿਚ ਭਾਰਤੀ ਵਣਜ ਦੂਤਘਰ, ਸ਼ਨੀਵਾਰ ਨੂੰ ਟੈਕਸਾਸ ਦੇ ਮਾਲ ਵਿਚ ਹੋਈ ਗੋਲੀਬਾਰੀ ਵਿਚ ਜਾਨ ਗੁਆਉਣ ਵਾਲੀ ਭਾਰਤੀ ਇੰਜੀਨੀਅਰ ਐਸ਼ਵਰਿਆ ਥਥੀਕੋਂਡਾ ਦੀ ਲਾਸ਼ ਉਨ੍ਹਾਂ ਦੇ ਪਰਿਵਾਰ ਨੂੰ ਸੌਂਪਣ ਲਈ ਕਾਗਜ਼ੀ ਕਾਰਵਾਈ ਪੂਰੀ ਕਰਨ ਵਿਚ ਰਿਸ਼ਤੇਦਾਰਾਂ ਦੀ ਮਦਦ ਕਰ ਰਿਹਾ ਹੈ। ਨਾਲ ਹੀ ਦੂਤਘਰ ਨੇ ਇਹ ਵੀ ਪੁਸ਼ਟੀ ਕੀਤੀ ਕਿ ਇਸ ਦੁਖ਼ਦ ਘਟਨਾ ਵਿਚ 2 ਭਾਰਤੀ ਜ਼ਖ਼ਮੀ ਵੀ ਹੋਏ ਹਨ। ਮੈਕਕਿਨੀ ਨਿਵਾਸੀ ਐਸ਼ਵਰਿਆ (26) ਆਪਣੇ ਇਕ ਦੋਸਤ ਨਾਲ ਮਾਲ ਵਿਚ ਖ਼ਰੀਦਦਾਰੀ ਕਰ ਰਹੀ ਸੀ, ਜਦੋਂ ਡਲਾਸ ਵਿਚ ਏਲੇਨ ਆਊਟਲੇਟਸ ਵਿਚ ਬੰਦੂਕਧਾਰੀ ਮੌਰੀਸਿਓ ਗਾਰਸੀਆ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਗੋਲੀਬਾਰੀ ਸ਼ਨੀਵਾਰ ਦੁਪਹਿਰ ਕਰੀਬ 3:30 ਵਜੇ ਹੋਈ ਅਤੇ ਉਸ ਸਮੇਂ ਮਾਲ ਦੇ ਬਾਹਰੀ ਹਿੱਸੇ ਵਿਚ ਖ਼ਰੀਦਦਾਰਾਂ ਦੀ ਭੀੜ ਜਮ੍ਹਾ ਹੋ ਗਈ ਸੀ। ਗੋਲੀਬਾਰੀ ਵਿਚ ਘੱਟੋ-ਘੱਟ 8 ਲੋਕ ਮਾਰੇ ਗਏ ਸਨ ਅਤੇ ਹਮਲਾਵਰ ਮੌਰੀਸਿਓ ਗਾਰਸੀਆ (33) ਵੀ ਪੁਲਸ ਹੱਥੋਂ ਮਾਰਿਆ ਗਿਆ ਸੀ। ਭਾਰਤ ਦੇ ਤੇਲੰਗਾਨਾ ਸੂਬੇ ਵਿਚ ਰਾਂਗਾ ਰੈੱਡੀ ਜ਼ਿਲ੍ਹਾ ਅਦਾਲਤ ਵਿਚ ਜ਼ਿਲ੍ਹਾ ਜੱਜ ਦੀ ਧੀ ਐਸ਼ਵਰਿਆ ਪਰਫੈਕਟ ਜਨਰਲ ਕੰਟਰੈਕਟਰਜ਼ ਐੱਲ.ਐੱਲ.ਸੀ.ਵਿਚ ਪ੍ਰੋਜੈਕਟ ਮੈਨੇਜਰ ਸੀ।



ਹਿਊਸਟਨ ਵਿਚ ਭਾਰਤੀ ਵਣਜ ਦੂਤਘਰ ਐਸ਼ਵਰਿਆ ਦੇ ਅਤੇ ਗੋਲੀਬਾਰੀ ਵਿਚ ਜ਼ਖ਼ਮੀ 2 ਹੋਰ ਭਾਰਤੀਆਂ ਦੇ ਪਰਿਵਾਰਾਂ ਦੇ ਸੰਪਰਕ ਵਿਚ ਹੈ। ਤੇਲਗੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ ਦੇ ਨੇਤਾ ਅਸ਼ੋਕ ਕੋਲਾ ਥਥੀਕੋਂਡਾ ਦੀ ਲਾਸ਼ ਨੂੰ ਭਾਰਤ ਭੇਜਣ ਦੀ ਵਿਵਸਥਾ ਕਰ ਰਹੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ





Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕੀ ਰਾਸ਼ਟਰਪਤੀ ਬਾਈਡੇਨ ਨੇ ਅਜੇ ਬੰਗਾ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਚੁਣੇ ਜਾਣ ਤੇ ਦਿੱਤੀ ਵਧਾਈ



ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਅਜੇ ਬੰਗਾ ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਹੈ। ਬਾਈਡੇਨ ਨੇ ਇਹ ਵੀ ਕਿਹਾ ਕਿ ਉਹ ਗਰੀਬੀ ਘਟਾਉਣ ਅਤੇ ਜਲਵਾਯੂ ਸਮੇਤ ਵਿਸ਼ਵ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਵਿਸ਼ਵ ਬੈਂਕ ਨੂੰ ਬਦਲਣ ਲਈ ਬੰਗਾ ਦੇ ਯਤਨਾਂ ਦਾ ਸਮਰਥਨ ਕਰਨ ਦੀ ਉਮੀਦ ਕਰ ਰਿਹਾ ਹੈ। ਇਕ ਟਵੀਟ ਵਿਚ ਬਾਈਡੇਨ ਨੇ ਕਿਹਾ ਕਿ ਮੇਰੇ ਨਾਮਜ਼ਦ ਵਿਅਕਤੀ, ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਬਣਨ 'ਤੇ ਵਧਾਈ। ਮੈਂ ਅਜੈ ਨਾਲ ਉਸਦੀ ਨਵੀਂ ਭੂਮਿਕਾ ਵਿੱਚ ਕੰਮ ਕਰਨ, ਅਤੇ ਗਰੀਬੀ ਨੂੰ ਘਟਾਉਣ ਅਤੇ ਜਲਵਾਯੂ ਸਮੇਤ ਵਿਸ਼ਵ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਵਿਸ਼ਵ ਬੈਂਕ ਨੂੰ ਬਦਲਣ ਦੇ ਉਨ੍ਹਾਂ ਦੇ ਯਤਨਾਂ ਦਾ ਸਮਰਥਨ ਕਰਨ ਲਈ ਉਤਸੁਕ ਹਾਂ।

ਇਸ ਤੋਂ ਪਹਿਲਾਂ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਭਾਰਤ ਵਿੱਚ ਜਨਮੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਸੀ। ਬੰਗਾ ਦੇ ਪਿਛਲੇ ਕੰਮ ਲਈ ਸ਼ਲਾਘਾ ਕਰਦੇ ਹੋਏ ਹੈਰਿਸ ਨੇ ਟਵੀਟ ਕੀਤਾ ਕਿ ਅਜੈ ਬੰਗਾ ਨੂੰ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਚੁਣੇ ਜਾਣ 'ਤੇ ਵਧਾਈ। ਅਜੈ ਮੱਧ ਅਮਰੀਕਾ ਵਿੱਚ ਸਾਡੇ ਕੰਮ ਵਿੱਚ ਇੱਕ ਅਦੁੱਤੀ ਭਾਈਵਾਲ ਰਿਹਾ ਹੈ।

ਬੁੱਧਵਾਰ ਨੂੰ ਬੰਗਾ ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਚੁਣ ਲਿਆ ਗਿਆ। ਇੱਕ 25-ਮੈਂਬਰੀ ਕਾਰਜਕਾਰੀ ਬੋਰਡ ਨੇ ਸਾਬਕਾ ਮਾਸਟਰਕਾਰਡ ਸੀਈਓ ਦੀ ਚੋਣ ਕੀਤੀ, ਜਿਸ ਨੂੰ ਫਰਵਰੀ ਦੇ ਅਖੀਰ ਵਿੱਚ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਇਸ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ। ਬੋਰਡ ਵੱਲੋਂ ਪੰਜ ਸਾਲ ਦੇ ਕਾਰਜਕਾਲ ਲਈ ਉਨ੍ਹਾਂ ਦੀ ਅਗਵਾਈ ਨੂੰ ਮਨਜ਼ੂਰੀ ਦੇਣ ਲਈ ਵੋਟ ਦਿੱਤੇ ਜਾਣ ਤੋਂ ਤੁਰੰਤ ਬਾਅਦ ਪ੍ਰਕਾਸ਼ਿਤ ਇੱਕ ਬਿਆਨ ਵਿੱਚ ਬੈਂਕ ਨੇ ਕਿਹਾ ਕਿ ਬੋਰਡ ਬੰਗਾ ਨਾਲ ਵਿਸ਼ਵ ਬੈਂਕ ਸਮੂਹ ਵਿਕਾਸ ਪ੍ਰਕਿਰਿਆ 'ਤੇ ਕੰਮ ਕਰਨ ਲਈ ਉਤਸੁਕ ਹੈ। ਇੱਕ ਵਿੱਤ ਅਤੇ ਵਿਕਾਸ ਮਾਹਰ ਬੰਗਾ 2 ਜੂਨ ਨੂੰ ਇਹ ਅਹੁਦਾ ਸੰਭਾਲਣਗੇ। ਉਹ ਵਿਸ਼ਵ ਬੈਂਕ ਦੇ ਵਿਦਾ ਹੋਣ ਵਾਲੇ ਮੁਖੀ ਡੇਵਿਡ ਮਾਲਪਾਸ ਦੀ ਥਾਂ ਲੈਣ ਦੇ ਇਕਲੌਤੇ ਦਾਅਵੇਦਾਰ ਸਨ, ਜਿਨ੍ਹਾਂ ਦਾ ਕਾਰਜਕਾਲ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਖ਼ਤਮ ਹੋ ਰਿਹਾ ਹੈ। ਪ੍ਰਕਿਰਿਆ ਤੋਂ ਜਾਣੂ ਸੂਤਰਾਂ ਨੇ ਕਿਹਾ ਕਿ ਬੰਗਾ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਕਈ ਮੀਟਿੰਗਾਂ ਅਤੇ ਸੋਮਵਾਰ ਨੂੰ ਇੱਕ ਰਸਮੀ ਇੰਟਰਵਿਊ ਤੋਂ ਬਾਅਦ ਬੋਰਡ ਦੀ ਮਨਜ਼ੂਰੀ ਹਾਸਲ ਕੀਤੀ।

# ਸਿੱਖ ਰਾਈਡਰਜ ਵੱਲੋਂ ਟੈਕਸਾਸ ਵਿਖੇ ਕਰਵਾਈ ਨੌਵੀ ਸਲਾਨਾਂ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ



ਡੈਲਸ (ਟੈਕਸਾਸ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਹਫਤੇ ਬਿੱਡਫੋਰਡ ਟੈਕਸਾਸ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਨੌਵੀਂ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਹ ਬਾਈਕ ਰੈਲੀ ਸਾਈਕਲ ਗੇਅਰ ਡੀਲਰਸ਼ਿੱਪ ਬਿੱਡਫਰਡ ਤੋਂ ਪੰਜਾਬੀ ਵਿੱਚ ਅਰਦਾਸ ਤੇ ਗੋਰਿਆਂ ਵੱਲੋਂ ਪਰੇਅਰ ਕਰਕੇ ਸੁਰੂ ਕੀਤੀ ਗਈ 'ਤੇ ਤੀਹ ਮੀਲਾਂ ਦਾ ਸਫਰ ਤਹਿ ਕਰਕੇ ਸਟੋਰਕਸ ਪਲੇਸ ਡੈਲਸ ਵਿੱਖੇ ਸਮਾਪਤ ਹੋਈ। ਇਸ ਰੈਲੀ ਨੂੰ ਫਰੀਵੇਅ ਬੰਦ ਕਰਕੇ ਅਰਵਿੰਗ ਪੁਲਿਸ ਦੁਆਰਾ ਐਸਕੋਰਟ ਕਰਕੇ ਬਿੱਡਫਰਡ ਤੋਂ ਡੈਲਸ ਲਿਜਾਇਆ ਗਿਆ। ਇਸ ਰੈਲੀ ਵਿੱਚ 250 ਤੋਂ ਵੱਧ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ, ਸੈਂਕੜਿਆ ਦੇ ਹਿਸਾਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਂਨ ਲੋਕਲ ਚੈਰਟੀਆਂ ਲਈ ਹਜ਼ਾਰਾਂ ਡਾਲਰ ਦਾ ਫੰਡ ਵੀ ਦਿੱਤਾ ਗਿਆ । ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ।।

# ਅਮਰੀਕੀ ਰਾਸ਼ਟਰਪਤੀ ਵਲੋਂ ਭਾਰਤੀ ਅਮਰੀਕੀ ਨੀਰਾ ਟੰਡਨ ਆਪਣੀ ਸਲਾਹਕਾਰ ਵਜੋਂ ਨਾਮਜ਼ਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਭਾਰਤੀ ਮੂਲ ਦੀ ਅਮਰੀਕੀ ਨਾਗਰਕ ਨੀਰਾ ਟੰਡਨ ਨੂੰ ਘਰੇਲੂ ਨੀਤੀ ਸਲਾਹਕਾਰ ਵਜੋਂ ਨਾਮਜ਼ਦ ਕੀਤਾ ਹੈ ਜੋ ਰਾਸ਼ਟਰਪਤੀ ਦੀ ਦੇਸ਼ ਵਿਚ ਨੀਤੀ ਏਜੰਡਾ ਤਿਆਰ ਤੇ ਲਾਗੂ ਕਰਨ ਵਿਚ ਮਦਦ ਕਰੇਗੀ।

ਟੰਡਨ ਸੁਸਾਨ ਰਾਈਸ ਦਾ ਸਥਾਨ ਲਵੇਗੀ ਜੋ ਇਹ ਅਹੁਦਾ ਛੱਡ ਗਈ ਹੈ। ਰਾਸ਼ਟਰਪਤੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੇਰੀ ਘਰੇਲੂ ਨੀਤੀ ਤਿਆਰ ਤੇ ਉਸ ਉਪਰ ਅਮਲ ਕਰਨ ਵਿੱਚ ਟੰਡਨ ਸਹਾਇਤਾ ਕਰੇਗੀ। ਉਨਾਂ ਕਿਹਾ ਹੈ ਕਿ ਟੰਡਨ ਨੂੰ ਜਨਤਿਕ ਨੀਤੀ ਸਬੰਧੀ 25 ਸਾਲ ਦਾ ਤਜ਼ਰਬਾ ਹੈ ਤੇ ਉਸ ਨੇ 3 ਰਾਸ਼ਟਰਪਤੀਆਂ ਨਾਲ ਕੰਮ ਕੀਤਾ ਹੈ।




American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway,Lathrop,CA 95330

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਭਾਰਤੀ-ਅਮਰੀਕੀ ਸਿੱਖ ਵਿਦਿਆਰਥੀ ਨੇ ਮਾਣਹਾਨੀ ਦਾ ਕੇਸ ਜਿੱਤਿਆ


ਰਣਦੀਪ ਸਿੰਘ ਹੋਤੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂਨੀਵਰਸਿਟੀ ਆਫ ਮਿਸ਼ੀਗਨ ਦੇ ਵਿਦਿਆਰਥੀ ਇਕ ਸਿੱਖ ਵਿਦਿਆਰਥੀ ਵੱਲੋਂ ਟੈਲਸਾ ਦੇ ਸੀ ਈ ਓ ਐਲਨ ਮਸਕ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਜਿੱਤ ਲੈਣ ਦੀ ਖਬਰ ਹੈ। ਉੱਤਰੀ ਕੈਲੀਫੋਰਨੀਆ ਵਾਸੀ ਰਣਦੀਪ ਸਿੰਘ ਹੋਤੀ ਯੂਨੀਵਰਸਿਟੀ ਵਿਚ ਏਸ਼ੀਅਨ ਭਾਸ਼ਾਵਾਂ ਤੇ ਸਭਿਆਚਾਰ ਵਿਚ ਡਾਕਟਰੇਟ ਕਰ ਰਿਹਾ ਹੈ। ਉਸ ਨੇ ਮਸਕ ਵਿਰੁੱਧ 2020 ਵਿਚ ਮਾਣਹਾਨੀ ਕੇਸ ਦਾਇਰ ਕੀਤਾ ਸੀ ਜਿਸ ਵਿਚ ਉਸ ਨੇ ਦੋਸ਼ ਲਾਇਆ ਸੀ ਕਿ ਅਰਬਪਤੀ ਮਸਕ ਨੇ ਉਸ ਉਪਰ ਤੰਗ-ਪ੍ਰੇਸ਼ਾਨ ਕਰਨ ਤੇ ਟੈਲਸਾ ਮੁਲਾਜ਼ਮਾਂ ਦੀ ਸੰਭਾਵੀ ਹੱਤਿਆ ਕਰਨ ਦੇ ਝੂਠੇ ਦੋਸ਼ ਲਾਏ ਹਨ। ਲੰਬੀ ਤੇ ਗੁੰਝਲਦਾਰ ਕਾਨੂੰਨੀ ਲੜਾਈ ਤੋਂ ਬਾਅਦ ਆਖਰਕਾਰ ਮਸਕ ਮਾਮਲਾ ਨਿਪਟਾਉਣ ਲਈ ਸਹਿਮਤ ਹੋ ਗਿਆ। ਉਸ ਨੇ ਮਾਮਲਾ ਨਿਪਟਾਉਣ ਲਈ 10000 ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਜੋ ਰਣਦੀਪ ਹੋਤੀ ਨੇ ਪ੍ਰਵਾਨ ਕਰ ਲਈ। ਰਣਦੀਪ ਹੋਤੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਮਾਮਲਾ ਪ੍ਰਸਿੱਧੀ ਖੱਟਣ ਜਾਂ ਪੈਸੇ ਲਈ ਨਹੀਂ ਸੀ ਕੀਤਾ ਗਿਆ ਬਲਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਲੜਾਈ ਸੀ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਮਾਲ 'ਚ ਹੋਈ ਗੋਲੀਬਾਰੀ ਵਿਚ 8 ਮੌਤਾਂ, 7 ਜ਼ਖਮੀ



ਏਲਨ ਵਿਖੇ ਮਾਲ ਦੇ ਬਾਹਰ ਇਕੱਤਰ ਲੋਕ ਤੇ ਨਜਰ ਆ ਰਿਹਾ ਇਕ ਪੁਲਿਸ ਅਫਸਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਵਿਚ ਡਲਾਸ ਨੇੜੇ ਏਲਨ ਵਿਖੇ ਇਕ ਆਊਟਲੈਟ ਮਾਲ ਵਿਚ ਅਣਪਛਾਤੇ ਹਮਲਾਵਰ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 8 ਵਿਅਕਤੀਆਂ ਦੀ ਮੌਤ ਹੋ ਗਈ ਤੇ 7 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਹਮਲਾਵਰ ਇਕੱਲਾ ਹੀ ਸੀ ਤੇ ਉਹ ਵੀ ਜਵਾਬੀ ਕਾਰਵਾਈ ਵਿਚ ਮਾਰਿਆ ਗਿਆ। ਏਲਨ,ਟੈਕਸਾਸ ਦੇ ਫਾਇਰ ਚੀਫ ਜੋਨਾਥਨ ਬਾਇਡ ਨੇ ਕਿਹਾ ਹੈ ਕਿ 9 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਨਾਂ ਵਿਚੋਂ 2 ਦਮ ਤੋੜ ਗਏ ਜਦ ਕਿ 3 ਦੀ ਹਾਲਤ ਗੰਭੀਰ ਹੈ ਤੇ 4 ਸਥਿੱਰ ਹਾਲਤ ਵਿਚ ਹਨ। 6 ਵਿਅਕਤੀਆਂ ਦੀ ਮੌਤ ਮੌਕੇ ਉਪਰ ਹੀ ਹੋ ਗਈ ਸੀ। ਡਲਾਸ ਖੇਤਰ ਦੇ ਇਕ ਮੈਡੀਕਲ ਗਰੁੱਪ ਅਨੁਸਾਰ ਹੋਰਨਾਂ ਤੋਂ ਇਲਾਵਾ ਉਨ੍ਹਾਂ ਦੇ ਇਲਾਜ਼ ਅਧੀਨ ਸਭ ਤੋਂ ਛੋਟੀ ਉਮਰ ਦਾ ਇਕ 5 ਸਾਲ ਦਾ ਬੱਚਾ ਵੀ ਸ਼ਾਮਿਲ ਹੈ। ਪੁਲਿਸ ਅਫਸਰ ਦੁਪਹਿਰ ਬਾਅਦ ਗੋਲੀਬਾਰੀ ਦੀ ਸੂਚਨਾ ਮਿਲਣ 'ਤੇ ਏਲਨ ਪ੍ਰੀਮੀਅਮ ਆਊਟਲੈਟਸ ਵਿਖੇ ਪੁੱਜੇ ਜਿਥੇ ਅਫਰਾਤਫਰੀ ਦਾ ਮਾਹੌਲ ਸੀ। ਗਾਹਕ ਤੇ ਮਾਲ ਦੇ ਵਰਕਰ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਰਹੇ ਸਨ। ਲੋਕਾਂ ਨੂੰ ਜਿਥੇ ਥਾਂ ਮਿਲੀ ਉਥੇ ਹੀ ਸਹਿਮੀ ਹਾਲਤ ਵਿਚ ਲੁਕ ਗਏ। ਪੁਲਿਸ ਦਾ ਕਹਿਣਾ ਹੈ ਕਿ ਹਮਲਾਵਰ ਇਕੱਲਾ ਹੀ ਸੀ ਜਿਸ ਨੂੰ ਏਲਨ ਪੁਲਿਸ ਵਿਭਾਗ ਦੇ ਇਕ ਅਫਸਰ ਨੇ ਮਾਰ ਮੁਕਾਇਆ। ਮਾਲ ਨੂੰ ਖਾਲੀ ਕਰਵਾ ਲਿਆ ਗਿਆ ਹੈ ਤੇ ਫਿਲਹਾਲ ਉਸ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲਿਸ ਨੇ ਅਜੇ ਤੱਕ ਮਾਰੇ ਗਏ ਲੋਕਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ ਤੇ ਨਾ ਹੀ ਅਜੇ ਤੱਕ ਸ਼ੱਕੀ ਹਮਲਾਵਰ ਦੀ ਪਛਾਣ ਹੋਈ ਹੈ।

# ਓਕਲਾਹੋਮਾ ਵਿਚ ਸੈਕਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਵਿਅਕਤੀ ਨੇ ਆਪਣੀ ਪਤਨੀ ਤੇ 3 ਬੱਚਿਆਂ ਨੂੰ ਮਾਰਨ ਉਪਰੰਤ ਕੀਤੀ ਆਤਮਹੱਤਿਆ- ਪੁਲਿਸ ਦਾ ਦਾਅਵਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਪੁਲਿਸ ਨੇ ਬੀਤੇ ਦਿਨ ਓਕਲਾਹੋਮਾ ਦੇ ਹੈਨਰੀਏਟਾ ਸ਼ਹਿਰ ਦੇ ਇਕ ਘਰ ਵਿਚ ਮਿਲੀਆਂ 7 ਲਾਸ਼ਾਂ ਬਾਰੇ ਸਪੱਸ਼ਟ ਕੀਤਾ ਹੈ ਕਿ ਇਹ ਲਾਸ਼ਾਂ ਇਕ ਸੈਕਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜੈਸ ਮੈਕਫਾਡਨ , ਉਸ ਦੀ ਪਤਨੀ, ਉਸ ਦੇ 3 ਬੱਚਿਆਂ ਤੇ ਦੋ ਨਬਾਲਗ ਕੁੜੀਆਂ ਦੀਆਂ ਹਨ। ਪੁਲਿਸ ਅਨੁਸਾਰ ਮੈਕਫਾਡਨ ਨੇ ਆਪਣੀ ਪਤਨੀ,ਉਸ ਦੇ 3 ਬੱਚਿਆਂ ਤੇ 2 ਨਬਾਲਗ ਕੁੜੀਆਂ ਦੀਆਂ ਹੱਤਿਆਵਾਂ ਕਰਨ ਉਪਰੰਤ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁੱਸ਼ੀ ਕੀਤੀ ਹੈ। ਮ੍ਰਿਤਕਾਂ ਵਿਚ ਮੈਕਫਾਡਨ ਤੋਂ ਇਲਾਵਾ ਹੋਲੀ ਮੈਕਫਾਡਨ (35), ਰੀਲੀ ਐਲਨ (17), ਮਾਈਕਲ ਮੇਯੋ (15) ਟਿਫਨੀ ਗੈਸ (13), ਈਵੀ ਵੈਬਸਟਰ (14) ਤੇ ਬ੍ਰਿਟਨੀ ਬਰੀਵਰ (16) ਸ਼ਾਮਿਲ ਹਨ। ਈਵੀ ਵੈਬਸਟਰ ਤੇ ਬ੍ਰਿਟਨੀ ਬਰੀਵਰ ਸੋਮਵਾਰ ਤੋਂ ਲਾਪਤਾ ਸਨ । ਓਕਮੁਗਲੀ ਪੁਲਿਸ ਮੁਖੀ ਜੋਇ ਪ੍ਰੈਨਟਿਸ ਅਨੁਸਾਰ ਇਹ ਦੋਨੋਂ ਕੁੜੀਆਂ ਟਿਫਨੀ ਗੈਸ ਦੀਆਂ ਦੋਸਤ ਸਨ। ਘਰ ਨਾ ਪਹੁੰਚਣ ਕਾਰਨ ਸੋਮਵਾਰ ਨੂੰ ਇਨਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ।

# ਅਮਰੀਕਾ ਦੀ ਯੂਨੀਵਰਸਿਟੀ ਵਿੱਚ ਮਨਾਈ ਗਈ ਵਿਸਾਖੀ, ਸਜਾਈਆਂ ਗਈਆਂ ਦਸਤਾਰਾਂ

## ਯੂਨੀਵਰਸਿਟੀ ਵਿਖੇ "ਬਰਥ ਆਫ ਖਾਲਸਾ ਐਂਡ ਹਾਰਵੈਸਟ ਫੈਸਟੀਵਲ, ਵਿਸਾਖੀ" ਪ੍ਰੋਗਰਾਮ ਦਾ ਆਯੋਜਨ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ (ਹਾਰਵੈਸਟ ਫੈਸਟੀਵਲ) ਨੂੰ ਸਮਰਪਿਤ ਵਿਸਾਖੀ ਅਮਰੀਕਾ ਦੇ ਓਹਾਈਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਟੀ ਵਿਖੇ ਮਨਾਈ ਗਈ। ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਮੌਜੂਦਾ ਅਤੇ ਸਾਬਕਾ ਸਿੱਖ ਵਿਦਿਆਰਥੀਆਂ, ਏਸ਼ੀਅਨ ਸਟੂਡੈਂਟ ਐਸੋਸੀਏਸ਼ਨ (ਏਐਸਏ), ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਵਿਆਹ ਸ਼ਾਦੀ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਰਬਾਬ ਆਦਿ ਦੀ ਵੀ ਨੁਮਾਇਸ਼ ਕੀਤੀ ਗਈ। ਦਰਸ਼ਕਾਂ ਨੇ ਭਾਈ ਘਨੱਈਆ, ਸਿੱਖ ਯੋਧਿਆਂ ਅਤੇ ਪਗੜੀਆਂ ਦੇ ਵਿਭਿੰਨ ਸਰੂਪਾਂ ਦੀਆਂ ਤਸਵੀਰਾਂ ਨੂੰ ਸਭ ਤੋਂ ਜ਼ਿਆਦਾ ਪਸੰਦ ਕੀਤਾ।

ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਮਹਿਮਾਨਾਂ ਲਈ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿੱਚ ਮਹਿਮਾਨਾਂ ਨੇ ਦਸਤਾਰ ਬੰਨਣ ਦਾ ਅਨੁਭਵ ਕੀਤਾ। ਉਹਨਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਸਜਾ ਕੇ ਘੁੰਮਦੇ ਰਹੇ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਸਮਾਗਮ ਦੇ ਮੁੱਖ ਬੁਲਾਰੇ ਅਸੀਸ ਕੌਰ ਨੇ ਸਿੱਖ ਧਰਮ, ਵਿਸਾਖੀ ਦੀ ਮਹੱਤਤਾ ਅਤੇ ਖਾਲਸੇ ਦੇ ਸਾਜਨਾ ਸੰਬੰਧੀ ਸੰਖੇਪ ਵਿੱਚ ਆਏ ਹੋਏ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਕਮਿਊਨਿਟੀ ਕਾਰਕੁਨ, ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਅਤੇ ਸਿੱਖ ਸਭਿਆਚਾਰ ਦੇ ਗੌਰਵ ਮਈ ਵਿਰਸੇ ਤੋਂ ਜਾਣੂ ਕਰਾਉਣਾ ਸੀ। ਏਐਸਏ ਦੇ ਪ੍ਰਧਾਨ ਰਿਆਨ ਡਿਆਜ਼ ਅਤੇ ਯੂ.ਸੀ.ਆਈ.ਈ. ਦੇ ਪ੍ਰੋਗਰਾਮ ਕੋਆਰਡੀਨੇਟਰ ਜੇਸੀ ਮਾਕੋਵਸਕੀ, ਨੇ ਇਸ ਸਮਾਗਮ ਦੇ ਆਯੋਜਨ 'ਤੇ ਪ੍ਰਸ਼ੰਸਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਸਿੱਖ ਧਰਮ ਬਾਰੇ ਡੂੰਘੀ ਸਮਝ ਪ੍ਰਾਪਤ ਕਰਨ ਅਤੇ ਸਾਡੇ ਅਮਰੀਕਾ ਦੇ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਅਮੀਰੀ ਨੂੰ ਯਾਦ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਨੂੰ ਆਯੋਜਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।

ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਵਾਲੇ ਯੂਨੀਵਰਸਿਟੀ ਦੇ ਵਿਦਿਆਰਥੀ ਗੁਰਵੀਰ ਸਿੰਘ ਨੇ ਕੇਸ ਅਤੇ ਦਸਤਾਰ ਸਜਾ ਕੇ ਆਪਣੇ ਧਰਮ ਅਤੇ ਦੇਸ਼ ਦੋਵਾਂ ਦੀ ਸੇਵਾ ਕਰਨ ਲਈ ਅਮਰੀਕਾ ਦਾ ਧੰਨਵਾਦ ਕੀਤਾ। ਸਿੱਖ ਸੁਸਾਇਟੀ ਆਫ ਡੇਟਨ ਸੇਵਾਦਾਰ ਕਮੇਟੀ ਦੇ ਸਕੱਤਰ ਪਿਆਰਾ ਸਿੰਘ ਸੈਂਭੀ ਨੇ ਸਿੱਖ ਵਿਦਿਆਰਥੀਆਂ ਨੂੰ ਇਸ ਸਮਾਗਮ ਦੀ ਮੇਜ਼ਬਾਨੀ ਲਈ ਵਧਾਈ ਦਿੱਤੀ ਅਤੇ ਆਏ ਹੋਏ ਮਹਿਮਾਨਾਂ ਨੂੰ ਡੇਟਨ ਗੁਰਦੁਆਰਾ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ।

# ਪੀਸੀਏ ਫਰਿਜਨੋ ਦੀ ਵਿਸਾਖੀ ਨਾਈਟ ਤੇ ਵਾਰਸ ਭਾਰਾਵਾ ਨੇ ਕਰਵਾਈ ਬਹਿਜਾ ਬਹਿਜਾ..!




ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ - ਸਥਾਨਿਕ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਨਦਾਰ ਵਿਸਾਖੀ ਨਾਈਟ ਟਾਵਰ ਥੇਇਟਰ ਫਰਿਜਨੋ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਦਰਸ਼ਕਾਂ ਨਾਲ ਖਚਾਖਚ ਭਰੇ ਹੋਏ ਹਾਲ ਅੰਦਰ ਸਟੇਜ ਦੀ ਸ਼ੁਰੂਆਤ ਸਟੇਜਾ ਦੀ ਮਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਨਿੱਘੀ ਜੀ ਕਹਿੰਦਿਆ ਸ਼ਾਇਰਾਨਾ ਅੰਦਾਜ਼ ਵਿੱਚ ਕੀਤੀ।

ਸ਼ੋਅ ਦੀ ਸੁਰੂਆਤ ਵਾਰਿਸ ਭਰਾਵਾਂ, ਮਨਮੋਹਣ ਵਾਰਸ, ਕਮਲ ਹੀਰ, ਅਤੇ ਸੰਗਤਾਰ ਨੇ ਪਿਸਟਲ ਤਾਂ ਮਿਲਣ ਬਜ਼ਾਰੋਂ, ਜਿਗਰੇ ਨਾ ਮਿਲਦੇ ਬਈ ਆਦਿ ਸੱਭਿਅਕ ਗੀਤ ਗਾਕੇ ਕੀਤੀ। ਉਪਰੰਤ ਸੰਗਤਾਰ, ਨੇ ਆਪਣੇ ਗੀਤ ਈ-ਮੇਲਾ ਤੇਰੀਆਂ ਡਲੀਟ ਹੋ ਗਈਆਂ ਗਾਕੇ ਆਪਣੇ ਸੁਰੀਲੇ ਬੋਲਾਂ ਨਾਲ ਸ੍ਰੋਤਿਆਂ ਨੂੰ ਮੰਤਰ ਮੁੱਗਧ ਕੀਤਾ । ਇਸ ਪਿੱਛੋਂ ਵਾਰੀ ਆਈ "ਕੁੜੀਏ ਨੀ ਸੱਗੀ ਫੁੱਲ ਵਾਲੀਏ "ਫੇਮ ਕਮਲ ਹੀਰ ਦੀ, ਜਿਸਨੇ ਨੇ ਆਪਣੇ ਨਵੇਂ ਪੁਰਾਣੇਂ ਗੀਤਾ ਦੀ ਐਸੀ ਛਹਿਬਰ ਲਾਈ ਕਿ ਦਰਸ਼ਕ ਮਿਆਰੀ ਗਾਇਕੀ ਦਾ ਅਨੰਦ ਮਾਣਦੇ ਮਦਹੋਸ਼ ਹੋਏ ਕਿਸੇ ਵੱਖਰੀ ਮਸਤੀ ਵਿੱਚ ਨਜ਼ਰੀ ਪੈ ਰਹੇ ਸਨ।



ਅਖੀਰ ਵਿੱਚ ਇੰਤਜ਼ਾਰ ਦੀਆਂ ਘੜੀਆ ਖਤਮ ਹੋਈਆਂ ਤੇ ਸੁਰੀਲੇ ਗਾਇਕ ਮਨਮੋਹਨ ਵਾਰਿਸ ਨੇ ਆਪਣੇ ਦਮਦਾਰ ਅਤੇ ਸਦਾਬਹਾਰ ਗੀਤਾਂ ਨਾਲ ਮੇਲੇ ਨੂੰ ਚਰਮ ਸੀਮਾਂ ਤੱਕ ਪਹੁੰਚਾਇਆਂ ਤੇ ਉਹਨਾਂ ਜੀਅ ਜਾਨ ਨਾਲ ਗਾਇਆ ਤੇ ਆਪਣੇ ਬਹੁ-ਚਰਚਤ ਗੀਤ ਗਾਕੇ ਐਸੀ ਭੰਗੜੇ ਦੀ ਧਮਾਲ ਪਾਈ ਕਿ ਪੰਡਾਲ ਅੰਦਰ ਬੈਠੇ ਹਰ ਪੰਜਾਬੀ ਦੇ ਪੱਬ ਢੋਲ ਦੇ ਡੱਗੇ ਤੇ ਥਿਰਕਦੇ ਮਹਿਸੂਸ ਹੋ ਰਹੇ ਸਨ। ਅਤੇ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ ਚੜਾ ਦਿੱਤੀ।

ਇਸ ਮੌਕੇ ਪੀਸੀਏ ਟੀਮ ਵੱਲੋਂ ਆਪਣੇ ਸਮੂੰਹ ਸਪਾਂਸਰਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਅਤੇ ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਪੰਜਾਬੀ ਕਲਚਰਲ ਐਸੋਸ਼ੀਏਸ਼ਨ ਦੇ ਕੰਮਾਂ ਕਾਰਾਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ, ਉਹਨਾਂ ਪੀਸੀਏ ਵੱਲੋ ਸਾਰੇ ਹੀ ਸਪਾਂਸਰ ਅਤੇ ਦਰਸ਼ਕ ਵੀਰਾ ਦਾ ਮੇਲੇ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਆਸਟ ?ਰੇਲੀਆ ਤੋਂ ਪਹੁੰਚੇ ਸਕਿੱਚ ਆਰਟਿਸਟ ਰਾਜੀ ਮੁਸਾਵਰ ਨੇ ਵਾਰਿਸ ਭਰਾਵਾਂ ਦੇ ਸਕਿੱਚ ਉਹਨਾਂ ਨੂੰ ਸਟੇਜ ਤੋ ਭੇਂਟ ਕੀਤੇ। ਇਸ ਤਰਾਂ ਪੀਸੀਏ ਮੈਬਰਾਂ ਦੀ ਮਿਹਨਤ ਨਾਲ ਕਾਮਯਾਬੀ ਦੇ ਝੰਡੇ ਗੱਡਦਾ ਪੀਸੀਏ ਦੀ ਇਹ ਵਿਸਾਖੀ ਨਾਈਟ ਯਾਦਗਾਰੀ ਹੋ ਨਿਬੜੀ।


ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋ੍ਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਨ.ਫਰਤੀ ਭਾਸ਼ਣਾਂ 'ਤੇ ਸ.ਖ਼ਤੀ ਨਾਲ ਕਸੀ ਜਾਵੇ ਲਗਾਮ

ਹੇਟ ਸਪੀਚ ਯਾਨੀ ਨ.ਫ਼ਰਤ ਜਾ ਈਰਖਾ ਫੈਲਾਉਣ ਵਾਲੇ ਭਾਸ਼ਣਾਂ 'ਤੇ ਚੱਲ ਰਹੀ ਸੁਣਵਾਈ ਦੌਰਾਨ ਪਿਛਲੇ ਦਿਨੀਂ ਸਰਵਉੱਚ ਅਦਾਲਤ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਸੂਬਿਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਹਰ ਤਰ੍ਹਾਂ ਦੇ ਨ.ਫ਼ਰਤ ਭਰੇ ਭਾਸ਼ਣਾਂ ਦਾ ਖ਼ੁਦ ਨੋਟਿਸ ਲੈ ਕੇ ਕਾਰਵਾਈ ਕਰੇ। ਹੇਟ ਸਪੀਚ ਨੂੰ ਗੰਭੀਰ ਅਪਰਾਧ ਦੱਸਦਿਆਂ ਅਦਾਲਤ ਨੇ ਇਸ ਨੂੰ ਦੇਸ਼ ਦੀ ਧਰਮ ਨਿਰਪੱਖਤਾ ਲਈ ਵੱਡਾ ਖ਼ਤਰਾ ਦੱਸਿਆ ਹੈ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਦੀ ਦੋ ਮੈਂਬਰੀ ਬੈਂਚ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਜੇ ਸਬੰਧਤ ਸੂਬਿਆਂ ਦੀ ਪੁਲਿਸ ਅਜਿਹੇ ਮਾਮਲਿਆਂ 'ਚ ਐੱਫਆਈਆਰ ਦਰਜ ਨਹੀਂ ਕਰਦੀ ਤਾਂ ਇਹ ਸੁਪਰੀਮ ਕੋਰਟ ਦੀ ਹੱਤਕ ਹੋਵੇਗੀ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵੱਲੋਂ ਚੋਣ ਰੈਲੀ ਦੌਰਾਨ ਲਗਵਾਏ ਗਏ ਨਾਅਰੇ ਅਤੇ ਹਰਿਦੁਆਰ 'ਚ ਕਥਿਤ ਧਰਮ ਸੰਸਦ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਆਦਿ ਦਾਇਰ ਕੀਤੇ ਗਏ ਮੁਕੱਦਮਿਆਂ ਦਾ ਆਧਾਰ ਬਣੀਆਂ। ਬਾਅਦ 'ਚ ਵੱਖ-ਵੱਖ ਧਿਰਾਂ ਵੱਲੋਂ ਬਹੁਤ ਸਾਰੇ ਮਾਮਲਿਆਂ ਨੂੰ ਜੋੜਿਆ ਗਿਆ। ਭਾਰਤ ਜਿਹੇ ਬਹੁਜਾਤੀ ਅਤੇ ਵਿਭਿੰਨਤਾਵਾਂ ਬਾਰੇ ਦੇਸ਼ 'ਚ ਸਦਭਾਵਨਾਪੂਰਨ ਸਹਿ-ਹੋਂਦ ਲਈ ਇਹ ਜ਼ਰੂਰੀ ਹੈ ਕਿ ਜਨਤਕ ਭਾਸ਼ਣ 'ਚ ਮਰਿਆਦਾ ਰੱਖੀ ਜਾਵੇ। ਇਹ ਵੀ ਸਹੀ ਹੈ ਕਿ ਨਸਲੀ, ਭਾਸ਼ਾਈ, ਜਾਤੀ ਜਾਂ ਮਜ਼ਹਬੀ ਆਧਾਰ 'ਤੇ ਨ.ਫ਼ਰਤ ਅਤੇ ਉਤੇਜਨਾ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਰੋਕਣਾ ਜ਼ਰੂਰੀ ਹੈ ਪਰ ਜਿਸ ਤਰ੍ਹਾਂ ਸੁਪਰੀਮ ਕੋਰਟ ਨੇ ਅਸਪੱਸ਼ਟ ਤੌਰ 'ਤੇ ਹੇਟ ਸਪੀਚ ਸਬੰਧੀ ਨਿਰਦੇਸ਼ ਜਾਰੀ ਕੀਤੇ ਹਨ, ਉਸ ਨਾਲ ਹੱਲ ਘੱਟ ਪਰ ਆਜ਼ਾਦ ਪ੍ਰਗਟਾਵੇ ਦੇ ਦਮਨ ਅਤੇ ਸ਼ਾਸਨ ਵੱਲੋਂ ਇਨ੍ਹਾਂ ਤਜਵੀਜ਼ਾਂ ਦੀ ਦੁਰਵਰਤੋਂ ਦੀ ਸੰਭਾਵਨਾ ਜ਼ਿਆਦਾ ਦਿਖਾਈ ਦਿੰਦੀ ਹੈ। ਖ਼ੁਦ ਅਦਾਲਤਾਂ ਨੇ ਅਜਿਹੇ ਮਾਮਲਿਆਂ 'ਚ ਵਾਰ-ਵਾਰ ਵਿਰੋਧਾਭਾਸੀ ਰਵੱਈਆ ਅਪਣਾਇਆ ਹੈ। ਜਿੱਥੇ ਇਕ ਪਾਸੇ ਦਿੱਲੀ 'ਚ ਹੋਏ ਹਿੰਦੂ ਯੁਵਾ ਵਾਹਿਨੀ ਪ੍ਰੋਗਰਾਮ 'ਚ ਪੁਲਿਸ ਨੂੰ ਹੇਟ ਸਪੀਚ ਦਾ ਸਬੂਤ ਨਾ ਮਿਲਣ 'ਤੇ ਵੀ ਸੁਪਰੀਮ ਕੋਰਟ ਕਾਰਵਾਈ ਲਈ ਕਹਿੰਦੀ ਰਹੀ, ਉੱਥੇ ਹੀ ਦੂਜੇ ਪਾਸੇ ਦਿੱਲੀ ਦੀ ਇਕ ਅਦਾਲਤ ਨੇ ਆਲਟ ਨਿਊਜ਼ ਦੇ ਸਹਿ ਸੰਸਥਾਪਕ ਮੁਹੰਮਦ ਜ਼ੁਬੈਰ ਨੂੰ ਭਾਵਨਾਵਾਂ ਭੜਕਾਉਣ ਦੇ ਮਾਮਲੇ 'ਚ ਇਹ ਕਹਿ ਕੇ ਜ਼ਮਾਨਤ ਦੇ ਦਿੱਤੀ ਕਿ ਵਿਚਾਰਾਂ ਦਾ ਆਦਾਨ-ਪ੍ਰਦਾਨ ਆਜ਼ਾਦ ਸਮਾਜ ਦਾ ਸੂਚਕ ਹੈ ਅਤੇ ਹਿੰਦੂ ਧਰਮ ਦੇ ਅਨੁਯਾਈਆਂ ਤੋਂ ਸਹਿਣਸ਼ੀਲਤਾ ਦੀ ਉਮੀਦ ਕੀਤੀ ਜਾਂਦੀ ਹੈ।

ਨੂਪੁਰ ਸ਼ਰਮਾ ਦੇ ਬਿਆਨ ਨੂੰ ਕਾਂਟ-ਛਾਂਟ ਕਰ ਕੇ ਵਾਇਰਲ ਕਰਨ ਵਾਲੇ ਜਿਸ ਮੁਹੰਮਦ ਜ਼ੁਬੈਰ ਨੇ ਪੂਰੇ ਦੇਸ਼ 'ਚ 'ਸਰ ਤਨ ਸੇ ਜੁਦਾ' ਹਿੰਸਾ ਨੂੰ ਭੜਕਾਇਆ, ਉਸ ਨਾਲ ਘੱਟੋ-ਘੱਟ ਛੇ ਹਿੰਦੂਆਂ ਦੀ ਜਾਨ ਗਈ ਪਰ ਸੁਪਰੀਮ ਕੋਰਟ ਨੇ ਨਾ ਸਿਰ.ਫ਼ ਜ਼ੁਬੈਰ ਨੂੰ ਤਮਾਮ ਕੇਸਾਂ 'ਚ ਕਾਰਵਾਈ ਤੋਂ ਬਚਾਅ ਪ੍ਰਦਾਨ ਕੀਤਾ ਸਗੋਂ ਸਰਕਾਰ ਨੂੰ ਸੱਤਾ ਦੀ ਦੁਰਵਰਤੋਂ ਨਾ ਕਰਨ ਦੀ ਚੇਤਾਵਨੀ ਵੀ ਦਿੱਤੀ।

ਇਸੇ ਤਰ੍ਹਾਂ ਕਿਤਾਬਾਂ ਨੂੰ ਹੇਟ ਸਪੀਚ ਦੱਸ ਕੇ ਪਾਬੰਦੀ ਲਾਉਣ ਦੇ ਮਾਮਲਿਆਂ 'ਚ ਵੀ ਅਦਾਲਤਾਂ ਦੇ ਦੋਹਰੇ ਮਾਪਦੰਡ ਦੇਖਣ ਨੂੰ ਮਿਲੇ ਹਨ। ਇਕ ਪਾਸੇ ਤਾਂ ਸੁਪਰੀਮ ਕੋਰਟ ਨੇ ਕਾਂਚਾ ਇਲਈਆ ਦੀ ਤੇਲਗੂ ਕਿਤਾਬ 'ਸਾਮਾਜਿਕ ਸਮਗਲਰਲੂ ਕੋਮਾਟੋਲੂ' 'ਤੇ ਪਾਬੰਦੀ ਲਾਉਣ ਤੋਂ ਇਨਕਾਰ ਕਰ ਦਿੱਤਾ, ਉੱਥੇ ਹੀ ਦੂਜੇ ਪਾਸੇ ਐਡਵੋਕੇਟ ਆਰਵੀ ਭਸੀਨ ਦੀ ਕਿਤਾਬ 'ਇਸਲਾਮ-ਏ ਕੰਸੈਪਟ ਆਫ ਪਾਲੀਟੀਕਲ ਇਨਵੇਜਨ ਬਾਏ ਮੁਸਲਿਮਜ਼' ਨੂੰ ਬੰਬੇ ਹਾਈ ਕੋਰਟ ਨੇ ਹੇਟ ਸਪੀਚ ਦੱਸ ਕੇ ਪਾਬੰਦੀ ਲਾ ਦਿੱਤੀ। ਕਾਂਚਾ ਇਲਈਆ ਦੀ ਕਿਤਾਬ 'ਚ ਵੈਸ਼ ਭਾਈਚਾਰੇ ਨੂੰ ਸਮਾਜਿਕ ਲੁਟੇਰਾ ਦੱਸਣ ਤੋਂ ਇਲਾਵਾ ਸੰਪੂਰਨ ਹਿੰਦੂ ਸਮਾਜ ਦੇ ਖ਼ਾਤਮੇ ਤੋਂ ਬਾਅਦ ਭਾਰਤ ਦੀ ਪਰਿਕਲਪਨਾ 'ਤੇ ਪੂਰਾ ਅਧਿਆਇ ਸੀ। ਇਸ ਦੇ ਬਾਵਜੂਦ ਅਦਾਲਤ ਨੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਕਿਤਾਬ 'ਚ ਸ਼ਾਮਲ ਹਿੰਦੂਆਂ ਪ੍ਰਤੀ ਨ.ਫ਼ਰਤ ਤੋਂ ਜ਼ਿਆਦਾ ਮਹੱਤਵਪੂਰਨ ਮੰਨਿਆ। ਦੂਜੇ ਪਾਸੇ ਭਸੀਨ ਦੀ ਕਿਤਾਬ ਮੌਲਵੀ ਮੁਹੰਮਦ ਅਲੀ ਅਤੇ ਅਬਦੁੱਲਾ ਯੂਸ.ਫ਼ ਅਲੀ ਜਿਹੇ ਵੱਡੇ ਮੁਸਲਿਮ ਵਿਦਵਾਨਾਂ ਵੱਲੋਂ ਕੁਰਾਨ ਦੇ ਅਨੁਵਾਦਾਂ 'ਤੇ ਆਧਾਰਤ ਸੀ ਪਰ ਅਦਾਲਤ ਨੇ ਇਸ ਨੂੰ ਮੁਸਲਿਮ ਭਾਈਚਾਰੇ ਦੀਆਂ ਭਾਵਨਾਵਾਂ ਭੜਕਾਉਣ ਵਾਲੀ ਨ.ਫ਼ਰਤਪੂਰਨ ਲੇਖਣੀ ਮੰਨਿਆ। ਅਦਾਲਤ ਨੇ ਭਸੀਨ ਨੂੰ ਜਹਾਦ ਦੀ ਧਾਰਨਾ ਨੂੰ .ਗਲਤ ਰੂਪ 'ਚ ਪੇਸ਼ ਕਰਨ ਦਾ ਦੋਸ਼ੀ ਦੱਸਿਆ ਜਦਕਿ ਦੇਵਬੰਦ ਜਿਹੀ ਮਹੱਤਵਪੂਰਨ ਸੰਸਥਾ ਦੇ ਨਿਸਾਬ ਯਾਨੀ ਪਾਠਕ੍ਰਮ 'ਚ ਜਹਾਦ ਨੂੰ ਬੜੇ ਸਾ.ਫ਼ ਤੌਰ 'ਤੇ ਅਜਿਹਾ .ਫ਼ਰਜ਼ ਦੱਸਿਆ ਗਿਆ ਹੈ, ਜੋ ਇਸਲਾਮ ਦੀ ਦਾਅਵਤ ਠੁਕਰਾਉਣ ਵਾਲੇ ਹਰ .ਗੈਰ ਮੁਸਲਿਮ 'ਤੇ ਹਥਿਆਰਬੰਦ ਲੜਾਈ ਲਾਜ਼ਮੀ ਕਰਦਾ ਹੈ। ਸੁਪਰੀਮ ਕੋਰਟ ਦੀ ਜੋ ਬੈਂਚ ਹੇਟ ਸਪੀਚ ਮਾਮਲਿਆਂ ਦੀ ਸੁਣਵਾਈ ਕਰ ਰਹੀ ਹੈ, ਉਸ ਦਾ ਖ਼ੁਦ ਦਾ ਆਚਰਣ ਬਹੁਤ ਹੈਰਾਨ ਕਰਨ ਵਾਲਾ ਰਿਹਾ ਹੈ। ਬੈਂਚ ਸਾਹਮਣੇ ਜਦੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਡੀਐੱਮਕੇ ਆਗੂ ਆਰ.ਰਾਜੀਵ ਗਾਂਧੀ ਦੇ ਉਸ ਬਿਆਨ ਨੂੰ ਲਿਆਂਦਾ ਗਿਆ, ਜਿਸ 'ਚ ਉਨ੍ਹਾਂ ਨੇ ਪੇਰੀਆਰ ਦੀ ਪ੍ਰੇਰਨਾ ਨਾਲ ਬ੍ਰਾਹਮਣਾਂ ਦੇ ਕਤਲੇਆਮ ਦੀ ਗੱਲ ਕਹੀ ਸੀ, ਉਦੋਂ ਜੱਜ ਕੇਐੱਸ ਜੋਸੇਫ ਨੇ ਉਨ੍ਹਾਂ ਤੋਂ ਪੇਰੀਆਰ ਦੀ ਹੋਂਦ ਦੀ ਜਾਣਕਾਰੀ ਹੋਣ ਬਾਰੇ ਪੁੱਛਿਆ। ਇਸੇ ਤਰ੍ਹਾਂ ਐਡਵੋਕੇਟ ਵਿਸ਼ਨੂੰ ਜੈਨ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਪੀਐੱਫਆਈ ਦੀਆਂ ਰੈਲੀਆਂ 'ਚ ਲੱਗੇ 'ਸਰ ਤਨ ਤੋਂ ਜੁਦਾ' ਨਾਅਰਿਆਂ ਨੂੰ ਵੀ ਜੱਜ ਨੇ ਕਿਰਿਆ ਦੀ ਪ੍ਰਤੀਕਿਰਿਆ ਕਰਾਰ ਦਿੱਤਾ। ਇਹ ਬੇਹੱਦ ਹੈਰਾਨ ਕਰਨ ਦੇਣ ਵਾਲਾ ਆਚਰਣ ਅਤੇ ਹੁਣ ਤੱਕ ਵੱਖ-ਵੱਖ ਅਦਾਲਤਾਂ ਵੱਲੋਂ ਨੋਟਿਸ 'ਚ ਲਏ ਗਏ ਕੇਸ ਦੱਸਦੇ ਹਨ ਕਿ ਹੇਟ ਸਪੀਚ ਦੀ ਕਾਰਵਾਈ ਜ਼ਿਆਦਾਤਰ ਘੱਟ ਗਿਣਤੀ ਅਤੇ ਵਿਸ਼ੇਸ਼ ਤੌਰ 'ਤੇ ਮੁਸਲਿਮ ਸਮਾਜ ਦੀ ਅਤਿਸੰਵੇਦਨਸ਼ੀਲਤਾ ਨੂੰ ਸੰਬੋਧਿਤ ਕਰਨ ਜਾਂ ਫਿਰ ਇਸਲਾਮ 'ਤੇ ਹੋਣ ਵਾਲੀ ਕਿਸੇ ਵੀ ਚਰਚਾ ਨੂੰ ਰੋਕਣ ਲਈ ਹੋ ਰਹੀ ਹੈ, ਭਾਵੇਂ ਹੀ ਉਹ ਕਿੰਨੀ ਵੀ ਤਰਕਮਈ ਅਤੇ ਜ਼ਰੂਰੀ ਕਿਉਂ ਨਾ ਹੋਵੇ।

ਜਿੰਨੀ ਨਿਆਂਇਕ ਸਰਗਰਮੀ ਹੇਟ ਸਪੀਚ 'ਤੇ ਦਿਖਾਈ ਦੇ ਰਹੀ ਹੈ, ਓਨੀ ਬੇਅਦਬੀ ਦਾ ਦੋਸ਼ ਲਾ ਕੇ ਕੀਤੀਆਂ ਗਈਆਂ ਹੱਤਿਆਵਾਂ ਜਾਂ ਆਏ ਦਿਨ ਹੋਣ ਵਾਲੇ ਲਵ ਜਹਾਦ ਜਿਹੇ 'ਹੇਟ ਕ੍ਰਾਈਮਜ਼' 'ਤੇ ਨਹੀਂ ਦਿਸ ਰਹੀ ਹੈ। ਜੇ ਇਹੋ ਗੰਭੀਰਤਾ ਨ.ਫ਼ਰਤੀ ਅਪਰਾਧਾਂ 'ਤੇ ਦੇਖਣ ਨੂੰ ਮਿਲੇ ਤਾਂ ਸ਼ਾਇਦ ਉਨ੍ਹਾਂ ਮਜ਼ਹਬੀ ਪ੍ਰੇਰਨਾਵਾਂ ਅਤੇ ਉਨ੍ਹਾਂ ਦੇ ਵਸੀਲਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ, ਜੋ ਨ.ਫ਼ਰਤੀ ਅਪਰਾਧਾਂ ਨੂੰ ਸ਼ਹਿ ਦੇ ਰਹੇ ਹਨ। ਨ.ਫ਼ਰਤੀ ਭਾਸ਼ਣ ਅਪਰਾਧਾਂ 'ਤੇ ਸੁਣਵਾਈ ਕਰਨ ਸਮੇਂ ਅਦਾਲਤਾਂ ਨੂੰ ਧਿਆਨ ਰੱਖਣਾ ਹੋਵੇਗਾ ਕਿ ਪ੍ਰਗਟਾਵੇ ਦੀ ਆਜ਼ਾਦੀ ਮਜ਼ਹਬੀ ਹਿੰਸਾਕਾਰੀਆਂ ਦੇ ਡਰ ਦੀ ਭੇਂਟ ਨਾ ਚੜ੍ਹ ਜਾਵੇ। ਅਦਾਲਤਾਂ ਨੂੰ ਸਪੱਸ਼ਟ ਕਰਨ ਦੀ ਜ਼ਰੂਰਤ ਹੈ ਕਿ ਇਤਿਹਾਸਕ ਅਤੇ ਪ੍ਰਮਾਣਿਕ ਤੱਥਾਂ ਦਾ ਹਵਾਲਾ ਕਿਸੇ ਨੂੰ ਕਿੰਨਾ ਵੀ ਨਾਪਸੰਦ ਕਿਉਂ ਨਾ ਹੋਵੇ, ਹੇਟ ਸਪੀਚ ਨਹੀਂ ਮੰਨਿਆ ਜਾ ਸਕਦਾ। ਜੇ ਤੱਥ ਕਿਸੇ ਵਿਅਕਤੀ ਜਾਂ ਸਮੂਹ ਨੂੰ ਉਤੇਜਿਤ ਕਰਦੇ ਹਨ ਤਾਂ ਇਹ ਸਮੱਸਿਆ ਉਨ੍ਹਾਂ ਦੀ ਆਪਣੀ ਹੈ। ਪ੍ਰਗਟਾਵੇ ਦੀ ਆਜ਼ਾਦੀ ਦਾ ਸਹੀ ਅਰਥ ਇਹੋ ਹੈ ਕਿ ਕਿਸੇ ਦੂਜੇ ਵਿਅਕਤੀ ਜਾਂ ਸਮੂਹ ਨੂੰ ਨਾਪਸੰਦ ਲੱਗਣ ਵਾਲੇ ਤੱਥ ਜਾਂ ਉਨ੍ਹਾਂ ਤੱਥਾਂ 'ਤੇ ਆਧਾਰਤ ਵਿਚਾਰਾਂ ਨੂੰ ਪ੍ਰਗਟਾਉਣ ਦੀ ਆਜ਼ਾਦੀ ਮਿਲੇ। ਹੇਟ ਸਪੀਚ ਦੀ ਅਸਪੱਸ਼ਟ ਧਾਰਨਾ ਨੂੰ ਜੇ ਮਨਮਰਜ਼ੀ ਨਾਲ ਨਿਆਂਇਕ ਉਪਯੋਗ 'ਚ ਲਿਆਂਦਾ ਜਾਂਦਾ ਹੈ ਜਾਂ ਫਿਰ ਉਸ ਨੂੰ ਹਿੰਸਾਕਾਰੀਆਂ ਦੀ ਭੀੜ ਨੂੰ ਭਰਮਾਉਣ ਦਾ ਸਾਧਨ ਬਣਾਇਆ ਜਾਂਦਾ ਹੈ ਤਾਂ ਇਹ ਸੰਵਿਧਾਨ ਵੱਲੋਂ ਦਿੱਤੇ ਅਧਿਕਾਰਾਂ 'ਤੇ ਹਮਲਾ ਹੋਵੇਗਾ। ਭਾਰਤ 'ਚ ਬਹੁਤ ਸਾਰੇ ਧਰਮਾਂ ਅਤੇ ਫਿਰਕਿਆਂ ਦੇ ਲੋਕ ਰਹਿੰਦੇ ਹਨ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਦੇਸ਼ ਦੇ ਸਮੁੱਚੇ ਲੋਕ ਭਾਈਚਾਰਕ ਸਾਂਝ ਨਾਲ ਮਿਲ-ਜੁਲ ਕੇ ਰਹਿ ਰਹੇ ਹਨ ਪਰ ਦੇਸ਼ ਅਤੇ ਸਮਾਜ ਵਿਰੋਧੀ ਕੁਝ ਅਨਸਰ ਇਸ ਸਦਭਾਵਨਾ ਨੂੰ ਲਾਂਬੂ ਲਾਉਣ ਦੀ ਤਾਕ 'ਚ ਰਹਿੰਦੇ ਹਨ। ਦੇਸ਼ ਦੀ ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰਨ ਦੀ ਇਜਾਜ਼ਤ ਹਰਗਿਜ਼ ਨਹੀਂ ਦਿੱਤੀ ਜਾ ਸਕਦੀ। ਬੜੇ ਦੁੱਖ ਦੀ ਗੱਲ ਹੈ ਕਿ ਸੀਨੀਅਰ ਸਿਆਸਤਦਾਨ ਵੀ ਨ.ਫ਼ਰਤੀ ਭਾਸ਼ਣਾਂ ਤੋਂ ਗੁਰੇਜ਼ ਨਹੀਂ ਕਰਦੇ। ਲੋਕ ਨੁਮਾਇੰਦਿਆਂ ਨੂੰ ਕੋਈ ਅਜਿਹਾ ਸ਼ਬਦ ਮੂੰਹੋਂ ਨਹੀਂ ਕੱਢਣਾ ਚਾਹੀਦਾ, ਜਿਸ ਨਾਲ ਸਮਾਜਿਕ ਸਦਭਾਵਨਾ ਉੱਪਰ ਉਲਟਾ ਅਸਰ ਪਵੇ। ਜ਼ਰੂਰੀ ਨਹੀਂ ਕਿ ਅਦਾਲਤਾਂ ਦੀ ਸਖ਼ਤੀ ਹੋਣ 'ਤੇ ਹੀ ਅਸੀਂ .ਗਲਤ ਕੰਮ ਕਰਨ ਤੋਂ ਬਾਜ਼ ਆਈਏ। ਸਾਨੂੰ ਕਾਨੂੰਨ ਦੇ ਡਰ ਤੋਂ ਬਿਨਾਂ ਵੀ ਆਪਣਾ ਇਖ਼ਲਾਕੀ .ਫ਼ਰਜ਼ ਪਛਾਣਨ ਦੀ ਲੋੜ ਹੈ। -ਵਿਕਾਸ ਸਾਰਸਵਤ

# ਪੰਜਾਬ ਦੀ ਰਾਜਨੀਤੀ 'ਚ ਸ਼ੋਮਣੀ ਕਮੇਟੀ ਦੀ ਭੂਮਿਕਾ ਦਾ ਸਵਾਲ

**ਤਲਵਿੰਦਰ ਸਿੰਘ ਬੁੱਟਰ**

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੁਆਰਾ ਜਲੰਧਰ ਲੋਕ ਸਭਾ ਉਪ-ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ 'ਤੇ ਇਤਰਾਜ਼ ਜਤਾਉਂਦਿਆਂ ਨਵੀਂ ਸਿਆਸੀ ਚਰਚਾ ਨੂੰ ਜਨਮ ਦਿੱਤਾ ਹੈ। ਕੀ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਸਿਆਸੀ ਸਰਗਰਮੀਆਂ ਵਿਚ ਸ਼ਾਮਿਲ ਹੋਣਾ ਸਿਧਾਂਤਕ ਹੈ ਜਾਂ .ਗੈਰ-ਸਿਧਾਂਤਕ? ਕੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸ਼ ?ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ 'ਚ ਚੋਣ ਪ੍ਰਚਾਰ ਕਰ ਸਕਦਾ ਹੈ? ਇਸ ਤਰ੍ਹਾਂ ਦੇ ਤਮਾਮ ਸਵਾਲ ਮੁੱਖ ਮੰਤਰੀ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਵਿਰੁੱਧ ਟਵੀਟ ਕਰਨ ਤੋਂ ਬਾਅਦ ਪੈਦਾ ਹੋਏ ਹਨ।

ਨਿਰਸੰਦੇਹ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਧਾਰਮਿਕ ਸੰਸਥਾ ਹੈ, ਪਰ ਇਸ ਦੀ ਪੰਜਾਬ ਦੀ ਰਾਜਨੀਤੀ 'ਚ ਵੀ ਮਹੱਤਵਪੂਰਨ ਭੂਮਿਕਾ ਨੂੰ ਮਨ.ਫ਼ੀ ਨਹੀਂ ਕੀਤਾ ਜਾ ਸਕਦਾ। ਉਂਜ ਵੀ ਸਿੱਖ ਧਰਮ 'ਚ 'ਮੀਰੀ-ਪੀਰੀ' ਦਾ ਸਿਧਾਂਤ ਧਰਮ ਦੀ ਤਾਬਿਆ ਰਾਜਨੀਤੀ ਦਾ ਸਰੂਪ ਪੇਸ਼ ਕਰਦਾ ਹੈ। ਖੇਤਰੀ ਰਾਜਨੀਤੀ 'ਤੇ ਸ਼੍ਰੋਮਣੀ ਕਮੇਟੀ ਦਾ ਪ੍ਰਭਾਵ ਇਸ ਗੱਲ ਵਿਚ ਹੈ ਕਿ ਇਸ ਦੀਆਂ ਚੋਣਾਂ ਵਿਚ ਧਾਰਮਿਕ ਮੁੱਦਿਆਂ ਤੋਂ ਇਲਾਵਾ ਸਿੱਖਾਂ ਨਾਲ ਜੁੜੇ ਰਾਜਨੀਤਕ ਮੁੱਦੇ ਵੀ ਉਠਾਏ ਜਾਂਦੇ ਹਨ। ਸ਼੍ਰੋਮਣੀ ਕਮੇਟੀ ਦੇ ਰਾਜਨੀਤਕ ਸਰੋਕਾਰਾਂ ਨੂੰ ਜਾਨਣ ਲਈ ਅਤੇ ਇਸ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਰਿਸ਼ਤੇ ਨੂੰ ਸਮਝਣ ਲਈ ਇਸ ਦੀ ਹੋਂਦ ਦੇ ਕਾਰਨਾਂ, ਬੁਨਿਆਦੀ ਖਾਸੇ, ਸੰਕਲਪ ਅਤੇ ਕਾਰਜਸ਼ੈਲੀ ਨੂੰ ਸਮਝਣਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾ ਕੇ ਨਿਰੋਲ ਧਾਰਮਿਕ ਸੇਵਾ-ਸੰਭਾਲ ਦੇ ਪ੍ਰਬੰਧ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ 15 ਨਵੰਬਰ 1920 ਨੂੰ ਕੀਤਾ ਗਿਆ ਸੀ। ਸਿੱਖ ਸੰਗਤਾਂ ਵਲੋਂ ਗੁਰਦੁਆਰਾ ਪ੍ਰਬੰਧਾਂ ਲਈ ਇਸ ਤੋਂ ਪਹਿਲਾਂ ਸਰਕਾਰ ਦੀ ਬਣਾਈ 36 ਮੈਂਬਰੀ ਸਲਾਹਕਾਰ ਕਮੇਟੀ ਨੂੰ ਰੱਦ ਕਰਦਿਆਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਪ੍ਰਤੀਨਿਧ ਕਮੇਟੀ ਚੁਣੀ ਗਈ, ਜਿਸ ਦਾ ਨਾਂਅ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਕੁੱਲ 175 ਮੈਂਬਰ ਨਿਰਧਾਰਿਤ ਕੀਤੇ ਗਏ। ਗੁਰਦੁਆਰਿਆਂ ਨੂੰ ਮਹੰਤਾਂ ਕੋਲੋਂ ਛੁਡਵਾਉਣ ਅਤੇ ਗੁਰਮਤਿ ਅਨੁਸਾਰੀ ਪ੍ਰਬੰਧ ਚਲਾਉਣ ਲਈ ਸਿੱਖ ਸੇਵਕਾਂ ਦੇ ਜਥੇ ਤਿਆਰ ਕਰਨ ਦੇ ਮਕਸਦ ਨਾਲ 14 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੁੜ ਹੋਈ ਇਕੱਤਰਤਾ ਦੌਰਾਨ 'ਅਕਾਲੀ ਦਲ' ਦਾ ਗਠਨ ਹੋਇਆ, 'ਸ਼੍ਰੋਮਣੀ' ਸ਼ਬਦ ਇਸ ਨਾਲ ਬਾਅਦ ਵਿਚ ਜੁੜ ਗਿਆ। ਇਸੇ ਕਾਰਨ ਸ਼ ?ਰੋਮਣੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਾਂ ਜਥੇਬੰਦੀ ਵੀ ਆਖਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਮਿਲ ਕੇ ਪ੍ਰਚੰਡ ਕੀਤੀ 'ਗੁਰਦੁਆਰਾ ਸੁਧਾਰ ਲਹਿਰ' ਸੰਬੰਧੀ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਅੰਗਰੇਜ਼ ਸਰਕਾਰ ਨੂੰ ਭੈਅ-ਭੀਤ ਕਰ ਰਹੀਆਂ ਸਨ ਕਿ ਇਹ ਸੰਘਰਸ਼ ਰਾਜਨੀਤਕ ਰੂਪ ਧਾਰਨ ਕਰ ਗਿਆ ਹੈ ਅਤੇ 'ਅਕਾਲੀ' ਧਾਰਮਿਕ ਸੰਘਰਸ਼ ਦੀ ਆੜ ਹੇਠ ਸਿੱਖ ਰਾਜ ਨੂੰ ਪੁਨਰ ਸਥਾਪਤ ਕਰਨ ਲਈ ਤਤਪਰ ਹੋ ਰਹੇ ਹਨ। ਅੰਗਰੇਜ਼ ਹਕੂਮਤ ਨੇ 12 ਅਕਤੂਬਰ 1923 ਨੂੰ ਸ਼੍ਰੋਮਣੀ ਕਮੇਟੀ ਅਤੇ ਸ਼ ?ਰੋਮਣੀ ਅਕਾਲੀ ਦਲ ਨੂੰ .ਗੈਰ-ਕਾਨੂੰਨੀ ਜਥੇਬੰਦੀਆਂ ਕਰਾਰ ਦਿੱਤਾ, ਭਾਵੇਂ ਕਿ ਬਾਅਦ ਵਿਚ 'ਸਿੱਖ ਗੁਰਦੁਆਰਾ ਐਕਟ-1925' ਰਾਹੀਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ।

ਜੇਕਰ ਗੱਲ ਕਰੀਏ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਂਝੇ ਸਰੋਕਾਰਾਂ ਦੀ ਤਾਂ ਸੰਨ 1979 ਵਿਚ ਸ਼੍ਰੋਮਣੀ ਕਮੇਟੀ ਦੁਆਰਾ ਜਾਰੀ ਕੀਤੇ ਗਏ ਨੀਤੀਗਤ ਏਜੰਡੇ ਅਨੁਸਾਰ ਇਸ ਦੇ ਪੰਜ ਮੁੱਖ ਉਦੇਸ਼ ਮਿੱਥੇ ਗਏ, ਜਿਨ੍ਹਾਂ 'ਚ ਪਹਿਲਾ ਉਦੇਸ਼ ਜਿੱਥੇ ਸਿੱਖ ਧਰਮ ਦੀ ਪੁਰਾਤਨ ਪਵਿੱਤਰਤਾ ਨੂੰ ਸੁਰੱਖਿਅਤ ਰੱਖਣਾ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ, ਅਸੂਲਾਂ ਅਤੇ ਆਦਰਸ਼ਾਂ ਦਾ ਪ੍ਰਗਟਾਵਾ ਕਰਕੇ ਇਸ ਦਾ ਪ੍ਰਚਾਰ ਕਰਨਾ ਹੈ, ਦੂਜਾ ਤੇ ਮਹੱਤਵਪੂਰਨ ਉਦੇਸ਼ ਕੌਮੀ ਏਕਤਾ ਦੇ ਦਾਇਰੇ ਵਿਚ ਰਹਿ ਕੇ ਸਿੱਖ ਕੌਮ ਦੀ ਰਾਜਨੀਤਕ ਹੋਂਦ ਨੂੰ ਯਕੀਨੀ ਬਣਾਉਣਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਵਿਧਾਨ ਦੀ ਸਿਰਜਣਾ ਦੇ ਮੁੱਖ ਮੰਤਵਾਂ ਵਿਚ ਪਹਿਲਾ ਮੰਤਵ ਹੀ ਗੁਰਦੁਆਰਿਆਂ ਦਾ ਇਮਾਨਦਾਰਾਨਾ



ਸੰਗਤੀ ਪ੍ਰਬੰਧ ਕਾਇਮ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕਰਨਾ ਅਤੇ ਅਨਮਤ ਦੇ ਹਮਲਿਆਂ ਦਾ ਪ੍ਰਹਾਰ ਰੋਕਣਾ ਹੈ, ਜਦੋਂ ਕਿ ਦੇਸ਼ ਵਿਚ ਸਿੱਖਾਂ ਲਈ ਸਨਮਾਨਜਨਕ ਖ਼ੁਦਮੁਖ਼ਤਿਆਰ ਰਾਜਸੀ ਸਥਾਨ ਦੀ ਪ੍ਰਾਪਤੀ ਕਰਨਾ ਦੂਜਾ ਉਦੇਸ਼ ਹੈ। ਬੁਨਿਆਦੀ ਰੂਪ ਵਿਚ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਇਕ-ਦੂਜੇ ਦੇ ਪੂਰਕ ਹਨ। ਇਸੇ ਕਾਰਨ ਹੀ ਸ਼ੁਰੂ ਤੋਂ ਸ਼੍ਰੋਮਣੀ ਕਮੇਟੀ ਸਿੱਖ ਰਾਜਸੀ ਮਸਲਿਆਂ ਦੇ ਹੱਲ ਲਈ ਸ਼ ?ਰੋਮਣੀ ਅਕਾਲੀ ਦਲ ਨੂੰ ਸੱਤਾ ਵਿਚ ਲਿਆਉਣ ਲਈ ਬਲ ਦਿੰਦੀ ਰਹੀ ਹੈ।

ਭਾਰਤ-ਪਾਕਿ ਵੰਡ ਤੋਂ ਪਹਿਲਾਂ ਵੀ ਅਤੇ ਬਾਅਦ ਵੀ, ਸ਼੍ਰੋਮਣੀ ਕਮੇਟੀ ਸਿੱਖਾਂ ਦੇ ਰਾਜਨੀਤਕ ਮੁੱਦਿਆਂ 'ਤੇ ਆਪਣੇ ਇਜਲਾਸਾਂ ਅੰਦਰ ਬਾਕਾਇਦਾ ਮਤੇ ਪਾਸ ਕਰਕੇ ਆਪਣੇ ਨੀਤੀ ਪ੍ਰੋਗਰਾਮ ਤੈਅ ਕਰਦੀ ਰਹੀ ਹੈ। ਇਕ ਮਹੱਤਵਪੂਰਨ ਰਾਜਨੀਤਕ ਮਤਾ 27 ਫਰਵਰੀ, 1943 ਨੂੰ ਪਾਸ ਕਰਕੇ ਸ਼੍ਰੋਮਣੀ ਕਮੇਟੀ ਨੇ 'ਸਿੱਖ ਸੂਬਾ' ਬਣਾਉਣ ਦੀ ਮੰਗ ਉਠਾਈ ਅਤੇ ਪਾਕਿਸਤਾਨ ਬਣਾਉਣ ਦੀ ਤਜਵੀਜ਼ ਨੂੰ ਨੁਕਸਾਨਦੇਹ ਐਲਾਨਿਆ ਸੀ। ਇਸੇ ਤਰ੍ਹਾਂ ਪੰਜਾਬੀ ਸੂਬੇ ਦੇ ਗਠਨ ਲਈ ਸ਼੍ਰੋਮਣੀ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਲੰਬਾ ਸੰਘਰਸ਼ ਕੀਤਾ। ਸੱਤਰ ਅਤੇ ਅੱਸੀਵਿਆਂ ਦੇ ਦਹਾਕੇ ਦੌਰਾਨ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ, ਦਰਿਆਈ ਪਾਣੀਆਂ ਦੇ ਮੁੱਦੇ, ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ 'ਚ ਸ਼ਾਮਿਲ ਕਰਨ ਸਮੇਤ ਸਿੱਖਾਂ ਦੇ ਧਾਰਮਿਕ, ਰਾਜਨੀਤਕ ਅਤੇ ਭੂਗੋਲਿਕ ਮਸਲਿਆਂ 'ਤੇ ਸ਼੍ਰੋਮਣੀ ਕਮੇਟੀ ਵਲੋਂ ਧਰਮ ਯੁੱਧ ਮੋਰਚੇ 'ਚ ਸ਼੍ਰੋਮਣੀ ਅਕਾਲੀ ਦਲ ਦਾ ਪੂਰਾ ਸਹਿਯੋਗ ਕੀਤਾ ਜਾਂਦਾ ਰਿਹਾ। 8 ਅਪ੍ਰੈਲ, 1982 ਨੂੰ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਪੂਰੀ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਟੱਕ ਲਾਉਣ ਪਹੁੰਚੀ ਤਾਂ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਅਗਵਾਈ 'ਚ ਵੱਡੀ ਗਿਣਤੀ 'ਚ ਸਿੱਖਾਂ ਨੇ ਉੱਥੇ ਜਾ ਕੇ ਵਿਰੋਧ ਕੀਤਾ, ਜਿਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਵੀ ਪੁਲਿਸ ਦੀਆਂ ਲਾਠੀਆਂ ਦਾ ਕਹਿਰ ਪਿੰਡੇ 'ਤੇ ਸਹਿਆ। ਸੰਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਨਵੰਬਰ '84 ਦੇ ਸਿੱਖ ਵਿਰੋਧੀ ਕਤਲੇਆਮ ਦੇ ਇਨਸਾਫ਼ ਲਈ ਵੀ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਾਂਝੀ ਆਵਾਜ਼ ਉਠਾਉਂਦੇ ਰਹੇ ਹਨ। ਸੰਨ 1998 ਵਿਚ ਜਦੋਂ ਉੱਤਰ ਪ੍ਰਦੇਸ਼ ਵਿਚ ਸਥਿਤ ਸ਼ਹੀਦ ਊਧਮ ਸਿੰਘ ਨਗਰ ਨੂੰ ਨਵੇਂ ਬਣ ਰਹੇ ਰਾਜ ਉਤਰਾਂਚਲ ਵਿਚ ਸ਼ਾਮਲ ਕਰਨ ਦਾ ਮਾਮਲਾ ਆਇਆ ਤਾਂ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਨਾਲ ਮਿਲ ਕੇ ਉਸ ਦਾ ਇਸ ਆਧਾਰ 'ਤੇ ਡੱਟਵਾਂ ਵਿਰੋਧ ਕੀਤਾ ਕਿ ਅਜਿਹਾ ਕਰਨ ਨਾਲ ਇਸ ਇਲਾਕੇ ਵਿਚ ਰਹਿ ਰਹੇ ਸਿੱਖਾਂ ਦੇ ਹਿਤਾਂ ਦਾ ਨੁਕਸਾਨ ਹੁੰਦਾ ਹੈ। ਭਾਵੇਂ ਕਿ ਸ਼ਹੀਦ ਊਧਮ ਸਿੰਘ ਨਗਰ ਨੂੰ ਉਤਰਾਂਚਲ ਵਿਚ ਸ਼ਮਿਲ ਹੋਣੋ ਰੋਕਿਆ ਨਹੀਂ ਜਾ ਸਕਿਆ, ਪਰ ਸਰਕਾਰ ਨੂੰ ਸਿੱਖਾਂ ਦੇ ਹਿਤਾਂ ਵਿਚ ਉੱਥੇ ਕੁਝ ਵਿਸ਼ੇਸ਼ ਵਿਵਸਥਾਵਾਂ ਕਰਨ ਲਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਂਝੇ ਰਾਜਨੀਤਕ ਦਬਾਅ ਕਾਰਨ ਹੀ ਮਜਬੂਰ ਹੋਣਾ ਪਿਆ। ਪਿਛਲੇ ਸਾਲਾਂ ਦੌਰਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਮੁਆ.ਫ਼ੀ, ਵਿਦੇਸ਼ਾਂ 'ਚ ਵੱਸਦੇ ਸਿੱਖਾਂ ਦੀ ਕਾਲੀ ਸੂਚੀ ਖ਼ਤਮ ਕਰਵਾਉਣ, ਪੰਜਾਬੀ ਮਾਂ-ਬੋਲੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਕੇਂਦਰ ਸਰਕਾਰ ਤੱਕ ਜ਼ੋਰਦਾਰ ਪੈਰਵੀ ਕਰਦੀ ਆ ਰਹੀ ਹੈ। ਜੂਨ 2017 'ਚ ਜਦੋਂ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਭੱਖਿਆ ਤਾਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਖ਼ਵਾਲੀ ਲਈ ਮਤਾ ਪਾਸ ਕਰਕੇ ਪੰਜਾਬ ਦੇ ਹਿਤਾਂ ਲਈ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਸੀ। ਜਿੱਥੋਂ ਤੱਕ ਸਵਾਲ ਹੈ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਸ਼੍ਰੋਮਣੀ ਅਕਾਲੀ ਦਲ ਦੇ ਰਾਜਨੀਤਕ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਦਾ, ਤਾਂ ਸ਼ੁਰੂ ਤੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਰਾਜਨੀਤਕ ਕੰਮਾਂ 'ਚ ਮਾਰਗ-ਦਰਸ਼ਕ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਸੰਨ 1962 ਤੋਂ 1972 ਤੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਸੰਤ ਚੰਨਣ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਨਾਲ ਮਿਲ ਕੇ ਸਿੱਖਾਂ ਦੇ ਰਾਜਨੀਤਕ ਹਿਤਾਂ ਲਈ ਜ਼ਿਕਰਯੋਗ ਭੂਮਿਕਾ ਨਿਭਾਈ ਸੀ। ਲਗਭਗ 27 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਕਾਲੀ ਦਲ ਦੀਆਂ ਸਾਰੀਆਂ ਮਹੱਤਵਪੂਰਨ ਕਮੇਟੀਆਂ ਦੇ ਮੈਂਬਰ ਅਤੇ ਪੰਜ ਵਾਰ ਰਾਜ ਸਭਾ ਮੈਂਬਰ ਰਹੇ ਸਨ। 1997 ਦੀਆਂ ਪੰਜਾਬ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਸਮਰਥਕਾਂ ਨੂੰ 20 ਦੇ ਲਗਭਗ ਟਿਕਟਾਂ ਦਿੱਤੀਆਂ ਗਈਆਂ ਅਤੇ ਅਕਾਲੀ-ਭਾਜਪਾ ਸਰਕਾਰ 'ਚ 5 ਸਮਰਥਕਾਂ ਨੂੰ ਮੰਤਰੀ-ਮੰਡਲ 'ਚ ਵੀ ਸ਼ਾਮਿਲ ਕੀਤਾ ਗਿਆ।

ਬੇਸ਼ੱਕ ਇਹ ਗੱਲ ਠੀਕ ਹੈ ਕਿ ਅੱਜ ਸ਼੍ਰੋਮਣੀ ਕਮੇਟੀ ਵਲੋਂਸਿੱਖ ਸਰੋਕਾਰਾਂ ਦੀ ਰਾਖੀ ਲਈ ਢੁਕਵੀਂ ਭੂਮਿਕਾ ਅਦਾ ਕਰਨ ਅਤੇ ਹੋਰ ਖੇਤਰਾਂ ਵਿਚ ਸਿੱਖ ਪੰਥ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਉਨਾ ਕੰਮ ਨਹੀਂ ਹੋ ਰਿਹਾ ਜਿੰਨਾ ਕਿ ਸਿੱਖ ਪੰਥ ਦੇ ਸੁਚੇਤ ਵਰਗ ਆਸ ਰੱਖਦੇ ਹਨ, ਪਰ ਇਸ ਗੱਲ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਸ਼੍ਰੋਮਣੀ ਕਮੇਟੀ ਅੱਜ ਵੀ ਇਸ ਸੰਦਰਭ ਵਿਚ ਅਹਿਮ ਰੋਲ ਅਦਾ ਕਰ ਰਹੀ ਹੈ। ਇਸੇ ਲਈ ਕੇਂਦਰੀ ਤੇ ਰਾਜ ਸਰਕਾਰਾਂ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਤੇ ਕਈ ਤਰ੍ਹਾਂ ਦੇ ਦਬਾਅ ਬਣਾਉਂਦੀਆਂ ਰਹਿੰਦੀਆਂ ਹਨ। ਇਸ ਦਖ਼ਲਅੰਦਾਜ਼ੀ ਦੇ ਖ਼ਿਲਾਫ਼ ਅਤੇ ਸਿੱਖਾਂ ਦੇ ਧਾਰਮਿਕ ਹਿਤਾਂ ਲਈ ਸ਼੍ਰੋਮਣੀ ਕਮੇਟੀ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਦੇ ਖ਼ਿਲਾਫ਼ ਅਨੇਕਾਂ ਵਾਰ ਮੁਜ਼ਾਹਰੇ ਕੀਤੇ ਜਾਂਦੇ ਰਹੇ ਹਨ। ਸੋ, ਧਾਰਮਿਕ ਖੇਤਰ 'ਚ ਸੁਚੱਜੀ ਅਗਵਾਈ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੀ ਰਾਜਨੀਤਕ ਗਤੀਸ਼ੀਲਤਾ ਵਿਚ ਹੀ ਪੰਜਾਬ ਅਤੇ ਸਿੱਖ ਹਿਤਾਂ ਦੀ ਬਿਹਤਰੀਨ ਪੈਰਵੀ ਅਤੇ ਸੁਰੱਖਿਆ ਯਕੀਨੀ ਬਣਨ ਦੀ ਆਸ ਕੀਤੀ ਜਾ ਸਕਦੀ ਹੈ, ਬਸ਼ਰਤੇ ਸ਼੍ਰੋਮਣੀ ਕਮੇਟੀ ਦੀ ਰਾਜਨੀਤਕ ਪਹੁੰਚ, ਧਰਮ ਤੋਂ ਅਗਵਾਈ ਲੈਂਦੀ ਹੋਵੇ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਮਾਰਗਦਰਸ਼ਨ ਵੀ ਕਰੇ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਪੂਰਨ ਰੂਪ 'ਚ ਆਪਣੇ ਬੁਨਿਆਦੀ ਸਰੂਪ ਤੇ ਖ਼ਾਸੇ ਵੱਲ ਪਰਤਣ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.



**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**


**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਰਦਮੀ ਕਮਜ਼ੋਰੀ ਦੇ ਮੁਢਲੇ ਬਣਤਰ**

ਜੀਵਨ ਤੋਂ ਜੀਵਨ ਦੀ ਉਤਪਤੀ ਅਤੇ ਪ੍ਰਗਤੀ ਦੇ ਰਸਤੇ ਚੱਲਦਿਆਂ ਅਸੀਂ ਵਿਚਾਰ ਕਰ ਰਹੇ ਹਾਂ ਸਰੀਰਕ ਫਿਜਿਆਲੋਜੀਕਲੀ ਰਹਿ ਗਈਆਂ ਜਾਂ ਬਾਅਦ ਵਿੱਚ ਹੋਣ ਵਾਲੀਆਂ ਕਮੀਆਂ ਪੇਸੀਆਂ ਬਾਰੇ ਜਿਹਨਾਂ ਕਰਕੇ ਮਰਦਮੀ ਕਮਜ਼ੋਰੀ ਹੋ ਸਕਦੀ ਹੈ। ਗੋਨਾਡੋਟਰੌਫਿਨ ਹਾਰਮੋਨਜ ਕਾਮੁਕ ਮਰਦਮੀ ਕਮਜ਼ੋਰੀਆਂ ਲਈ ਜ਼ਿੰਮੇਵਾਰ ਹੈ ਤਾਂ ਇਹਨਾਂ ਗੋਨਾਡੋਟਰੌਫਿਨ ਹਾਰਮੋਨਜ ਨੂੰ ਪੈਦਾ ਕਰਨ ਲਈ ਕੌਣ ਜ਼ੁੰਮੇਵਾਰ ਹੈ। ਪਿਚਰੋਟਰੀ ਗਲੈਂਡ ਯਾਨੀ ਮਾਸਟਰ ਗਲੈਂਡ। ਸੋ ਆਉ ਗੋਨਾਡੋਟਰੌਫਿਨ ਹਾਰਮੋਨਜ ਨੂੰ ਵਿਚਾਰਦੇ ਹਾਂ।

ਅਸੀਂ ਗੋਨਾਡੋਟਰੋਫਿਨ ਹਾਰਮੋਨਜ ਦੀ ਗੱਲ ਕੀਤੀ ਹੈ ਅਤੇ ਗੋਨਾਡੋਟਰੋਫਿਨ ਹਾਰਮੋਨਜ ਪੈਦਾ ਕਰਨ ਵਾਲੀ ਪਿਚਰੋਟਰੀ ਗਿਲਟੀ ਦੀ ਗੱਲ ਕੀਤੀ ਹੈ ਤਾ ਸਵਾਲ ਪੈਦਾ ਹੁੰਦਾ ਹੈ ਕਿ ਫਿਰ ਪਿਚਰੋਟਰੀ ਗਿਲਟੀ ਨੂੰ ਕੌਣ ਉਕਸਾਉਂਦਾ ਹੈ ਗੋਨਾਡੋਟਰੌਫਿਨ ਹਾਰਮੋਨਜ ਪੈਦਾ ਕਰਨ ਲਈ ਤਾਂ ਉਸ ਦਾ ਜਵਾਬ ਹੈ ਹਾਈਪੋਥੈਲਮਸ। ਇਸ ਦੀ ਪੂਰੀ ਡਿਟੇਲ ਬਣਤਰ ਅਤੇ ਇਸਦੀ ਕਾਰਕਰਦਗੀ ਯਾਨੀ ਅਨਾਟੋਮੀ ਤੇ ਫਿਜਿਆਲੋਜੀ ਬਾਰੇ ਵਿਚਾਰ ਸਿਰ ਦੀ ਖੋਪੜੀ ਵਿੱਚ ਮੌਜੂਦ ਅੰਗਾਂ ਦੀ ਵਿਆਖਿਆ ਸਮੇਂ ਵਿਸਥਾਰ ਵਿੱਚ ਕਰਾਂਗੇ ਪਰ ਇੱਥੇ ਕੇਵਲ ਮਰਦ ਔਰਤ ਦੀ ਜੀਵਨ ਤੋਂ ਜੀਵਨ ਪੈਦਾ ਕਰਨ ਦੀ ਕਹਾਣੀ ਵਿਚਾਰੀ ਦਾ ਰਹੀ ਹੈ ਤੇ ਮਰਦ ਜੀਵਨ ਵਿੱਚ ਜੀਵਨ ਪੈਦਾ ਕਰਨ ਦੀ ਕਹਾਣੀ ਨਾਲ ਕਿਹੜੇ ਕਿਹੜੇ ਅੰਗ ਸੰਬੰਧਿਤ ਹਨ ਉਹਨਾਂ ਦੀ ਵਿਚਾਰ ਕਰ ਰਹੇ ਹਾਂ। ਜਿਸ ਅਧੀਨ ਅਸਾਂ ਹੁਣ ਤੱਕ ਵਿਚਾਰਿਆ ਹੈ ਮਰਦ ਇੰਦਰੀ ਪੇਸਾਪ ਨਲੀ ਪਰੌਸਟੇਟ ਗਰੰਥੀ ਤੇ ਟੈਸਟਿਸ ਦੀ ਬਣਤਰ ਤੇ ਕਾਰਕਰਦਗੀ। ਪਿਛਲੇ ਲੈਕਚਰ ਵਿੱਚ ਵਿਚਾਰਿਆ ਸੀ ਕਿ ਇਹਨਾਂ ਅੰਗਾਂ ਨੂੰ ਆਪਣੀ ਜੀਵਨ ਤੋਂ ਜੀਵਨ ਪੈਦਾ ਕਰਨ ਦੀ ਨਿਸਚਿਤ ਕਾਰਵਾਈ ਕਰਨ ਲਈ ਤਾਕਤ ਜਾ ਕਹੋ ਉਕਸਾਹਟ ਕਹੋ ਇਹ ਕਿਥੋਂ ਮਿਲਦੀ ਤੇ ਅਸੀਂ ਪਹੁੰਚ ਗਏ ਸਾਂ ਪਿਚਰੋਟਰੀ ਗਲੈਂਡ ਤੇ ਜੋ ਬਰੇਨ ਦੇ ਹੇਠਾਂ ਛੋਟੀ ਜਿਹੀ ਗਿਲਟੀਨੁਮਾ ਅੰਗ ਹੈ। ਪਰ ਕਾਰਕਰਦਗੀ ਕਰਕੇ ਇਸ ਨੂੰ ਮਾਸਟਰ ਗਲੈਂਡ ਕਹਿੰਦੇ ਹਾਂ ਜਿਸਦਾ ਵਿਸਥਾਰ ਬੇਸ਼ੱਕ ਇੰਡੋਕਰਾਈਨ ਸਿਸਟਮ ਵਿੱਚ ਵਿਚਾਰਿਆ ਜਾਵੇਗਾ ਪਰ ਇੱਥੇ ਜੀਵਨ ਦੀ ਉਤਪਤੀ ਨਾਲ ਸੰਬੰਧ ਉਹਦੀ ਕਾਰਵਾਈ ਦੀ ਗੱਲ ਅਸਾਂ ਕੀਤੀ ਸੀ ਕਿ ਇਹ ਮਰਦ ਅਤੇ ਔਰਤ ਸਰੀਰ ਦੇ ਗੋਨਾਡ ਅੰਗਾਂ ਨੂੰ ਪ੍ਰਭਾਵਤ ਕਰਦਾ ਹੈ। ਮਿਸਾਲ ਦੇ ਤੌਰ 'ਤੇ ਮਰਦਾਂ ਵਿੱਚ ਟੈਸਟਿਸ ਨੂੰ ਤੇ ਔਰਤ ਵਿੱਚ ਓਵਰੀ ਅਤੇ ਯੂਟਰਿਸ ਨੂੰ ਪ੍ਰਭਾਵਤ ਕਰਕੇ ਉਹਨਾਂ ਨੂੰ ਜੀਵਨ ਤੋਂ ਜੀਵਨ ਪੈਦਾ ਕਰਨ ਲਈ ਲੋੜੀਂਦੀਆਂ ਕਾਰਵਾਈਆਂ ਕਰਨ ਲਈ ਉਕਾਉਂਦਾ ਹੈ ਜਿਹਨਾਂ ਦਾ ਮਰਦ ਪਾਸੇ ਦਾ ਵਿਸਥਾਰ ਅਸੀਂ ਪਿਛਲੇ ਲੈਕਚਰਾਂ ਵਿੱਚ ਕਰ ਆਏ ਹਾਂ ਅਤੇ ਇਹ ਵੀ ਵਿਚਾਰ ਆਏ ਹਾਂ ਕਿ ਬੇਸ਼ੱਕ ਇਸ ਪਿਚਰੋਟਰੀ ਗਿਲਟੀ ਨੂੰ ਮਾਸਟਰ ਗਲੈਂਡ ਕਰ ਕੇ ਜਾਣਿਆ ਜਾਂਦਾ ਹੈ ਪਰ ਇਹਦਾ ਵੀ ਕੋਈ ਬੌਸ ਕਹੋ ਜਾਂ ਮਾਸਟਰ ਕਹੋ ਹੈ ਤੇ ਉਹ ਹਾਈਪੋਥੈਲਮਸ ਹੈ ਜੋ ਇਸ ਨੂੰ ਇੰਜਨ ਵਾਂਗ ਸਟਾਰਟ ਕਰਨ ਦੀ ਕਾਰਵਾਈ ਕਰਦਾ ਹੈ। ਸੋ ਇਸ ਪਿਚਰੋਟਰੀ ਗਿਲਟੀ ਦੀ ਕਾਰਵਾਈ ਹਾਈਪੋਥੈਲਮਸ ਦੀ ਕਾਰਵਾਈ ਨਾਲ ਸੰਬੰਧਿਤ ਹੈ। ਜਿਸ ਬਾਰੇ ਅਸੀਂ ਪਿਛਲੇ ਲੈਕਚਰ ਤੋਂ ਵਿਚਾਰਦੇ ਆ ਰਹੇ ਹਾਂ ਤੇ ਸੰਖੇਪ ਜਾਣਕਾਰੀ ਕਰ ਚੁੱਕੇ ਹਾਂ ਕਿ ਇਹਦਾ ਹਾਰਮੋਨ ਹੀ ਹੈ ਜੋ ਪਿਚਰੋਟਰੀ ਨੂੰ ਕੰਮ ਕਰਨ ਲਈ ਉਕਸਾਉਂਦਾ ਹੈ। ਜੇ ਇਸ ਵਿੱਚੋਂ ਕਿਸੇ ਕਾਰਨ ਲੋੜੀਂਦੇ ਹਾਰਮੋਨ ਪੈਦਾ ਨਾ ਹੋ ਸਕਣ ਤਾਂ ਜੀਵਨ ਤੋਂ ਜੀਵਨ ਪੈਦਾ ਕਰਨ ਦੀ ਸਾਰੀ ਕਾਰਵਾਈ ਉਕਸਾਹਟ ਅਰਥਹੀਣ ਹੋ ਕੇ ਰਹਿ ਜਾਂਦੀ ਹੈ।

ਅੱਜ ਅਸੀਂ ਉਹਨਾਂ ਕਾਰਨਾਂ ਦੀ ਜਾਣਕਾਰੀ ਕਰਾਂਗੇ ਜਿੰਨਾ ਕਰਕੇ ਹਾਈਪੋਥੈਲਮਸ ਆਪਣੇ ਰਾਹੀਂ ਕੀਤੀ ਜਾ ਸਕਣ ਵਾਲੀ ਕਾਰਵਾਈ ਕਰਨ ਤੋਂ ਅਸਮਰੱਥ ਹੋ ਸਕਦਾ।

ਹਾਪੋਥੈਲਮਸ ਦੀਆਂ ਫਿਜਿਆਲੋਜੀਕਲੀ ਯਾਨੀ ਕਾਰਕਰਦਗੀ ਸੰਬੰਧੀ ਕਮੀਆਂ ਪੇਸੀਆਂ ਦੇ ਕਾਰਨ ਹਾਈ ਬਲੱਡਪ੍ਰੈਸ ਰਹੋ ਸਕਦਾ ਹੈ।

ਸਰੀਰ ਵਿੱਚ ਪਾਣੀ ਇਕੱਠਾ ਹੋ ਸਕਦਾ ਹੈ ਤੇ ਸਰੀਰ ਫੁੱਲ ਸਕਦਾ ਹੈ। ਨਾਲ ਹੀ ਮਾਲ ਬਾਕੀ ਸਰੀਰ ਵਿੱਚ ਪਾਣੀ ਦੀ ਕਮੀ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ।

ਭਾਰ ਦਾ ਵਧਣਾ ਜਾ ਘਟਨਾ ਜਦੋਂਕਿ ਖੁਰਾਕ ਵਿੱਚ ਕਿਸੇ ਤਰ੍ਹਾਂ ਦਾ ਕੋਈ ਬਦਲਾ ਨਾ ਹੋਵੇ ਤਾਂ ਇਹ ਹਾਈਪੋਥੈਲਮਸ ਦੀਆਂ ਨਿਸ਼ਾਨੀਆਂ ਹਨ।

ਆਦਮੀ ਔਰਤਾਂ ਦੋਹਾਂ ਵਿੱਚ ਸੈਕਸ ਭਾਵਨਾਵਾਂ ਦੀ ਕਮੀ ਪੇਸੀ ਦੇ ਨਾਲ ਨਾਲ ਬਾਂਝਪਣ ਵੀ ਹੋ ਸਕਦਾ ਹੈ।

ਜਵਾਨੀ ਦੀ ਆਮਦ ਵੀ ਲੇਟ ਹੋ ਸਕਦੀ ਹੈ ਜਾਂ ਰੁਕ ਸਕਦੀ ਹੈ। ਬੱਚਾ ਜਵਾਨੀ ਚੜ੍ਹਦਾ ਹੀ ਨਹੀਂ ।

ਹੱਡੀਆਂ ਕਮਜੋਰ ਹੋ ਜਾਂਦੀਆਂ ਹਨ ਤੇ ਫਰੈਕਚਰ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਸਰੀਰ ਦੀਆਂ ਮਾਸਪੇਸ਼ੀਆ ਕਮਜ਼ੋਰ ਤੇ ਭਾਰ ਘਟਨਾ ਸ਼ੁਰੂ ਹੁੰਦਾ ਹੈ।

ਸਰੀਰ ਦੇ ਟੈਂਪਰੇਚਰ ਵਿੱਚ ਵੀ ਵਾਧਾ ਘਾਟਾ ਹਮੇਸ਼ਾ ਹੀ ਨੋਟ ਕੀਤਾ ਜਾ ਸਕਦਾ ਹੈ।

ਨੀਂਦ ਵੀ ਖਰਾਬ ਹੋ ਸਕਦੀ ਹੈ।

ਫਿਜਿਆਲੋਜੀਕਲੀ ਸਟਾਰਵੇਸਨ ਯਾਨੀ ਖੁਰਾਕ ਦੀ ਕਮੀ ਕਿਸੇ ਵੀ ਉਮਰ ਵਿੱਚ ਕਿਸੇ ਵੀ ਹਾਲਾਤ ਵਿੱਚ ਸਰੀਰ ਦੇ ਸਾਰੇ ਸਿਸਟਮਾਂ ਨੂੰ ਸਲੋ ਯਾਨੀ ਹੌਲੀ ਕਰ ਦਿੰਦੀਆਂ ਹਨ। ਯਾਨੀ ਸਰੀਰ ਦੀ ਕਾਰਕਰਦਗੀ ਹਰ ਤਰ੍ਹਾਂ ਦੀ ਹੀ ਘੱਟ ਹੋ ਜਾਂਦੀ ਹੈ ਅਤੇ ਅਜਿਹੇ ਹੀ ਕਾਰਨ ਅਗਰ ਮਾਂ ਦੇ ਪੇਟ ਵਿੱਚ ਹਮਲਾ ਔਰਤ ਨੂੰ ਲੋੜੀਂਦੀ ਖੁਰਾਕ ਦੀ ਕਮੀ ਦੇ ਰੂਪ ਵਿੱਚ ਦਰਪੇਸ਼ ਹੋਣ ਤਾਂ ਜੀਵਨ ਨੂੰ ਸ਼ੁਰੂਆਤੀ ਤੌਰ 'ਤੇ ਹਾਈਪੋਥੇਲਮਸ ਦੀ ਇਸ ਤਰ੍ਹਾਂਦੀ ਕਾਰਕਰਦਗੀ ਵਿੱਚ ਕਮੀ ਦਿਖਾਈ ਦੇਣੀ ਸ਼ੁਰੂ ਹੋ ਜਾਂਦੀ ਹੈ ਜਿਸ ਵਿੱਚ ਘੱਟ ਭਾਰ ਦੇ ਬੱਚਿਆਂ ਦਾ ਜੰਮਣਾ ਜਾਂ ਬਲੂਬੇਬੀ ਭਾਵ ਜੰਮਦਿਆਂ ਜਲਦੀ ਸਾਹ ਕਿਰਿਆ ਦਾ ਸ਼ੁਰੂ ਨਾ ਹੋ ਸਕਣਾ ਤੇ ਆਕਸੀਜਨ ਦੀ ਘਾਟ ਦੀਆਂ ਨਿਸ਼ਾਨੀਆਂ ਦਾ ਸਪਸ਼ਟ ਦਿਖਾਈ ਦੇਣਾ। ਅਨਡੀਸੈਂਡਿਡ ਟੈਸਟਿਸ ਯਾਨੀ ਮਰਦ ਸਰੀਰ ਦੇ ਪਤਾਲੂਆਂ ਦਾ ਪੂਰੀ ਤਰ੍ਹਾਂ ਜਨਮ ਸਮੇਂ ਵਿਕਸਤ ਨਾ ਹੋ ਕੇ ਪੇਟ ਵਿੱਚ ਹੀ ਰਹਿ ਜਾਣਾ ਪੇਟ ਤੋਂ ਬਾਹਰ ਨਾ ਆ ਸਕਣਾ ਜਿਵੇਂਕਿ ਅਸੀਂ ਜਾਣਦੇ ਹਾਂ ਮਰਦ ਪਤਾਲੂ ਸਰੀਰ ਤੋਂ ਬਾਹਰ ਰਹਿਕੇ ਹੀ ਖੁੱਲੇ ਵਿੱਚ ਹੀ ਸਹੀ ਕੰਮ ਕਰਦੇ ਹਨ ਪੇਟ ਦੀ ਗਰਮੀ ਵਿੱਚ ਇਹ ਕਾਰਕਰਦਗੀ ਪੱਖੋਂ ਨਿਕਾਰਾ ਹੋ ਜਾਂਦੇ ਹਨ। ਇਸੇ ਲਈ ਕੁਦਰਤ ਨੇ ਇਹਨਾਂ ਨੂੰ ਪੇਟ ਦੇ ਬਾਹਰ ਹੇਠਾਂ ਵੱਲ ਲਟਕਾਇਆ ਹੋਇਆ ਹੈ।

ਜਿਵੇਂ ਔਰਤ ਸਰੀਰ ਵਿੱਚ ਓਵਰੀ ਜੋ ਔਰਤ ਦਾ ਨਵਜੀਵਨ ਪੈਦਾ ਕਰਨ ਲਈ ਅੰਡਾ ਪੈਦਾ ਕਰਦੀ ਹੈ ਉਹ ਪੇਟ ਦੇ ਅੰਦਰ ਰਹਿੰਦੀ ਹੈ ਕਿਉਂਕਿ ਉਸ ਲਈ ਗਰਮੀ ਜ਼ਰੂਰੀ ਹੈ ਜੋ ਪੇਟ ਵਿੱਚ ਉਸਨੂੰ ਮਿਲਦੀ ਹੈ ਤਾਂ ਕਿ ਤੰਦਰੁਸਤ ਅੰਡਾ ਪੈਦਾ ਕੀਤਾ ਜਾ ਸਕੇ।

ਇਸ ਤੋਂ ਇਲਾਵਾ ਇਹਨਾਂ ਦੇ ਪਿਛੇ ਕੰਮ ਕਰਦੇ ਹੋਰ ਕਾਰਨਾਂ ਵਿੱਚ ਸ਼ੂਗਰ ਦਾ ਰੋਗ ਅਗਰ ਮਾਂ ਨੂੰ ਹੈ ਤਾ ਪੈਦਾ ।

(ਚੱਲਦਾ)





# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

**TRUCKING SERVICES AVAILABLE**

- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**

- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

**825 East Street, Suite 110 Woodland, CA 95776**
**440 N Palora Ave, Suite c Yuba City Ca. 95991**

**CALIFORNIA DMV LIV. # 40524**

ਸੋ ਸੂਰਾ ਤਿਸ ਹੀ ਹੋਇ ਮਰਣਾ ॥



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ
ਮੁਖੀ ਖਾਲਿਸਤਾਨ ਕਮਾਂਡੋ ਫੋਰਸ

## ਕੌਮੀ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨਮਿਤ

# ਸ਼ਰਧਾਂਜਲੀ ਸਮਾਗਮ

6 ਮਈ ਨੂੰ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਜੁਝਾਰੂ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪੰਥ ਦੇ ਦੁਸ਼ਮਣਾਂ ਨੇ ਗੋਲ਼ੀਆਂ ਮਰਵਾ ਕੇ ਸ਼ਹੀਦ ਕਰ ਦਿੱਤਾ ਹੈ। ਕੌਮ ਦੀ ਆਜ਼ਾਦੀ ਦੇ ਮਿਸ਼ਨ ਲਈ ਉਹ ਆਪਣਾ ਜੀਵਨ ਲੇਖੇ ਲਾ ਗਏ ਹਨ। ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਦੇਣ ਅਤੇ ਅਕਾਲ ਪੁਰਖ ਅੱਗੇ ਉਨ੍ਹਾਂ ਦੀ ਸੇਵਾ, ਘਾਲਣਾ ਅਤੇ ਕੁਰਬਾਨੀ ਨੂੰ ਸੱਚੀ ਦਰਗਾਹ ਵਿਚ ਪ੍ਰਵਾਨ ਕਰਵਾਉਣ ਲਈ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ, ਅਮਰੀਕਾ ਵਿਖੇ ਅਰਦਾਸ ਸਮਾਗਮ ਹੋਣਗੇ।

## ਭੋਗ ਸ੍ਰੀ ਸਹਿਜ ਪਾਠ

## 14 ਮਈ, ਦਿਨ ਐਤਵਾਰ, ਸਮਾਂ 10.00 ਵਜੇ

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 510-790-0177**

# ਸਿੱਖ ਪੰਥ ਦੀ ਉਘੀ ਸ਼ਖਸੀਅਤ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਨੇ ਤਿੱਬਤੀਆਂ ਦੇ ਧਾਰਮਿਕ ਆਗੂ ਸ੍ਰੀ ਦਲਾਈ ਲਾਮਾ ਨਾਲ ਕੀਤੀ ਮੁਲਾਕਾਤ




ਤਿੱਬਤੀਆ ਦੇ ਧਾਰਮਿਕ ਆਗੂ ਸ਼੍ਰੀ ਦਲਾਈ ਲਾਮਾ ਜੀ ਜੋ ਆਪਣੇ ਧਰਮ ਦੀ, ਆਪਣੀ ਬੋਲੀ ਦੀ, ਆਪਣੇ ਪਹਿਰਾਵੇ ਦੀ ਰੱਖਿਆ ਵਾਸਤੇ ਜਲਾਵਤਨੀ ਕੱਟ ਰਹੇ ਹਨ। ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਅਤੇ ਦਲਾਈ ਲਾਮਾ ਜੀ ਆਪਸ ਵਿੱਚ ਮਿਲਦੇ ਹੋਏ





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**20 ਦਸੰਬਰ, 1920**

ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿਚ ਆ ਜਾਣ ਦੇ ਬਾਅਦ ਗੁਰਦੁਆਰਾ ਪ੍ਰਬੰਧ ਸੁਧਾਰ ਅਤੇ ਸ਼੍ਰੋਮਣੀ ਕਮੇਟੀ ਦੇ ਹੱਥ ਮਜ਼ਬੂਤ ਕਰਨ ਲਈ ਪੰਥ ਦੇ ਰਾਜਸੀ ਤੇ ਸਮਾਜੀ ਪਿੜ ਵਿਚ ਆ ਰਹੇ ਸੰਘਰਸ਼ ਦਾ ਮੁਕਾਬਲਾ ਕਰਨ ਲਈ ਜੁਝਾਰੂ ਸਿੰਘਾਂ ਦੀ ਜਥੇਬੰਦੀ ਦੀ ਸਥਾਪਨਾ ਕਰਨ ਲਈ ਵਿਚਾਰ ਪੈਦਾ ਹੋਈ। ਇਸ ਮਕਸਦ ਲਈ ਸ੍ਰੀ ਅੰਮ੍ਰਿਤਸਰ ਵਿਖੇ ਪੰਥਕ ਮੁਖੀਆਂ ਦਾ ਇਕ ਇਕੱਠ ਬੁਲਾਇਆ ਗਿਆ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਨਾਮ ਦੀ ਪੰਥਕ ਜਥੇਬੰਦੀ ਦਾ ਗਠਨ ਕੀਤਾ ਗਿਆ। ਜਿਸ ਦਾ ਪਹਿਲਾ ਪ੍ਰਧਾਨ ਸ੍ਰ. ਸੁਰਮੁਖ ਸਿੰਘ 'ਝਬਾਲ' ਨੂੰ ਬਣਾਇਆ ਗਿਆ। ਇਉਂ ਇਕ ਮਹੀਨੇ ਅੰਦਰ-ਅੰਦਰ ਗੁਰੂ-ਪੰਥ ਦੀਆਂ ਦੋਵੇਂ ਜਥੇਬੰਦੀਆਂ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਗੁਰਦੁਆਰਿਆਂ ਦੀ ਸੇਵਾ-ਸੰਭਾਲ, ਗੁਰਮਤਿ ਤੇ ਵਿਦਿਆ ਪ੍ਰਚਾਰ, ਸਮਾਜੀ ਤੇ ਰਾਜਸੀ ਖੇਤਰਾ ਵਿਚ ਵਿਰੋਧੀਆਂ ਨਾਲ ਜੂਝਣ ਲਈ ਕਾਇਮ ਹੋ ਗਈਆਂ। (ਉਹੀ, ਪੰਨਾ ੩੫੩)

**30 ਅਪ੍ਰੈਲ, 1921**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਜਿਸਟਰਡ ਕਰਵਾ ਲਿਆ ਗਿਆ।

(ਉਹੀ, ਪੰਨਾ ੩੫੩)

**ਜੁਲਾਈ, 1921**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਕਾਇਦਾ ਪਰਚੀਆਂ ਨਾਲ ਚੁਣੀ ਗਈ।

(ਉਹੀ, ਪੰਨਾ ੩੫੩)

**14 ਅਗਸਤ, 1921**

ਉਕਤ ਚੁਣੀ ਹੋਈ ਕਮੇਟੀ ਦੀ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ। ਇਸ ਵਿਚ ਬਾਬਾ ਖੜਕ ਸਿੰਘ ਜੀ ਪ੍ਰਧਾਨ, ਸ੍ਰ. ਸੁੰਦਰ ਸਿੰਘ ਜੀ ਰਾਮਗੜ੍ਹੀਆ ਮੀਤ ਪ੍ਰਧਾਨ ਅਤੇ ਸ੍ਰ. ਮਹਿਤਾਬ ਸਿੰਘ ਜੀ ਜਨਰਲ ਸਕੱਤਰ ਚੁਣੇ ਗਏ। 31 ਮੈਂਬਰਾਂ ਦੀ ਅੰਤ੍ਰਿੰਗ ਕਮੇਟੀ ਬਣਾਈ ਗਈ।

(ਉਹੀ, ਪੰਨਾ ੩੫੩)


**21 ਫਰਵਰੀ, 1925**

ਸਰਕਾਰ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰ ਕੇ ਗੁਰਦੁਆਰਾ ਪ੍ਰਬੰਧ ਉਪਰ ਪੰਥ ਦਾ ਹੱਕ ਮੰਨ ਲਿਆ। 27 ਅਪ੍ਰੈਲ, 1925 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਪਰ ਹੋਈ ਸ਼੍ਰੋਮਣੀ ਕਮੇਟੀ ਦੀ ਆਪਣੀ ਮੀਟਿੰਗ ਵਿਚ ਉਪਰੋਕਤ ਬਿੱਲ 'ਤੇ ਵਿਚਾਰ ਕਰ ਕੇ ਕੁਝ ਤਰਮੀਮਾਂ ਸਮੇਤ ਪ੍ਰਵਾਨ ਕਰ ਲਿਆ, ਜਿਸ ਕਰਕੇ ਮੋਰਚਾ ਵਾਪਸ ਲੈ ਲਿਆ ਗਿਆ। ਇਹ ਬਿਲ 9 ਜੁਲਾਈ, 1925 ਨੂੰ ਪੰਜਾਬ ਕੌਂਸਲ ਵਿਚ ਪੇਸ਼ ਹੋ ਕੇ ਪਾਸ ਹੋ ਗਿਆ। ਪੰਜਾਬ ਦੇ ਗਵਰਨਰ ਨੇ 28 ਜੁਲਾਈ, 1925 ਨੂੰ ਇਸ ਦੀ ਪ੍ਰਵਾਨਗੀ ਦਿੱਤੀ ਤੇ ਇਹ ਐਕਟ 1 ਨਵੰਬਰ, 1925 ਈ. ਨੂੰ ਲਾਗੂ ਹੋਇਆ। (ਉਹੀ, ਪੰਨਾ ੩੫੩)

**18 ਜੁਲਾਈ, 1926**

ਗੁਰਦੁਆਰਾ ਐਕਟ, 1925 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਪੰਜਾਬ ਸਰਕਾਰ ਨੇ 18 ਜੁਲਾਈ, 1926 ਨੂੰ ਕਰਵਾਈ। 120 ਮੈਂਬਰ ਚੁਣ ਕੇ ਆਏ, 16 ਮੈਂਬਰ ਪੰਜਾਬ ਦੀਆਂ ਸਿੱਖ ਰਿਆਸਤਾਂ ਵਲੋਂ, 14 ਮੈਂਬਰ ਭਾਰਤ ਦੇ ਬਾਕੀ ਪ੍ਰਾਂਤਾਂ ਵਿਚੋਂ ਨਾਮਜ਼ਦ ਕੀਤੇ ਗਏ, ਚਾਰ ਤਖ਼ਤਾਂ ਦੇ ਜਥੇਦਾਰ ਤੇ ਇਕ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਪਦਵੀਆਂ ਕਾਰਨ ਨਾਮਜ਼ਦ ਮੰਨੇ ਗਏ। ਇਸ ਤਰ੍ਹਾਂ ਕੁੱਲ ਮੈਂਬਰਾਂ ਦੀ ਕੁਲ ਗਿਣਤੀ 155 ਹੋ ਗਈ।

(ਉਹੀ, ਪੰਨਾ ੩੫੩)




**4 ਸਤੰਬਰ, 1926**

ਡਿਪਟੀ ਕਮਿਸ਼ਨਰ ਦੇ ਸੱਦੇ 'ਤੇ ਗੁਰਦੁਆਰਾ ਸੈਂਟਰਲ ਬੋਰਡ 'ਤੇ ਪਹਿਲੀ ਮੀਟਿੰਗ 4 ਸਤੰਬਰ, 1926 ਨੂੰ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋਈ। ਇਸ ਵਿਚ 120 ਮੈਂਬਰ ਹਾਜ਼ਰ ਸਨ। ਇਸ ਤੋਂ ਇਲਾਵਾ ਨਾਭਾ, ਪਟਿਆਲਾ, ਫਰੀਦਕੋਟ, ਕਪੂਰਥਲਾ, ਕਲਸੀਆਂ ਅਤੇ ਜੀਂਦ ਰਿਆਸਤਾਂ ਵਲੋਂ 12 ਮੈਂਬਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਿਸ਼ਨ ਸਿੰਘ ਜੀ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰਤਾਪ ਸਿੰਘ ਜੀ, ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਮੁਕੰਦ ਸਿੰਘ ਜੀ ਅਤੇ ਸ੍ਰੀ ਹਰਿਮੰਦਰ ਸਾਹਿਬ ਵਲੋਂ ਸਿੰਘ ਸਾਹਿਬ ਫਤਹਿ ਸਿੰਘ ਜੀ ਸ਼ਾਮਲ ਸਨ। ਇਸ ਤਰ੍ਹਾਂ ਮੈਂਬਰਾਂ ਦੀ ਕੁਲ ਗਿਣਤੀ 136 ਹੋ ਗਈ। ਉਪਰੰਤ ਸ੍ਰ. ਮੰਗਲ ਸਿੰਘ ਜੀ, ਐਡੀਟਰ 'ਅਕਾਲੀ' ਨੂੰ ਇਸ ਇਕੱਤ੍ਰਤਾ ਦਾ ਚੇਅਰਮੈਨ ਚੁਣਿਆ ਗਿਆ। ਇਸ ਤੋਂ ਥੋੜ੍ਹੇ ਵਖਵੇ ਦੇ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 14 ਮੈਂਬਰ ਨਾਮਜ਼ਦ ਕੀਤੇ ਗਏ। ਇਸ ਤਰ੍ਹਾਂ ਸੈਂਟਰਲ ਗੁਰਦੁਆਰਾ ਬੋਰਡ ਦੇ ਕੁਲ ਮੈਂਬਰਾਂ ਦੀ ਗਿਣਤੀ 150 ਹੋ ਗਈ। ਉਪਰੰਤ ਬਾਬਾ ਖੜਕ ਸਿੰਘ ਜੀ ਸਿਆਲਕੋਟ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਜੀ ਮੀਤ ਪ੍ਰਧਾਨ ਚੁਣੇ ਗਏ ਤੇ ਬਾਅਦ ਵਿਚ ਜਨਰਲ ਮੈਂਬਰਾਂ ਦੀਆਂ ਵੋਟਾਂ ਨਾਲ ਅੰਤ੍ਰਿੰਗ ਕਮੇਟੀ ਦੇ 8 ਮੈਂਬਰ ਚੁਣੇ ਗਏ।

ਸਰਕਾਰ ਦੇ ਗੁਰਦੁਆਰਾ ਐਕਟ ਵਿਚ ਨਾਮ 'ਗੁਰਦੁਆਰਾ ਸੈਂਟਰਲ ਬੋਰਡ' ਸੀ ਪਰ ਅੱਜ ਦੀ ਪਹਿਲੀ ਮੀਟਿੰਗ ਵਿਚ ਇਸ ਦਾ ਨਾਮ ਗੁਰਦੁਆਰਾ ਸੈਂਟਰਲ ਬੋਰਡ ਤੋਂ ਬਦਲਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੨੬)

**ਦੂਜਾ ਪੜਾਅ 1927 - 1936**

**13-15 ਮਾਰਚ, 1927 ਅਨਮੋਲ** 165

ਸਿੱਖ ਗੁਰਦੁਆਰਾ ਐਕਟ ਅਧੀਨ ਕਾਇਮ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਜਨਰਲ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਈ। ਇਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਤੇਜਾ ਸਿੰਘ ਜੀ ਵੀ ਹਾਜ਼ਰ ਸਨ। **(ਚਲਦਾ)**

# ਚਾਰਲਸ ਦੀ ਬਰਤਾਨੀਆ ਦੇ ਮਹਾਰਾਜਾ ਵਜੋਂ ਤਾਜਪੋਸ਼ੀ

## • ਉਪ ਰਾਸ਼ਟਰਪਤੀ ਧਨਖੜ ਨੇ ਭਾਰਤ ਦੇ ਪ੍ਰਤੀਨਿਧੀ ਵਜੋਂ ਵੈਸਟਮਿੰਸਟਰ ਐਬੇ ਦੇ ਸਮਾਰੋਹ 'ਚ ਕੀਤੀ ਸ਼ਿਰਕਤ

## • ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਤਾਜਪੋਸ਼ੀ ਦੀਆਂ ਰਸਮਾਂ ਵਿਚ ਲਿਆ ਹਿੱਸਾ

ਲੰਡਨ : 'ਕਿੰਗ' ਚਾਰਲਸ (ਤੀਜੇ) ਦੀ ਅੱਜ ਅਧਿਕਾਰਤ ਤੌਰ 'ਤੇ ਬਰਤਾਨੀਆ (ਯੂਕੇ) ਦੇ ਮਹਾਰਾਜਾ ਵਜੋਂ ਤਾਜਪੋਸ਼ੀ ਕਰ ਦਿੱਤੀ ਗਈ। ਇੱਥੇ ਵੈਸਟਮਿੰਸਟਰ ਐਬੇ ਵਿਚ ਹੋਏ ਇਕ ਸ਼ਾਨਦਾਰ ਸਮਾਗਮ ਦੌਰਾਨ ਸ਼ਾਹੀ ਤਾਜ ਮਹਾਰਾਜਾ ਚਾਰਲਸ ਦੇ ਸਿਰ 'ਤੇ ਸਜਾਇਆ ਗਿਆ। ਇਸ ਮੌਕੇ 70 ਸਾਲ ਪਹਿਲਾਂ ਉਨ੍ਹਾਂ ਦੀ ਮਾਂ ਮਹਾਰਾਣੀ ਐਲਿਜ਼ਾਬੈੱਥ ਦੀ ਹੋਈ ਤਾਜਪੋਸ਼ੀ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਕਰੀਬ ਹਜ਼ਾਰ ਸਾਲ ਪੁਰਾਣੀ ਧਾਰਮਿਕ ਰਸਮ ਮੌਕੇ 'ਆਰਚਬਿਸ਼ਪ ਆਫ਼ ਕੈਂਟਰਬਰੀ' ਨੇ ਚਾਰਲਸ ਨੂੰ ਸਹੁੰ ਚੁਕਾਈ। ਇਸ ਮੌਕੇ ਬਰਤਾਨੀਆ ਦੇ ਪਹਿਲੇ ਹਿੰਦੂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਵੱਲੋਂ ਵੀ ਇਕ 'ਰੀਡਿੰਗ' ਕੀਤੀ ਗਈ। ਭਾਰਤ ਵੱਲੋਂ ਇਸ ਮੌਕੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਤੇ ਉਨ੍ਹਾਂ ਦੀ ਪਤਨੀ ਡਾ. ਸੁਦੇਸ਼ ਧਨਖੜ ਹਾਜ਼ਰ ਸਨ। ਉਹ ਰਾਸ਼ਟਰਮੰਡਲ ਦੇਸ਼ਾਂ ਦੇ ਕਈ ਹੋਰ ਪ੍ਰਤੀਨਿਧੀਆਂ ਦੇ ਨਾਲ ਬੈਠੇ। ਰਾਣੀ ਕੈਮਿਲਾ ਨੇ ਇਸ ਮੌਕੇ ਰਾਣੀ ਮੈਰੀ ਦਾ 1911 ਵਿਚ ਡਿਜ਼ਾਈਨ ਕੀਤਾ ਹੀਰਿਆਂ ਜੜਿਆਂ ਤਾਜ ਪਹਿਨਿਆ। ਇਸ ਮੌਕੇ ਭਾਰਤੀ ਮੂਲ ਦੇ ਹਾਜ਼ਰ ਲੋਕਾਂ ਵਿਚ 'ਬੀਈਐਮ' ਨਾਲ ਸਨਮਾਨਿਤ ਬੰਸਰੀ ਰੂਪਾਰੇਲੀਆ, ਮੰਜੂ ਮੱਲ੍ਹੀ, ਜੈ ਪਟੇਲ ਤੇ ਹੋਰ ਹਾਜ਼ਰ ਸਨ। ਤਾਜਪੋਸ਼ੀ ਦੀ ਇਸ ਪਵਿੱਤਰ ਰਸਮ ਮੌਕੇ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ ਦਾ ਪ੍ਰਤੀਕਾਤਮਕ ਤੌਰ 'ਤੇ ਮੁੜ ਵਿਆਹ ਕੀਤਾ ਗਿਆ, ਤੇ ਦੋਵਾਂ ਨੂੰ ਇਕੱਠਿਆਂ ਪ੍ਰਮਾਤਮਾ ਅੱਗੇ ਸੇਵਾ ਵਿਚ ਰਹਿਣ ਦੀ ਸਹੁੰ ਚੁਕਾਈ ਗਈ। ਜ਼ਿਕਰਯੋਗ ਹੈ ਕਿ ਵਿਲੀਅਮ 'ਦਿ ਕੌਨਕੁਐਰਰ' ਦੀ ਸੰਨ 1066 ਵਿਚ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਵੈਸਟਮਿੰਸਟਰ ਐਬੇ ਵਿਚ ਹੀ ਹਰ ਅਗਲੇ ਮਹਾਰਾਜਾ-ਮਹਾਰਾਣੀ ਦੀ ਤਾਪਜੋਸ਼ੀ ਹੁੰਦੀ ਰਹੀ ਹੈ।





ਇਸ ਮੌਕੇ ਵੱਖ-ਵੱਖ ਧਰਮਾਂ ਦੇ ਆਗੂ ਤੇ ਹਿੰਦੂ, ਸਿੱਖ, ਮੁਸਲਿਮ, ਬੋਧੀ ਤੇ ਯਹੂਦੀ ਧਰਮਾਂ ਦੇ ਪ੍ਰਤੀਨਿਧੀ ਹਾਜ਼ਰ ਸਨ। ਭਾਰਤੀ ਮੂਲ ਦੇ 'ਹਾਊਸ ਆਫ ਲਾਰਡਜ਼' ਮੈਂਬਰਾਂ ਨੇ ਵੀ ਤਾਜਪੋਸ਼ੀ ਦੀ ਰਸਮ ਵਿਚ ਹਿੱਸਾ ਲਿਆ। ਇਸ ਤੋਂ ਪਹਿਲਾਂ ਮਹਾਰਾਜਾ ਚਾਰਲਸ ਆਪਣੀ ਪਤਨੀ ਕੈਮਿਲਾ ਦੇ ਨਾਲ ਬਕਿੰਘਮ ਪੈਲੇਸ ਤੋਂ 'ਡਾਇਮੰਡ ਜੁਬਲੀ ਸਟੇਟ ਕੋਚ' (ਘੋੜਾ ਗੱਡੀ) ਵਿਚ ਐਬੇ ਲਈ ਨਿਕਲੇ। ਉਨ੍ਹਾਂ ਦੇ ਨਾਲ-ਨਾਲ ਘੋੜਿਆਂ ਉਤੇ ਤੇ ਪੈਦਲ ਫ਼ੌਜੀ ਵੀ ਚੱਲੇ। ਇਸ ਮੌਕੇ ਕੇਂਦਰੀ ਲੰਡਨ ਦੀਆਂ ਗਲੀਆਂ ਵਿਚ ਹਜ਼ਾਰਾਂ ਲੋਕ ਜੁੜੇ। ਇਸ ਮੌਕੇ ਰਾਜਤੰਤਰ (ਬ੍ਰਿਟਿਸ਼ ਸਾਮਰਾਜ) ਦਾ ਵਿਰੋਧ ਕਰਨ ਵਾਲੇ ਲੋਕ ਵੀ ਹਾਜ਼ਰ ਸਨ। ਉਨ੍ਹਾਂ ਟਰੈਫਾਲਗਰ ਸਕੁਏਅਰ 'ਤੇ ਰੋਸ ਪ੍ਰਦਰਸ਼ਨ ਕੀਤਾ। ਕੁਝ ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿਚ ਲੈਣ ਦੀ ਸੂਚਨਾ ਵੀ ਹੈ। ਐਬੇ ਵਿਚ ਦੋ ਹਜ਼ਾਰ ਤੋਂ ਵੱਧ ਲੋਕਾਂ ਨੇ ਮਹਾਰਾਜੇ ਦਾ ਸਵਾਗਤ ਕੀਤਾ। ਮਹਾਰਾਜਾ ਚਾਰਲਸ ਤੇ ਰਾਣੀ ਕੈਮਿਲਾ ਵੈਸਟਮਿੰਸਟਰ ਐਬੇ ਵਿਚ ਤਾਜਪੋਸ਼ੀ ਮਗਰੋਂ ਬਕਿੰਘਮ ਪੈਲੇਸ ਗਏ ਤੇ ਮਹਿਲ ਦੀ ਬਾਲਕੋਨੀ ਵਿਚੋਂ ਲੋਕਾਂ ਦੀਆਂ ਵਧਾਈਆਂ ਕਬੂਲੀਆਂ।

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"


## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ


# Gurdwara Sahib Stockton


1930 South Sikh Temple St, Stockton, CA 95206 (A Historical Land Mark of CA)

# 18, ਜੂਨ ਘੱਲੂਘਾਰਾ ਦਿਵਸ




ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ


ਸ਼ਹੀਦ ਭਾਈ ਜਨਰਲ ਸੁਬੇਗ ਸਿੰਘ


ਸ਼ਹੀਦ ਭਾਈ ਅਮਰੀਕ ਸਿੰਘ

## ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ


ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਸਾਡੇ ਲੋਕ

**ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ**

**ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750,
ਅਮਰਜੀਤ ਸਿੰਘ ਤੁੰਗ -209-954-2881, ਰਵਿੰਦਰ ਸਿੰਘ ਧਾਲੀਵਾਲ-209-405-1544, ਜਗਜੀਤ ਸਿੰਘ ਰੱਕੜ - 209-483-9700,
ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਗੁਰਨਾਮ ਸਿੰਘ ਟਿੱਕਾ - 209-649-1208,
ਗੁਰਨਾਮ ਸਿੰਘ ਵੜੈਚ - 415-596-9246, ਬਲਦੇਵ ਸਿੰਘ - 209-351-0786, ਰਮਿੰਦਰਜੀਤ ਸਿੰਘ ਮਿੰਟੂ (ਸੰਧੂ) - 209-494-6462

ਜਲੰਧਰ ਜ਼ਿਮਨੀ ਚੋਣ

# ਭਾਜਪਾ ਨੌਂ ਸਾਲਾਂ ਦਾ ਕੰਮ ਮਹੀਨਿਆਂ 'ਚ ਕਰ ਕੇ ਦਿਖਾਏਗੀ: ਅਸ਼ਵਨੀ



ਜਲੰਧਰ : ਚੋਣ ਦੇ ਪ੍ਰਚਾਰ ਦੇ ਆਖਰੀ ਦਿਨ ਅੱਜ ਇੱਥੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਜਪਾ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ ਦੇ ਗੱਠਜੋੜ ਤੋਂ ਮੁਕਤ ਹੋ ਕੇ ਲੜ ਰਹੀ ਹੈ ਅਤੇ ਇਹ ਚੋਣ ਕਈ ਪੱਖਾਂ ਤੋਂ ਖ਼ਾਸ ਵੀ ਹੈ।
ਉਨ੍ਹਾਂ ਕਿਹਾ ਕਿ ਕਾਂਗਰਸੀ ਸੰਸਦ ਮੈਂਬਰ ਨੇ ਸੰਸਦ ਵਿੱਚ ਨੌਂ ਸਾਲਾਂ 'ਚ ਨੌਂ ਵਾਰ ਵੀ ਜਲੰਧਰ ਦੀ ਆਵਾਜ਼ ਨਹੀਂ ਚੁੱਕੀ। ਉਨ੍ਹਾਂ ਕਿਹਾ ਕਿ ਲੋਕ ਭਾਜਪਾ ਨੂੰ ਜਿਤਾਉਣ ਦਾ ਮਨ ਬਣਾ ਚੁੱਕੇ ਹਨ। ਜਿਹੜੇ ਕੰਮ ਕਾਂਗਰਸ ਦੇ ਸੰਸਦ ਮੈਂਬਰ ਨੌਂ ਸਾਲਾਂ 'ਚ ਨਹੀਂ ਕਰ ਸਕੇ, ਭਾਜਪਾ ਸੰਸਦ ਮੈਂਬਰ ਉਹ ਨੌਂ ਮਹੀਨਿਆਂ 'ਚ ਕਰਨਗੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਨੌਂ ਮਹੀਨਿਆਂ 'ਚ ਵਿਕਾਸ ਦਾ ਟ੍ਰੇਲਰ ਦਿਖਾ ਦੇਵੇਗੀ, ਜਦਕਿ ਪੂਰੀ ਤਸਵੀਰ ਦੇਖਣ ਲਈ ਲੋਕ ਆਪਣੇ ਆਪ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਚੁਣਨਗੇ। ਉਨ੍ਹਾਂ ਦੱਸਿਆ ਕਿ ਜਲੰਧਰ ਦੀ ਜ਼ਿਮਨੀ ਚੋਣ ਜਿੱਤਣ ਲਈ 6500 ਵਰਕਰਾਂ ਨੇ ਦਿਨ ਰਾਤ ਮਿਹਨਤ ਕੀਤੀ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਭਾਜਪਾ ਨੇ ਪਿੰਡਾਂ ਤੇ ਸ਼ਹਿਰਾਂ ਦੇ ਢਾਈ ਲੱਖ ਪਰਿਵਾਰਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਦੇ ਵਰਕਰ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਲੋਕਾਂ ਨਾਲ ਸੰਪਰਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਦੇਸ਼ ਹਰੇਕ ਵੋਟਰ ਤੱਕ ਪਹੁੰਚਾਇਆ। ਇਸ ਮੌਕੇ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਯੂਨਾਈਟਿਡ ਦੇ ਸਾਂਝੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਕਿਹਾ ਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਪੰਜਾਬ ਵਿੱਚ ਇੱਕ ਨਵੇਂ ਦੌਰ ਅਤੇ ਨਵੀਂ ਸਵੇਰ ਦੀ ਸ਼ੁਰੂਆਤ ਸਾਬਤ ਹੋਵੇਗੀ।

# ਭੋਜਪੁਰੀ ਅਦਾਕਾਰ ਵੱਲੋਂ ਅਟਵਾਲ ਦੇ ਹੱਕ 'ਚ ਪ੍ਰਚਾਰ

## 'ਬੁਲਡੋਜ਼ਰ ਬਾਬਾ' ਨੇ ਉੱਤਰ ਪ੍ਰਦੇਸ਼ ਵਿੱਚ ਚੋਰਾਂ, ਗੁੰਡਿਆਂ ਅਤੇ ਬਦਮਾਸ਼ਾਂ ਦਾ ਕੀਤਾ ਖਾਤਮਾ: ਨਿਰਹੁਆ



ਜਲੰਧਰ : ਭਾਜਪਾ ਦੇ ਸੰਸਦ ਮੈਂਬਰ ਅਤੇ ਭੋਜਪੁਰੀ ਅਦਾਕਾਰ ਦਿਨੇਸ਼ ਲਾਲ ਯਾਦਵ ਨਿਰਹੁਆ ਨੇ ਅੱਜ ਜਲੰਧਰ ਦੇ ਉੱਤਰੀ ਵਿਧਾਨ ਸਭਾ ਹਲਕੇ ਦੇ ਫੋਕਲ ਪੁਆਇੰਟ ਵਿੱਚ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਮੌਕੇ ਵੱਡੀ ਗਿਣਤੀ ਲੋਕ ਉਨ੍ਹਾਂ ਨੂੰ ਸੁਣਨ ਅਤੇ ਦੇਖਣ ਪਹੁੰਚੇ। ਇਸ ਦੌਰਾਨ ਨਿਰਹੁਆ ਨੇ ਭੋਜਪੁਰੀ ਅੰਦਾਜ਼ ਵਿੱਚ ਲੋਕਾਂ ਨੂੰ ਭਾਜਪਾ ਦਾ ਚੋਣ ਨਿਸ਼ਾਨ 'ਕਮਲ' ਦਾ ਬਟਨ ਦਬਾਉਣ ਦੀ ਅਪੀਲ ਕੀਤੀ। ਇਸ ਮੌਕੇ ਨਿਰਹੁਆ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਤਾਰੀਫ ਵੀ ਕੀਤੀ। ਉਨ੍ਹਾਂ ਕਿਹਾ ਕਿ 'ਬੁਲਡੋਜ਼ਰ ਬਾਬਾ' ਨੇ ਉੱਤਰ ਪ੍ਰਦੇਸ਼ ਵਿੱਚ ਸਾਰੇ ਚੋਰਾਂ, ਗੁੰਡਿਆਂ ਅਤੇ ਬਦਮਾਸ਼ਾਂ ਦਾ ਖ਼ਾਤਮਾ ਕਰ ਦਿੱਤਾ ਹੈ ਅਤੇ ਜਿਹੜੇ ਬਚੇ ਹਨ ਉਨ੍ਹਾਂ ਨੂੰ ਵੀ ਖ਼ਤਮ ਕਰ ਦਿੱਤਾ ਜਾਵੇਗਾ। ਉੱਥੇ ਕਾਨੂੰਨ ਦਾ ਰਾਜ ਸਥਾਪਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲੋਂ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਿਲਕੁਲ ਕਾਬੂ 'ਚ ਨਹੀਂ ਆ ਰਹੀ ਹੈ। ਇਸ ਦੌਰਾਨ ਭੋਜਪੁਰੀ ਗਾਇਕ ਨੇ ਆਪਣੀਆਂ ਫਿਲਮਾਂ ਦੇ ਗੀਤ ਵੀ ਗਾਏ ਅਤੇ 'ਸਬਕੋ ਜਾਈਏ ਭੂਲ, ਬੱਸ ਯਾਦ ਰਖੀਏ ਕਮਲ ਕਾ ਫੂਲ' ਦਾ ਨਾਅਰਾ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ 2024 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਭਾਜਪਾ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਤੇ ਹੋਰ ਆਗੂ ਹਾਜ਼ਰ ਸਨ।

# ਰਵਾਇਤੀ ਪਾਰਟੀਆਂ ਨੇ ਪੰਜਾਬ ਨੂੰ ਨਜ਼ਰਅੰਦਾਜ਼ ਕੀਤਾ: ਕੇਜਰੀਵਾਲ



ਸ਼ਾਹਕੋਟ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਆਪ' ਉਮੀਦਵਾਰ ਸੁਸ਼ੀਲ ਰਿੰਕੂ ਦੇ ਹੱਕ ਵਿੱਚ ਕਸਬਾ ਲੋਹੀਆਂ ਖਾਸ ਅਤੇ ਨਕੋਦਰ ਵਿੱਚ ਰੋਡ ਸ਼ੋਅ ਕੀਤਾ।
ਇਸ ਦੌਰਾਨ ਸ੍ਰੀ ਕੇਜਰੀਵਾਲ ਨੇ ਇਲਾਕਾ ਵਾਸੀਆਂ ਨੂੰ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ 60 ਸਾਲਾਂ ਤੋਂ ਅਤੇ ਭਾਜਪਾ ਆਗੂ 10 ਸਾਲਾਂ ਤੋਂ ਪੰਜਾਬ ਨਾਲ ਧੱਕਾ ਤੇ ਬੇਇਨਸਾਫੀ ਕਰਦੇ ਆ ਰਹੇ ਹਨ। ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਕੀਤੇ ਗਏ ਘਾਣ ਕਾਰਨ ਹੀ ਇਸ ਸਮੇਂ ਹਰ ਪੰਜਾਬੀ ਇਕ ਲੱਖ ਰੁਪਏ ਦਾ ਕਰਜ਼ਈ ਬਣ ਗਿਆ ਹੈ। ਉਨ੍ਹਾਂ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ 'ਆਪ' ਉਮੀਦਵਾਰ ਨੂੰ ਜਿਤਾਉਣ ਦਾ ਹੋਕਾ ਦਿੱਤਾ।
ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਅਜਿਹੀ ਇਮਾਨਦਾਰ ਸਰਕਾਰ ਆਈ ਹੈ, ਜਿਸ ਨੇ ਆਪਣੇ ਸਵਾ ਸਾਲ ਦੇ ਕਾਰਜਕਾਲ ਦੌਰਾਨ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣਾ ਸ਼ੁਰੂ ਕਰ ਦਿੱਤਾ ਹੈ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਦਿੱਤਾ ਹੈ।
ਇਸ ਦੌਰਾਨ ਕੇਜਰੀਵਾਲ ਤੇ ਭਗਵੰਤ ਮਾਨ ਅੱਜ ਨਿਰਮਲ ਕੁਟੀਆ ਸੀਚੇਵਾਲ ਵਿਖੇ ਨਤਮਸਤਕ ਹੋਏ। ਇੱਥੇ ਉਨ੍ਹਾਂ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਵੀ ਕੀਤੀ। ਸੰਤ ਸੀਚੇਵਾਲ ਨੇ ਦੋਵੇਂ ਮੁੱਖ ਮੰਤਰੀਆਂ ਨੂੰ ਵਾਤਾਵਰਨ ਦਾ ਏਜੰਡਾ ਸੌਂਪਦਿਆਂ ਕਿਹਾ ਕਿ ਜੇਕਰ ਚਿੱਟੀ ਵੇਈਂ ਵਿੱਚ ਸਾਫ ਪਾਣੀ ਛੱਡਿਆ ਜਾਵੇ ਤਾਂ ਦੋਆਬੇ ਵਿੱਚ ਧਰਤੀ ਹੇਠਲੇ ਪਾਣੀ 'ਚ ਵੱਡੇ ਪੱਧਰ 'ਤੇ ਸੁਧਾਰ ਹੋ ਸਕਦਾ ਹੈ। ਹੜ੍ਹਾਂ ਦੀ ਰੋਕਥਾਮ ਵਾਸਤੇ ਉਨ੍ਹਾਂ ਦਰਿਆ ਦੇ ਧੁੱਸੀ ਬੰਨ੍ਹ ਉੱਪਰ ਗਿੱਦੜਪਿੰਡੀ ਤੋਂ ਲੈ ਕੇ ਫਿਲੌਰ ਤੱਕ ਪੱਕੀ ਸੜਕ ਬਣਾਉਣ ਦੀ ਤਜਵੀਜ਼ ਵੀ ਰੱਖੀ। ਇਸ ਦੌਰਾਨ ਹੜ੍ਹ ਰੋਕੂ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਨੇ ਸਤਲੁਜ ਦਰਿਆ ਕੰਢੇ ਵੱਸਦੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਭਗਵੰਤ ਮਾਨ ਨੂੰ ਮੰਗ ਪੱਤਰ ਸੌਂਪਿਆ।

# ਭਗਵੰਤ ਮਾਨ ਕਾਗਜ਼ੀ ਮੁੱਖ ਮੰਤਰੀ: ਸੁਖਬੀਰ ਬਾਦਲ



ਭੋਗਪੁਰ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪਿੰਡ ਬਹਿਰਾਮ ਸ਼ਰਿਸਤਾ ਵਿੱਚ ਅਕਾਲੀ ਦਲ-ਬਸਪਾ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਸੁੱਖੀ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਨੇ ਸਦਾ ਹੀ ਪੰਜਾਬ ਅਤੇ ਪੰਜਾਬੀਅਤ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਵਿੱਚ ਸਿਰਫ ਕਾਗਜ਼ੀ ਮੁੱਖ ਮੰਤਰੀ ਹੈ। ਅਸਲ ਵਿੱਚ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹੀ ਪੰਜਾਬ ਵਿੱਚ ਸਰਬਪੱਖੀ ਵਿਕਾਸ ਕੀਤਾ ਹੈ ਅਤੇ ਹਰ ਵਰਗ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਜ਼ਿਮਨੀ ਚੋਣ ਵਿੱਚ ਅਕਾਲੀ ਦਲ-ਬਸਪਾ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਸੁੱਖੀ ਨੂੰ ਜਿਤਾਉਣਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।
ਇਸ ਦੌਰਾਨ ਸਾਬਕਾ ਅਕਾਲੀ ਵਿਧਾਇਕ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਇਸ ਜ਼ਿਮਨੀ ਚੋਣ ਵਿੱਚ ਡਾ. ਸੁੱਖੀ ਦੀ ਜਿੱਤ ਨਾਲ ਪੰਜਾਬ ਵਿੱਚ ਅਕਾਲੀ-ਬਸਪਾ ਦਾ ਸਿਆਸੀ ਆਧਾਰ ਹੋਰ ਵਧ ਜਾਵੇਗਾ। ਬਸਪਾ ਆਗੂ ਗੁਰਲਾਲ ਸ਼ੈਲਾ ਨੇ ਕਿਹਾ ਕਿ ਅਕਾਲੀ-ਬਸਪਾ ਗੱਠਜੋੜ ਖ਼ੁਸ਼ਹਾਲੀ ਦਾ ਪ੍ਰਤੀਕ ਅਤੇ ਭਾਈਚਾਰਕ ਸਾਂਝ ਦਾ ਧਾਰਨੀ ਹੈ ਜਦੋਂ ਕਿ ਕਾਂਗਰਸ ਅਤੇ ਭਾਜਪਾ ਨੇ ਲੋਕਾਂ ਨੂੰ ਧਰਮ ਤੇ ਜਾਤਾਂ ਵਿੱਚ ਵੰਡ ਕੇ ਲੁੱਟਿਆ ਅਤੇ ਕੁੱਟਿਆ ਹੈ। 'ਆਪ' ਸਰਕਾਰ ਨੇ ਪੰਜਾਬ ਦਾ ਵਿਕਾਸ ਕਰਨ ਦੀ ਥਾਂ ਸੂਬੇ ਨੂੰ ਹੋਰ ਪਿੱਛੇ ਧੱਕਿਆ ਹੈ, ਜਿਸ ਦਾ ਖ਼ਮਿਆਜ਼ਾ ਉਸ ਨੂੰ ਚੋਣਾਂ ਵਿੱਚ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਜ਼ਿਮਨੀ ਚੋਣ ਵਿੱਚ ਅਕਾਲੀ-ਬਸਪਾ ਉਮੀਦਵਾਰ ਡਾ. ਸੁੱਖੀ ਜਿੱਤ ਕੇ ਇਤਿਹਾਸ ਸਿਰਜਣਗੇ।

# 'ਆਪ' ਜਿੱਤ ਦੀ ਦੌੜ 'ਚੋਂ ਬਾਹਰ: ਸਿੱਧੂ



ਜਲੰਧਰ/ਸ਼ਾਹਕੋਟ : ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਰੋਡ ਸ਼ੋਅ ਕੀਤਾ। ਸਪੋਰਟਸ ਕੰਪਲੈਕਸ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਮੁਹੱਲਿਆਂ 'ਚੋਂ ਹੁੰਦਾ ਹੋਇਆ ਇਹ ਰੋਡ ਸ਼ੋਅ ਫੁਟਬਾਲ ਚੌਕ ਨੇੜੇ ਪੁੱਜ ਕੇ ਸਮਾਪਤ ਹੋਇਆ। ਇਸ ਮੌਕੇ ਵਰਕਰਾਂ ਨੇ ਕਾਂਗਰਸੀ ਆਗੂਆਂ ਦਾ ਸਵਾਗਤ ਫੁੱਲਾਂ ਦੀ ਵਰਖਾ ਕਰ ਕੇ ਕੀਤਾ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਦੇ ਰੋਡ ਸ਼ੋਅ ਪ੍ਰਤੀ ਲੋਕਾਂ ਵਿਚ ਉਤਸ਼ਾਹ ਦੇਖ ਕੇ ਸਾਫ ਪਤਾ ਲੱਗਦਾ ਹੈ ਕਿ ਕਾਂਗਰਸ ਦੇ ਉਮੀਦਵਾਰ ਦੀ ਜਿੱਤ ਪੱਕੀ ਹੈ। ਇਸ ਵਾਰ 'ਆਪ' ਜਿੱਤ ਦੀ ਦੌੜ 'ਚੋਂ ਬਾਹਰ ਹੈ। ਉਨ੍ਹਾਂ ਕਿਹਾ ਕਿ 'ਆਪ' ਝੂਠੇ ਲਾਰੇ ਲਾ ਕੇ ਸੱਤਾ ਵਿਚ ਆਈ ਹੈ। ਲੋਕ ਇਸ ਦਾ ਹਿਸਾਬ ਜ਼ਰੂਰ ਲੈਣਗੇ।
ਇਸ ਮੌਕੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਤੋਂ ਲੋਕਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ। ਉਨ੍ਹਾਂ ਨੂੰ ਭੀੜ ਦਿਖਾਉਣ ਲਈ ਬਾਹਰਲੇ ਹਲਕਿਆਂ ਤੋਂ ਲੋਕ ਲਿਆਉਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗੈਂਗਸਟਰਾਂ ਦਾ ਰਾਜ ਹੈ ਤੇ ਆਮ ਲੋਕਾਂ ਦਾ ਜਿਊਣਾ ਬਹੁਤ ਮੁਸ਼ਕਿਲ ਹੋ ਗਿਆ ਹੈ।
ਇਸੇ ਤਰ੍ਹਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਅੱਜ ਸ਼ਾਹਕੋਟ ਅਤੇ ਲੋਹੀਆਂ ਖਾਸ ਵਿੱਚ ਕਾਂਗਰਸ ਦੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਚੋਣ ਮੀਟਿੰਗਾਂ ਕੀਤੀਆਂ।
ਇਸ ਦੌਰਾਨ ਉਨ੍ਹਾਂ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਹਰਾਉਣ ਅਤੇ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ ਜਿਤਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੂੰ ਰਿਮੋਟ ਨਾਲ ਚਲਾਉਣ ਵਾਲੇ ਦਿੱਲੀ ਦੇ ਆਗੂ ਪੰਜਾਬੀਆਂ ਨੂੰ ਦਬਾਉਣ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਉਨ੍ਹਾਂ ਭਾਜਪਾ ਨੂੰ ਪੰਜਾਬ ਵਿਰੋਧੀ ਅਤੇ 'ਆਪ' ਨੂੰ ਦਲਿਤ, ਸਿੱਖ ਤੇ ਕਿਸਾਨ ਵਿਰੋਧੀ ਕਰਾਰ ਦਿੱਤਾ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

(510) 400-7300
(209) 921-3351

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

1780 Whipple Rd. Suite# 110, UnionCity CA - 94587 (510) 601-6200 info@TOTALIRP.com

# ਪੰਥਕ ਮਸਲਿਆਂ ਦੇ ਹੱਲ ਲਈ ਸਮੁੱਚੀਆਂ ਜਥੇਬੰਦੀਆਂ ਇਕਜੁੱਟ ਹੋਣ : ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ



ਜਲੰਧਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਿੱਖ ਕੌਮ ਬਹੁਤ ਹੀ ਨਾਜ਼ੁਕ ਦੌਰ ਵਿਚੋਂ ਲੰਘ ਰਹੀ ਹੈ ਤੇ ਕੌਮ ਦੇ ਸਾਹਮਣੇ ਅਨੇਕਾਂ ਮਸਲੇ ਹਨ। ਲਗਾਤਾਰ ਵਧ ਰਹੇ ਨਸ਼ੇ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ ਤੇ ਪਤਿਤਪੁਣੇ ਦਾ ਸ਼ਿਕਾਰ ਹੋ ਕੇ ਨੌਜਵਾਨ ਸਿੱਖੀ ਤੋਂ ਦੂਰ ਜਾ ਰਹੇ ਹਨ। ਇਥੇ ਹੀ ਬੱਸ ਨਹੀਂ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਪੜ੍ਹੇ-ਲਿਖੇ ਨੌਜਵਾਨ ਮੁੰਡੇ-ਕੁੜੀਆਂ ਦੇ ਨਾਲ-ਨਾਲ ਪਰਿਵਾਰਾਂ ਦੇ ਪਰਿਵਾਰ ਵਿਦੇਸ਼ਾਂ ਨੂੰ ਜਾ ਰਹੇ ਹਨ ਅਤੇ ਇਕ ਤਰ੍ਹਾਂ ਨਾਲ ਪੰਜਾਬ ਖਾਲੀ ਹੋ ਰਿਹਾ ਹੈ। ਉਨ੍ਹਾਂ ਪੰਜਾਬ ਦੇ ਮੌਜੂਦਾ ਹਾਲਾਤ ਤੇ ਖਾਸ ਕਰਕੇ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਹਾਲਾਤ 'ਚ ਸਿੱਖ ਧਰਮ ਦੀਆਂ ਉੱਚ ਰਵਾਇਤਾਂ, ਪਰੰਪਰਾਵਾਂ ਅਤੇ ਸਿਧਾਂਤਾਂ 'ਤੇ ਡਟ ਕੇ ਪਹਿਰਾ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅੰਦਰ ਅਜਿਹੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਕਿ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਭੇਜਣ ਲਈ ਮਜਬੂਰ ਹੋ ਰਹੇ ਹਨ, ਜਦਕਿ ਦੂਜੇ ਪਾਸੇ ਪੰਜਾਬ 'ਚ ਬਾਹਰਲੇ ਰਾਜਾਂ ਤੋਂ ਆ ਕੇ ਲੋਕ ਚੰਗਾ ਤੇ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਇਸ ਸਭ ਦੇ ਪਿੱਛੇ ਉਨ੍ਹਾਂ ਸਰਕਾਰਾਂ ਦੀਆਂ ਨਾਂਹ ਪੱਖੀ ਨੀਤੀਆਂ ਨੂੰ ਜ਼ਿੰਮੇਵਾਰ ਦੱਸਦੇ ਹੋਏ ਕਿਹਾ ਕਿ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ 'ਚ ਨਾਕਾਮ ਸਾਬਤ ਹੋਈਆਂ ਹਨ। ਬੰਦੀ ਸਿੰਘਾਂ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਸਲੇ 'ਤੇ ਕੇਂਦਰ ਸਰਕਾਰ ਨੇ ਅੜੀਅਲ ਵਤੀਰਾ ਅਪਣਾਇਆ ਹੋਇਆ ਹੈ ਅਤੇ 25-25 ਸਾਲ ਤੋਂ ਵੀ ਵੱਧ ਸਜ਼ਾ ਭੁਗਤ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ ਵਲੋਂ ਰਾਜੀਵ ਗਾਂਧੀ ਦੇ ਹਤਿਆਰਿਆਂ ਸਮੇਤ ਹੋਰਨਾਂ ਖਤਰਨਾਕ ਅਪਰਾਧੀਆਂ ਨੂੰ ਜੇਲ੍ਹਾਂ ਤੋਂ ਰਿਹਾਅ ਕੀਤਾ ਜਾ ਰਿਹਾ ਹੈ, ਜਦਕਿ ਦੂਸਰੇ ਪਾਸੇ ਸਿੱਖ ਕੌਮ ਨਾਲ ਲਗਾਤਾਰ ਬੇਇਨਸਾਫੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਬੰਦੀਆਂ ਦੀ ਰਿਹਾਈ ਦਾ ਮਸਲਾ ਦੁਨੀਆ ਭਰ 'ਚ ਵਸਦੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦੀ ਮਾਨਸਿਕਤਾ ਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਬਹੁਤ ਹੀ ਗੰਭੀਰ ਮਸਲਾ ਹੈ, ਜਿਸ ਵੱਲ ਕੇਂਦਰ ਦੀ ਸਰਕਾਰ ਨੂੰ ਫੌਰੀ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਇਕ ਅਜਿਹੀ ਕੌਮ ਹੈ, ਜਿਸ ਨੇ ਹਮੇਸ਼ਾ ਮਾਨਵਤਾ ਦੀ ਭਲਾਈ ਲਈ ਕੰਮ ਕੀਤਾ ਹੈ ਤੇ ਇਸ ਤੋਂ ਕਿਸੇ ਨੂੰ ਕੀ ਖਤਰਾ ਹੋ ਸਕਦਾ ਹੈ? ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਤੇ ਰਾਜਾਂ ਦੇ ਅਧਿਕਾਰਾਂ ਸਮੇਤ ਹੋਰਨਾਂ ਮਸਲਿਆਂ ਦੇ ਹੱਲ ਲਈ ਸਮੁੱਚੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦਾ ਵੀ ਸੱਦਾ ਦਿੰਦੇ ਹੋਏ ਕਿਹਾ ਕਿ ਅੱਜ ਅਜਿਹਾ ਕੋਈ ਮਸਲਾ ਨਹੀਂ ਹੈ, ਜਿਸ ਨੂੰ ਪੰਜਾਬੀ ਇਕਜੁੱਟ ਹੋ ਕੇ ਹੱਲ ਨਾ ਕਰਵਾ ਸਕਦੇ ਹੋਣ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੋਹਰੀ ਰੋਲ ਅਦਾ ਕਰਨਾ ਚਾਹੀਦਾ ਹੈ ਤੇ ਸਾਰੀਆਂ ਪੰਥਕ ਜਥੇਬੰਦੀਆਂ ਨੂੰ ਇਕਜੁੱਟ ਕਰਨ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਜਾਂ ਦੇ ਵੱਧ ਅਧਿਕਾਰਾਂ ਲਈ ਜੇਕਰ ਕਿਸੇ ਪਾਰਟੀ ਨੇ ਆਵਾਜ਼ ਉਠਾਈ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਹੈ ਅਤੇ ਸਵਰਗੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਪਿਛਲੇ ਲੰਬੇ ਸਮੇਂ ਤੋਂ ਸੰਘੀ ਢਾਂਚੇ ਦੀ ਲੜਾਈ ਲੜਦੀ ਆ ਰਹੀ ਹੈ। ਇਸ ਮੌਕੇ ਉਨ੍ਹਾਂ ਅਮਰੀਕਾ ਸਮੇਤ ਹੋਰਨਾਂ ਕਈ ਵਿਕਸਿਤ ਮੁਲਕਾਂ ਦੇ ਹਵਾਲੇ ਨਾਲ ਕਿਹਾ ਕਿ ਇਨ੍ਹਾਂ ਮੁਲਕਾਂ 'ਚ ਸੰਘੀ ਢਾਂਚਾ ਕਾਫੀ ਮਜ਼ਬੂਤ ਹੈ ਤੇ ਉਥੇ ਸਰਕਾਰਾਂ ਨੂੰ ਸੂਬਿਆਂ ਤੋਂ ਕਦੇ ਕੋਈ ਖਤਰਾ ਪੈਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਉਕਤ ਦੇਸ਼ਾਂ ਤੋਂ ਸੇਧ ਲੈ ਕੇ ਰਾਜਾਂ ਦੀ ਖ਼ੁਦਮੁਖਤਿਆਰੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਲਗਾਤਾਰ ਕੇਂਦਰ ਸਰਕਾਰਾਂ ਦੇ ਪੰਜਾਬ ਪ੍ਰਤੀ ਵਤੀਰੇ ਕਾਰਨ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਅੰਦਰ ਪਨਪੀ ਬੇਗਾਨਗੀ ਨੂੰ ਦੂਰ ਕਰਨ ਦਾ ਇਹ ਇਕ ਸਹੀ ਮੌਕਾ ਹੈ ਅਤੇ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਨਾਲ-ਨਾਲ ਪੰਜਾਬ ਦੇ ਹਿਤਾਂ ਨੂੰ ਪਹਿਲ ਦੇਵੇ।

## ਆਂਧਰਾ ਪ੍ਰਦੇਸ਼ 'ਚ ਸਿੱਖਾਂ ਦੀ ਭਲਾਈ ਲਈ ਵਿਸ਼ੇਸ਼ ਨਿਗਮ ਬਣਾਉਣ ਤੇ ਗੁਰਦੁਆਰਿਆਂ ਦਾ ਪ੍ਰਾਪਰਟੀ ਟੈਕਸ ਖ਼ਤਮ ਕਰਨ ਦਾ ਐਲਾਨ



ਅਮਰਾਵਤੀ (ਆਂਧਰਾ ਪ੍ਰਦੇਸ਼) : ਮੁੱਖ ਮੰਤਰੀ ਵਾਈਐੱਸ ਜਗਨ ਮੋਹਨ ਰੈੱਡੀ ਨੇ ਰਾਜ ਵਿੱਚ ਗੁਰਦੁਆਰਿਆਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦੇਣ ਦੇ ਨਿਰਦੇਸ਼ ਦੇਣ ਦੇ ਨਾਲ ਨਾਲ ਗ੍ਰੰਥੀਆਂ ਨੂੰ ਵੀ ਉਹ ਸਾਰੇ ਲਾਭ ਦੇਣ ਲਈ ਕਿਹਾ ਹੈ ਜੋ ਪੁਜਾਰੀਆਂ, ਪਾਦਰੀ ਅਤੇ ਮੌਲਵੀਆਂ ਨੂੰ ਦਿੱਤੇ ਜਾ ਰਹੇ ਹਨ। ਇਸ ਦੇ ਨਾਲ ਮੁੱਖ ਮੰਤਰੀ ਨੇ ਰਾਜ ਵਿੱਚ ਸਿੱਖ ਭਾਈਚਾਰੇ ਦੀ ਭਲਾਈ ਲਈ ਵਿਸ਼ੇਸ਼ ਕਾਰਪੋਰੇਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਵੀ ਕੀਤਾ। ਆਂਧਰਾ ਪ੍ਰਦੇਸ਼ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਜਤਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਸਿੱਖ ਭਾਈਚਾਰੇ ਦੇ ਵਫ਼ਦ ਨੇ ਇੱਥੇ ਮੁੱਖ ਮੰਤਰੀ ਵਾਈਐੱਸ ਜਗਨ ਮੋਹਨ ਰੈਡੀ ਨਾਲ ਉਨ੍ਹਾਂ ਦੇ ਕੈਂਪ ਦਫ਼ਤਰ ਵਿੱਚ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿੱਖਾਂ ਅਤੇ ਉਨ੍ਹਾਂ ਨਾਲ ਸਬੰਧਤ ਭਾਈਚਾਰਿਆਂ ਲਈ ਕਾਰਪੋਰੇਸ਼ਨ ਬਣਾਉਣ ਲਈ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਦੀ ਅਪੀਲ 'ਤੇ ਗੌਰ ਕਰਦਿਆਂ ਮੁੱਖ ਮੰਤਰੀ ਨੇ ਸਿੱਖਾਂ ਲਈ ਕਮੇਟੀ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕੱਤਕ ਦੀ ਪੂਰਨਮਾਸ਼ੀ 'ਤੇ ਗੁਰੂ ਨਾਨਕ ਜਯੰਤੀ ਦੀ ਛੁੱਟੀ ਐਲਾਨਣ 'ਤੇ ਸਹਿਮਤੀ ਪ੍ਰਗਟਾਈ।

### *ਬੀਬੀ ਜਗੀਰ ਕੌਰ ਨੇ ਨਰਿੰਦਰ ਮੋਦੀ ਨੂੰ ਲਿਖਿਆ ਪੱਤਰ*

# ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਰੱਖਿਆ ਜਾਵੇ : ਜਗੀਰ ਕੌਰ






ਬੇਗੋਵਾਲ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਕ ਸਮਾਗਮ 'ਚ ਪੰਥਕ ਸ਼ਖ਼ਸੀਅਤਾਂ, ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਪੰਥ ਤੇ ਪੰਜਾਬ ਹਿਤੈਸ਼ੀਆਂ ਦੇ ਕੀਤੇ ਇਕੱਠ ਅਤੇ ਜੈਕਾਰਿਆਂ ਦੀ ਗੂੰਜ 'ਚ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 10 ਤੋਂ ਵੱਧ ਮੰਗਾਂ ਵਾਲਾ ਪੱਤਰ ਸੌਂਪਿਆ। ਭਾਜਪਾ ਆਗੂ ਵਿਜੇ ਰੂਪਾਨੀ ਨੇ ਮੰਗ-ਪੱਤਰ ਪ੍ਰਾਪਤ ਕਰਦਿਆਂ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨਾਲ ਵਿਚਾਰ-ਵਟਾਂਦਰਾ ਕਰ ਕੇ ਇਕ-ਇਕ ਮੰਗ ਨੂੰ ਪੂਰਾ ਕਰਵਾਉਣ ਲਈ ਪੂਰੀ ਵਾਹ ਲਗਾਉਣਗੇ।

ਇਸ ਮੌਕੇ ਇਕਬਾਲ ਸਿੰਘ ਲਾਲਪੁਰਾ ਚੇਅਰਮੈਨ ਘੱਟਗਿਣਤੀ ਕਮਿਸ਼ਨ, ਸਰਵਣ ਸਿੰਘ ਫਿਲੌਰ, ਇੰਦਰ ਇਕਬਾਲ ਸਿੰਘ ਅਟਵਾਲ, ਸਰਬਜੀਤ ਸਿੰਘ ਮੱਕੜ ਤੇ ਜਗਜੀਤ ਸਿੰਘ ਗਾਬਾ ਸਮੇਤ ਅਨੇਕਾਂ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਬੀਬੀ ਜਗੀਰ ਕੌਰ ਵੱਲੋਂ ਪ੍ਰਧਾਨ ਮੰਤਰੀ ਦੇ ਨਾਂ ਦਿੱਤੇ ਪੱਤਰ 'ਚ ਪਹਿਲੀ ਮੰਗ ਸੀ ਕਿ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਰੱਖਿਆ ਜਾਵੇ, ਇਸ ਤੋਂ ਇਲਾਵਾ ਦਿੱਲੀ 'ਚ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਕੌਮੀ ਸੰਸਥਾ ਜਾਂ ਯੂਨੀਵਰਸਿਟੀ ਬਣਾਈ ਜਾਵੇ, ਸਿੱਕਮ ਦਾ ਡਾਂਗਮਾਰ ਗੁਰਦੁਆਰਾ ਸਾਹਿਬ, 1984 ਦੀ ਨਸਲਕੁਸ਼ੀ ਦੌਰਾਨ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਵਿਚ ਸਿੱਖਾਂ ਨਾਲ ਸਬੰਧਤ ਇਤਿਹਾਸ ਨੂੰ ਦਰੁੱਸਤ ਕੀਤਾ ਜਾਵੇ, ਸੋਸ਼ਲ ਮੀਡੀਆ ਸਮੇਤ ਹਰ ਪਲੇਟਫਾਰਮ ਤੋਂ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਨਫ਼ਰਤੀ ਪ੍ਰਚਾਰ ਨੂੰ ਠੱਲ੍ਹ ਪਾਈ ਜਾਵੇ, ਧਰਮੀ ਸਿੱਖ ਫੌਜੀਆਂ ਦੇ ਮੁੜ ਵਸੇਬੇ, ਅੱਤਵਾਦ ਤੋਂ ਪੀੜਤ ਲੋਕਾਂ ਨੂੰ ਮੁਆਵਜ਼ਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਵੇ ਸ਼ਾਮਲ ਹਨ।

ਬੀਬੀ ਜਗੀਰ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਸਿੱਖ ਭਾਈਚਾਰਾ ਵੱਡੇ ਪੱਧਰ 'ਤੇ ਇਹ ਮਹਿਸੂਸ ਕਰਦਾ ਹੈ ਕਿ ਜਦੋਂ ਸਰਕਾਰ ਦੇ ਅਣਥੱਕ ਯਤਨਾਂ ਕਾਰਨ ਅੱਤਵਾਦ ਦਾ ਦੌਰ ਖ਼ਤਮ ਹੋ ਗਿਆ ਸੀ ਤਾਂ ਫਿਰ ਬੰਦੀ ਸਿੰਘਾਂ ਨੂੰ ਮੁਆਫ਼ੀ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਜ਼ਿਆਦਾਤਰ ਕੈਦੀ ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ 'ਚ ਬੰਦ ਹਨ, ਉਨ੍ਹਾਂ 'ਚੋਂ ਬਹੁਤੇ ਬਜ਼ੁਰਗ ਤੇ ਕਮਜ਼ੋਰ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ 'ਚ ਪੰਜਾਬ 'ਚ ਇੰਨੇ ਵੱਡੇ ਪੱਧਰ 'ਤੇ ਕੇਂਦਰੀ ਬਲ ਲਾ ਕੇ ਜੋ ਆਪ੍ਰੇਸ਼ਨ ਕੀਤਾ ਗਿਆ, ਉਸ ਦੀ ਲੋੜ ਨਹੀਂ ਸੀ। ਇਸ ਵਿਚ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਅਤੇ ਇੰਟਰਨੈੱਟ ਸੇਵਾਵਾਂ ਨੂੰ ਬੰਦ ਕਰਨਾ ਸ਼ਾਮਲ ਹੈ। ਪੁਲਸ ਦੀ ਇਹ ਕਾਰਵਾਈ ਗਰਮਖਿਆਲੀਆਂ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਾਲਿਆਂ ਲਈ ਇਕ ਝਟਕਾ ਹੋ ਸਕਦੀ ਹੈ ਪਰ ਇਹ ਵਿਸ਼ਵਾਸ ਕਰਨਾ ਮੁਸ਼ਕਿਲ ਹੈ ਕਿ ਕੀ ਇਹ ਲੰਬੇ ਸਮੇਂ ਦਾ ਇਲਾਜ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ 'ਚ ਸਿੱਖ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਬਹੁਤ ਹੀ ਸੰਵੇਦਨਸ਼ੀਲ ਹੈ ਅਤੇ ਭਾਰਤ ਸਰਕਾਰ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਤੱਥਾਂ ਅਤੇ ਮਸਲਿਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਨਫ਼ਰਤ ਭਰੇ ਭਾਸ਼ਣ ਦਾ ਜ਼ਿਕਰ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਭਾਰਤ ਸਰਕਾਰ ਸੂਬਿਆਂ ਅਤੇ ਸਮੁੱਚੇ ਦੇਸ਼ ਵਿਚ ਸ਼ਾਂਤੀਪੂਰਨ ਮਾਹੌਲ ਨੂੰ ਬਣਾਈ ਰੱਖਣ ਲਈ ਸਿੱਖਾਂ ਬਾਰੇ ਨਫ਼ਰਤੀ ਪ੍ਰਚਾਰ ਨੂੰ ਸਖ਼ਤੀ ਨਾਲ ਰੋਕੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਲਈ ਸੂਬਿਆਂ ਨੂੰ ਨਿਰਦੇਸ਼ ਜਾਰੀ ਕਰ ਸਕਦੀ ਹੈ।

# ਪ੍ਰਸ਼ਾਸਨਿਕ ਸੇਵਾਵਾਂ 'ਚ ਸਿੱਖ ਨੌਜੁਆਨਾਂ ਦੀ ਸ਼ਮੂਲੀਅਤ ਲਈ ਸ਼੍ਰੋਮਣੀ ਕਮੇਟੀ ਨੇ ਕੀਤਾ ਵਿਸ਼ੇਸ਼ ਉਪਰਾਲਾ

### *ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ ਪਹਿਲੇ ਬੈਚ ਦੀ ਕੀਤੀ ਸ਼ੁਰੂਆਤ- ਐਡਵੋਕੇਟ ਧਾਮੀ*



ਨਵੀਂ ਦਿੱਲੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਸਿੱਖ ਨੌਜੁਆਨਾਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਖੋਲ੍ਹੇ ਗਏ 'ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ' ਦੇ ਪਹਿਲੇ ਬੈਚ ਵਾਸਤੇ 11 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। ਇਸ ਅਕੈਡਮੀ ਵਿਚ ਚੁਣੇ ਗਏ ਵਿਦਿਆਰਥੀਆਂ ਦੀਆਂ ਫੀਸਾਂ, ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਬੀਤੇ ਦਿਨਾਂ ਅੰਦਰ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਇਹ ਅਕੈਡਮੀ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਿਸ ਤਹਿਤ ਹਰ ਸਾਲ 25 ਗੁਰਸਿੱਖ ਵਿਦਿਆਰਥੀਆਂ ਨੂੰ ਆਈਏਐਸ, ਆਈਪੀਐਸ, ਆਈਐਫਐਸ ਅਤੇ ਪੀਪੀਐਸਸੀ ਆਦਿ ਦੀਆਂ ਮੁਕਾਬਲਾ ਪ੍ਰੀਖਿਆਵਾਂ ਵਾਸਤੇ ਤਿਆਰੀ ਕਰਵਾਈ ਜਾਵੇਗੀ। ਅੱਜ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉੱਪ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪਹਿਲੇ ਬੈਚ ਲਈ ਚੁਣੇ 11 ਵਿਦਿਆਰਥੀਆਂ ਨੂੰ ਦਾਖਲਾ ਪੱਤਰ ਸੌਂਪੇ ਗਏ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਨੌਜੁਆਨੀ ਦਾ ਵਿਦੇਸ਼ਾਂ 'ਚ ਜਾ ਕੇ ਪੜ੍ਹਨ ਦਾ ਰੁਝਾਨ ਬੇਹੱਦ ਚਿੰਤਾਜਨਕ ਹੈ, ਜਿਸ ਨਾਲ ਪੰਜਾਬ ਦੇ ਪ੍ਰਸ਼ਾਸਨਿਕ ਹਲਕਿਆਂ ਵਿਚ ਸਿੱਖ ਨੌਜੁਆਨਾਂ ਦਾ ਖਲਾਅ ਪੈਦਾ ਹੋ ਰਿਹਾ ਹੈ। ਇਹ ਸਭ ਲਈ ਸੋਚਣ ਦਾ ਵਿਸ਼ਾ ਹੈ, ਕਿਉਂਕਿ ਜੇਕਰ ਉੱਚ ਅਹੁਦਿਆਂ 'ਤੇ ਆਪਣੇ ਬੱਚੇ ਨਾ ਰਹੇ ਤਾਂ ਸੱਭਿਆਚਾਰਕ ਅਤੇ ਖਿੱਤੇ ਦੀ ਵਿਰਾਸਤ ਦੀ ਤਰਜ਼ਮਾਨੀ ਸਹੀ ਨਹੀਂ ਹੋ ਸਕੇਗੀ। ਇਸੇ ਨੂੰ ਲੈ ਕੇ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼ ?ਰੋਮਣੀ ਕਮੇਟੀ ਵੱਲੋਂ ਪ੍ਰਸ਼ਾਸਨਿਕ ਸੇਵਾਵਾਂ ਦੀ ਤਿਆਰੀ ਵਾਸਤੇ ਅਕੈਡਮੀ ਖੋਲ੍ਹੀ ਗਈ ਹੈ, ਜਿਸ ਵਿਚ ਹਰ ਸਾਲ 25 ਗੁਰਸਿੱਖ ਨੌਜੁਆਨਾਂ ਨੂੰ ਤਿਆਰੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਬੈਚ ਲਈ 11 ਵਿਦਿਆਰਥੀਆਂ ਦੀ ਚੋਣ ਕਰ ਲਈ ਗਈ ਹੈ ਅਤੇ ਬਾਕੀ ਰਹਿੰਦੇ 14 ਵਾਸਤੇ ਮੁੜ ਪ੍ਰਕਿਰਿਆ ਆਰੰਭੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਾਸ 350 ਵਿਦਿਆਰਥੀਆਂ ਦੀਆਂ ਅਰਜੀਆਂ ਆਈਆਂ ਸਨ, ਜਿਨ੍ਹਾਂ ਨੂੰ ਵੱਖ-ਵੱਖ ਪੜਾਵਾਂ 'ਚੋਂ ਜਾਂਚਣ ਪਰਖਣ ਬਾਅਦ 11 ਵਿਦਿਆਰਥੀ ਚੁਣੇ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਚੋਣ ਬਿਲਕੁਲ ਪਾਰਦਰਸ਼ੀ ਢੰਗ ਨਾਲ ਮੈਰਿਟ ਦੇ ਅਧਾਰ 'ਤੇ ਕੀਤੀ ਗਈ ਹੈ। ਚੁਣੇ ਗਏ ਬੱਚਿਆਂ ਇਕ ਲੜਕੀ ਭੋਪਾਲ ਅਤੇ ਦੋ ਲੜਕੀਆਂ ਜੰਮੂ ਕਸ਼ਮੀਰ ਤੋਂ ਹਨ, ਜਦਕਿ ਬਾਕੀ ਪੰਜਾਬ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਫਿਲਹਾਲ ਸ਼੍ਰੋਮਣੀ ਕਮੇਟੀ ਦੀ ਅਕੈਡਮੀ ਵੱਲੋਂ ਚੰਡੀਗੜ੍ਹ ਦੇ ਇਕ ਅਹਿਮ ਕੋਚਿੰਗ ਸੈਂਟਰ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ ਹੈ, ਜਿਥੇ ਬੱਚਿਆਂ ਨੂੰ ਕੋਚਿੰਗ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿੱਚੋਂ ਜਿਹੜੇ ਵਿਦਿਆਰਥੀ ਅੱਗੇ ਪੜ੍ਹਨਾ ਚਾਹੁਣਗੇ ਉਸ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਕਰੇਗੀ। ਐਡਵੋਕੇਟ ਧਾਮੀ ਨੇ ਇਸ ਕਾਰਜ ਲਈ ਸਹਿਯੋਗ ਕਰਨ ਵਾਲੀਆਂ ਸੰਸਥਾਵਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਕਾਰਜ ਨੂੰ ਹੋਰ ਵਿਸਥਾਰ ਦੇਣਾ ਚਾਹੁੰਦੀ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਸੰਸਥਾਵਾਂ ਸਹਿਯੋਗ ਲਈ ਅੱਗੇ ਆ ਰਹੀਆਂ ਹਨ।



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਓਹਦਾ ਸ਼ੁਕਰ ਕਰੋ ਬੰਦਾ ਤਾਂ ਭੁੱਲਣਹਾਰ ਹੈ, ਓਹਦਾ ਕੀ ਸ਼ੁਕਰ ਕਰਨਾ'

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇੰਨੇ ਵਿੱਚ ਬੀਜੀ ਕਮਰੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਮੈਨੂੰ ਚੁੱਪ ਰਹਿਣ ਅਤੇ ਮੈਨੂੰ ਸਲੀਕੇ ਨਾਲ ਪੇਸ਼ ਆਉਣ ਲਈ ਕਿਹਾ। ਮੈਂ ਉਨ੍ਹਾਂ ਨੂੰ ਕਿਹਾ, 'ਮੇਰੇ ਸਲੀਕੇ ਵਿੱਚ ਕੁਝ ਵੀ ਗਲਤ ਨਹੀਂ ਹੈ, ਪਰ ਮੈਂ ਅੱਜ ਜੋ ਨੀਂਹ ਪੱਥਰ ਰੱਖਣ ਦੀ ਰਸਮ ਵੇਖੀ, ਉਸ ਪ੍ਰਤੀ ਮੇਰਾ ਮਸਲਾ ਹੈ।'

ਬੀਜੀ ਮੇਰੇ ਤੋਂ ਬਹੁਤ ਪਰੇਸ਼ਾਨ ਸਨ ਅਤੇ ਕਿਹਾ, 'ਬਲਬੀਰ ਚੁੱਪ ਕਰਦਾ ਕਿ ਨਹੀਂ।'

'ਨਹੀਂ ਜੋ ਗਲਤ ਹੈ ਸੋ ਗਲਤ ਹੈ, ਦਾਅਵੇ ਤਾਂ ਬਹੁਤ ਕਰਦੇ ਕੇ ਔਰਤਾਂ ਨੂੰ ਪੂਰਾ ਹੱਕ ਹੈ ਅੱਜ ਤੁਹਾਡਾ ਹੱਕ ਕਿੱਧਰ ਚਲੇ ਗਿਆ? ਤੁਸੀਂ ਇਨ੍ਹਾਂ ਨਾਲੋਂ ਘੱਟ ਕੰਮ ਕੀਤਾ?'

ਮੈਂ ਬੀਜੀ ਵੱਲ ਦੇਖਿਆ, ਮੈਂ ਬਹੁਤ ਪਰੇਸ਼ਾਨ ਸੀ ਕਿ ਉਨ੍ਹਾਂ ਨੇ ਬੀਜੀ ਨੂੰ ਨੀਂਹ ਪੱਥਰ ਰੱਖਣ ਦੀ ਰਸਮ ਵਿੱਚ ਸ਼ਾਮਲ ਹੋਣ ਲਈ ਕਿਹਾ ਹੀ ਨਹੀਂ। ਬੀਜੀ ਨੇ ਇਹ ਕਹਿੰਦਿਆਂ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, 'ਮੇਰਾ ਹੱਕ ਹੈ, ਮੈਨੂੰ ਆਪਣੇ ਹੱਕ ਲਈ ਲੜਨਾ ਆਉਂਦਾ ਤੂੰ ਬਸ ਕਰ।'

ਪਾਪਾ ਜੀ ਅਤੇ ਮੈਂ ਆਪਸ ਵਿੱਚ ਕਈ ਹਫ਼ਤਿਆਂ ਤੱਕ ਸਿਰਫ਼ 'ਹੈਲੋ' ਤੋਂ ਬਿਨਾਂ ਕੋਈ ਗੱਲ ਨਹੀਂ ਕੀਤੀ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਲੱਗਿਆ ਕਿ ਮੈਂ ਉਨ੍ਹਾਂ ਦਾ ਪ੍ਰੋਗਰਾਮ ਖਰਾਬ ਕੀਤਾ ਹੈ, ਪਰ ਮੈਂ ਜੋ ਕਰ ਰਿਹਾ ਸੀ ਉਹ ਉਨ੍ਹਾਂ ਸਿਧਾਂਤਾਂ ਦੀ ਪਾਲਣਾ ਸੀ ਜਿਨ੍ਹਾਂ ਨਾਲ ਉਨ੍ਹਾਂ ਨੇ ਹਮੇਸ਼ਾਂ ਮੇਰਾ ਪਾਲਣ ਪੋਸ਼ਣ ਕੀਤਾ ਹੈ।

ਆਖਿਰ ਅਸੀਂ ਆਪਸ ਵਿੱਚ ਠੀਕ ਹੋ ਗਏ ਅਤੇ ਮੈਂ ਉਨ੍ਹਾਂ ਤੋਂ ਮਾਫ਼ੀ ਮੰਗੀ, ਪਰ ਕਈ ਸਾਲਾਂ ਬਾਅਦ। ਮੈਨੂੰ ਅੱਜ ਵੀ ਮਹਿਸੂਸ ਹੁੰਦਾ ਹੈ ਕਿ ਬੀਜੀ ਦੇ ਯੋਗਦਾਨ ਕਾਰਨ ਉਨ੍ਹਾਂ ਦਾ ਵੀ ਹੋਰਾਂ ਨਾਲ ਨੀਂਹ ਪੱਥਰ ਰੱਖਣ ਦੀ ਰਸਮ ਵਿੱਚ ਸ਼ਾਮਲ ਹੋਣਾ ਉਨ੍ਹਾਂ ਦਾ ਅਧਿਕਾਰ ਸੀ।

ਮੈਂ ਅੱਜ ਵੀ ਦੇਖਦਾ ਹਾਂ ਕਿ ਔਰਤਾਂ ਨਾਲ ਬਰਾਬਰੀ ਨਾਲ ਨਹੀਂ ਵਿਚਰਿਆ ਜਾਂਦਾ, ਭਾਵੇਂ ਕਿ ਉਨ੍ਹਾਂ ਨੂੰ ਬਰਾਬਰ ਅਧਿਕਾਰ ਦੇ ਦਿੱਤੇ ਹਨ, ਪਰ ਉਨ੍ਹਾਂ ਨੂੰ ਹੁਣ ਵੀ ਬਰਾਬਰ ਦਾ ਸਥਾਨ ਨਹੀਂ ਦਿੱਤਾ ਜਾਂਦਾ।

ਜੀਵਨ ਵਿੱਚ ਚੰਗੇ ਅਤੇ ਬੁਰੇ ਲੋਕ, ਨਫ਼ਰਤ ਅਤੇ ਪਿਆਰ ਦੋਵੇਂ ਹਨ, ਪਰ ਅਸੀਂ ਇਸ ਸਭ ਨੂੰ ਭੁੱਲ ਕੇ ਕੁਝ ਨਿਸ਼ਚਤ ਤਰੀਕਿਆਂ ਨਾਲ ਜੀਵਨ ਨੂੰ ਆਪਣੇ ਅਨੁਸਾਰ ਫਿੱਟ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਇਹ ਇਸ ਤਰ੍ਹਾਂ ਨਹੀਂ ਹੁੰਦਾ। ਤੁਸੀਂ ਚਾਹੁੰਦੇ ਹੋ ਕਿ ਤੁਸੀਂ ਜਿਸ ਤਰ੍ਹਾਂ ਜਿਉਣਾ ਚਾਹੁੰਦੇ ਹੋ, ਉਹ ਪਿਆਰ ਭਰਪੂਰ ਹੈ ਜਿੱਥੇ ਸਿਰਫ਼ ਬਸੰਤ ਹੀ ਹੁੰਦੀ ਹੈ। ਪਰ ਪਤਝੜ ਸਭ ਕੁਝ ਬਿਖੇਰਨ ਜਾ ਰਿਹਾ ਹੈ। ਫਿਰ ਸਰਦੀਆਂ ਹੋਣਗੀਆਂ, ਫਿਰ ਬਸੰਤ ਆਏਗੀ ਅਤੇ ਸਾਡੇ ਦਿਲ ਫਿਰ ਤੋਂ ਉਮੀਦਾਂ ਅਤੇ ਆਨੰਦ ਨਾਲ ਭਰ ਜਾਣਗੇ। ਇਹ ਪ੍ਰਕਿਰਿਆ ਮਨੁੱਖੀ ਜਾਤੀ ਨੂੰ ਆਸ਼ਾ ਅਤੇ ਨਿਰਾਸ਼ਾ ਦੇ ਟਰੈਡਮਿਲ 'ਤੇ ਘੁੰਮਾਉਂਦੀ ਰਹਿੰਦੀ ਹੈ।

ਜਦੋਂ ਸਾਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਸਾਨੂੰ ਜ਼ਿੰਦਗੀ ਦੇ ਸਿੱਕੇ ਦੇ ਦੋਵੇਂ ਪਾਸਿਆਂ ਦਾ ਸਾਹਮਣਾ ਕਰਨਾ ਪੈਣਾ ਹੈ, ਤਾਂ ਇਹ ਹੀ ਜ਼ਿੰਦਗੀ ਹੈ। ਪਰ ਅਸੀਂ ਕੋਸ਼ਿਸ਼ ਕਰਦੇ ਹਾਂ ਅਤੇ ਆਪਣੇ ਜੀਵਨ ਵਿੱਚ ਹੋਣ ਵਾਲੀਆਂ ਘਟਨਾਵਾਂ ਬਾਰੇ ਦਹਾਕਿਆਂ ਬੱਧੀ ਸੋਚਦੇ ਰਹਿੰਦੇ ਹਾਂ।

ਗੁਰਦੁਆਰੇ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਮੈਨੂੰ ਅਜਿਹੀਆਂ ਹੀ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ। ਸਤੰਬਰ ਤੋਂ ਬਾਅਦ ਦੇ ਮਹੀਨਿਆਂ ਵਿੱਚ ਇਮਾਰਤ ਦਾ ਨਿਰਮਾਣ ਵਧੀਆ ਢੰਗ ਨਾਲ ਚੱਲਦਾ ਰਿਹਾ। ਹਰ ਥਾਂ ਬਸੰਤ ਦੀ ਉਮੀਦ ਸੀ। ਜਦੋਂ ਅਸੀਂ ਆਪਣੇ ਕੰਮ 'ਤੇ ਆਉਂਦੇ ਜਾਂਦੇ ਇਮਾਰਤ ਦੇ ਨਿਰਮਾਣ ਦੀ ਪ੍ਰਗਤੀ ਨੂੰ ਦੇਖਦੇ ਰਹਿੰਦੇ। ਔਰਤਾਂ ਆਪਣੇ ਬੱਚਿਆਂ ਨੂੰ ਸਕੂਲ ਤੋਂ ਲੈ ਕੇ ਗੁਰਦੁਆਰੇ ਦੇ ਨਿਰਮਾਣ ਵਾਲੀ ਥਾਂ 'ਤੇ ਲਿਆ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਦਾ ਭਵਿੱਖੀ ਸਥਾਨ ਦਿਖਾਉਂਦੀਆਂ ਰਹਿੰਦੀਆਂ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਖੁਦ 'ਤੇ ਅਤੇ ਆਪਣੇ ਭਾਈਚਾਰੇ 'ਤੇ ਮਾਣ ਮਹਿਸੂਸ ਕਰਨ। ਲੋਕ ਇਮਾਰਤ ਦੇ ਨਿਰਮਾਣ ਕਾਰਜਾਂ ਵਿੱਚ ਲੱਗੇ ਲੋਕਾਂ ਨਾਲ ਪੰਜਾਬੀ ਵਿੱਚ ਗੱਲ ਕਰਦੇ, ਕੋਈ ਟੁੱਟੀ ਫੁੱਟੀ ਅੰਗਰੇਜ਼ੀ ਵਿੱਚ ਗੱਲ ਕਰਦਾ ਅਤੇ ਕੋਈ ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਸ਼ਾਬਾਸ਼ ਦਿੰਦਾ। ਕਈ ਕਾਮਿਆਂ ਨੂੰ ਚਾਹ ਅਤੇ ਸਮੋਸੇ ਦਿੰਦੇ।

ਮਿਸਟਰ ਓ'ਨੀਲ ਨੇ ਇੱਕ ਵਾਰ ਪਾਪਾ ਜੀ ਨੂੰ ਕਿਹਾ ਕਿ ਜੇਕਰ ਇਹ ਲੋਕ ਉਨ੍ਹਾਂ ਦੀ ਟੀਮ ਨੂੰ ਇਸ ਤਰ੍ਹਾਂ ਹੀ ਖਵਾਉਂਦੇ ਰਹੇ ਤਾਂ ਉਨ੍ਹਾਂ ਦਾ ਵਜ਼ਨ ਵਧ ਜਾਵੇਗਾ, ਜਿਸ ਨਾਲ ਉਨ੍ਹਾਂ ਨੇ ਮਚਾਨ ਤੱਕ ਇੱਟਾਂ ਚੁੱਕਣ ਦੇ ਯੋਗ ਨਹੀਂ ਰਹਿਣਾ।

ਦੀਵਾਰਾਂ ਉੱਚੀਆਂ ਚੁੱਕੀਆਂ ਗਈਆਂ ਅਤੇ ਇਮਾਰਤ ਨੇ ਆਕਾਰ ਲੈਣਾ ਸ਼ੁਰੂ ਕਰ ਦਿੱਤਾ, ਫਿਰ ਵਿੰਡੋ ਫਰੇਮ ਲਿਆਂਦੇ, ਜਿਨ੍ਹਾਂ ਨੂੰ ਸ਼ੁਕਰਵਾਰ ਨੂੰ ਲਗਾਇਆ ਗਿਆ। ਮੈਨੂੰ ਯਾਦ ਹੈ ਕਿ ਸ਼ਨਿਚਰਵਾਰ ਨੂੰ ਮੈਂ ਬੀਜੀ ਅਤੇ ਪਾਪਾ ਜੀ ਨਾਲ ਸ਼ਹਿਰ ਗਿਆ ਜਿਵੇਂ ਅੱਗੇ ਜਾਂਦੇ ਸੀ, ਤਾਂ ਅਸੀਂ ਗੁਰਦੁਆਰੇ ਵਾਲੀ ਜਗ੍ਹਾ ਖੜ੍ਹੇ ਹੋ ਕੇ ਦੇਖਿਆ ਕਿ ਖਿੜਕੀਆਂ ਲਗਾ ਦਿੱਤੀਆਂ ਗਈਆਂ ਹਨ। ਅਸੀਂ ਉੱਥੇ ਹੋਰ ਬਹੁਤ ਸਾਰੇ ਲੋਕਾਂ ਨੂੰ ਮਿਲੇ ਜਿਹੜੇ ਸ਼ਹਿਰ ਨੂੰ ਜਾਂਦੇ ਹੋਏ ਇਸਨੂੰ ਦੇਖਣ ਲਈ ਇੱਥੇ ਰੁਕ ਗਏ ਸਨ। ਉਹ ਸਾਰੇ ਬਹੁਤ ਖੁਸ਼ ਸਨ। ਸਾਰਿਆਂ ਨੂੰ ਉਸ ਦਿਨ ਦਾ ਇੰਤਜ਼ਾਰ ਸੀ ਜਦੋਂ ਇਹ ਮੁਕੰਮਲ ਹੋ ਜਾਵੇਗਾ ਅਤੇ ਉਹ ਆਪਣੇ ਧਾਰਮਿਕ ਸਥਾਨ 'ਤੇ ਸਿੱਜਦਾ ਕਰ ਸਕਣਗੇ। ਉਹ ਸਾਰੇ ਪਾਪਾ ਜੀ ਅਤੇ ਬੀਜੀ ਦੇ ਉਪਰਾਲਿਆਂ ਦੀ ਸ਼ਲਾਘਾ ਕਰ ਰਹੇ ਸਨ। ਪਾਪਾ ਜੀ ਅਤੇ ਬੀਜੀ ਕਦੇ ਵੀ ਇਸ ਤਰ੍ਹਾਂ ਦੀ ਸ਼ਲਾਘਾ ਤੋਂ ਖੁਸ਼ ਨਹੀਂ ਹੁੰਦੇ ਸਨ। ਉਹ ਮਹਿਸੂਸ ਕਰਦੇ ਸਨ ਕਿ ਇਸ ਤਰ੍ਹਾਂ ਨਾਲ ਬੰਦੇ ਨੂੰ ਝੂਠੀ ਭਾਵਨਾ ਵਿੱਚ ਉਲਝਾਇਆ ਜਾਂਦਾ ਹੈ। ਇਸ ਲਈ ਉਨ੍ਹਾਂ ਨੇ ਅਜਿਹਾ ਕਰਨਾ ਬੰਦ ਕਰ ਦਿੱਤਾ।

ਉਹ ਹਮੇਸ਼ਾਂ ਅਜਿਹਾ ਕਰਨ ਵਾਲੇ ਬੰਦੇ ਦੀ ਗੱਲ ਵਿਚਕਾਰ ਰੋਕ ਕੇ ਆਪਣੇ ਹੱਥ ਜੋੜਕੇ ਕਹਿੰਦੇ ਸਨ, 'ਓਹਦਾ ਸ਼ੁਕਰ ਕਰੋ ਬੰਦਾ ਤਾਂ ਭੁੱਲਣਹਾਰ ਹੈ, ਓਹਦਾ ਕੀ ਸ਼ੁਕਰ ਕਰਨਾ।'

ਅਸੀਂ ਉੱਥੇ ਕਈ ਘੰਟੇ ਲੋਕਾਂ ਨਾਲ ਮਿਲਦੇ ਅਤੇ ਖੁਸ਼ੀਆਂ ਵੰਡਦੇ ਅਤੇ ਉਨ੍ਹਾਂ ਦੀਆਂ ਵੱਖ ਵੱਖ ਯੋਜਨਾਵਾਂ ਬਾਰੇ ਸੁਣਦੇ ਰਹੇ। ਪਾਪਾ ਜੀ ਕਦੇ ਵੀ ਕਿਸੇ ਨੂੰ ਵੀ ਆਪਣੀਆਂ ਯੋਜਨਾਵਾਂ ਅਤੇ ਰਾਇ ਦੱਸਣ ਤੋਂ ਰੋਕਦੇ ਨਹੀਂ ਸਨ, ਉਹ ਸਭ ਦੀ ਸੁਣਦੇ ਸਨ। ਬੀਜੀ ਹਮੇਸ਼ਾਂ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਸੁਣਦੇ ਸਨ, ਉਹ ਹਮੇਸ਼ਾਂ ਕੋਸ਼ਿਸ ਕਰਦੇ ਕਿ ਪਾਪਾ ਜੀ ਇਨ੍ਹਾਂ ਗੱਲਾਂ ਨੂੰ ਛੋਟਾ ਕਰਨ, ਪਰ ਉਹ ਹਮੇਸ਼ਾਂ ਹਰ ਇੱਕ ਨੂੰ ਪੂਰਾ ਸਮਾਂ ਦਿੰਦੇ ਸਨ। ਉਹ ਮਹਿਸੂਸ ਕਰਦੇ ਸਨ ਕਿ ਹਰ ਇੱਕ ਨੂੰ ਆਪਣੀਆਂ ਗੱਲਾਂ ਨੂੰ ਪ੍ਰਗਟ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਅਸੀਂ ਸ਼ਹਿਰ ਪੁੱਜ ਗਏ, ਪਰ ਉੱਥੇ ਵੀ ਭਾਈਚਾਰੇ ਦੇ ਲੋਕ ਸਾਡੇ ਨਾਲ ਇਸ ਸਬੰਧੀ ਗੱਲਾਂ ਕਰਦੇ ਰਹੇ ਕਿ ਇਮਾਰਤ ਹੁਣ ਕਿੰਨੀ ਚੰਗੀ ਲੱਗ ਰਹੀ ਹੈ, ਉਹ ਆਪਣੀ ਥਾਂ 'ਤੇ ਮਾਣ ਮਹਿਸੂਸ ਕਰ ਰਹੇ ਸਨ।

(ਚਲਦਾ)



# ਵਿਸ਼ਵ ਬੈਂਕ ਦਾ ਅਜੈ ਬੰਗਾ ਨੂੰ ਪਹਿਲਾਂ ਸਿੱਖ ਪ੍ਰਧਾਨ ਬਨਣ ਤੇ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਦਿੱਤੀ ਵਧਾਈ





ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਪੈਰਸ ਬਿਆਨ ਵਿਚ ਅਮਰੀਕੀ ਵਿਸ਼ਵ ਬੈਂਕ ਦਾ ਪਹਿਲਾ ਭਾਰਤੀ ਅਮਰੀਕੀ ਸਿੱਖ ਪ੍ਰਧਾਨ ਬਨਣ ਤੇ ਨਿਹੰਗ ਸਿੰਘਾਂ ਦੀ ਮੁਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰੀ ਵਿਤੀ ਸੰਸਥਾ ਵਿਸ਼ਵ ਬੈਂਕ ਦਾ ਪ੍ਰਧਾਨ ਪਦ ਪ੍ਰਾਪਤ ਕਰਨਾ ਆਪਣੇ ਆਪ ਵਿਚ ਹੀ ਫ਼ਖ਼ਰ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਸਿੱਖ ਭਾਈਚਾਰੇ ਨੂੰ ਸ੍ਰੀ ਅਜੈ ਬੰਗਾ ਦੇ ਵਿਸ਼ਵ ਬੈਂਕ ਦਾ ਪ੍ਰਧਾਨ ਚੁਣੇ ਜਾਣ ਤੇ ਪ੍ਰਸੰਨਤਾ ਹੈ। ਇਹ ਬੈਂਕ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਮੁਸ਼ਕਲਾਂ, ਵਿਕਾਸ, ਚੁਨੌਤੀਆਂ ਨੂੰ ਨਜਿਠਣ ਲਈ ਆਪਣੀ ਸੇਹਤਮੰਦ ਭੂਮਿਕਾ ਨਿਭਾਉਂਦਾ ਹੈ। ਇਸ ਸੰਸਥਾ ਦੀ ਅਗਵਾਈ ਇਕ ਸਿੱਖ ਕਰੇਗਾ ਇਸ ਨਾਲ ਸਿੱਖ ਪਛਾਣ ਪਹਿਚਾਣ ਨੂੰ ਸੰਸਾਰ ਭਰ ਵਿਚ ਪ੍ਰਗਤੀ ਮਿਲੇਗੀ।

ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਾਈਡਨ ਨੇ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਸ੍ਰੀ ਅਜੈਬੰਗਾ ਨੂੰ ਯੋਗ ਸਖਸ਼ੀਅਤ ਵਜੋਂ ਘੋਸ਼ਿਤ ਕੀਤਾ ਸੀ। ਉਨ੍ਹਾਂ ਕਿਹਾ ਕਿ ਸ੍ਰੀ ਅਜੈ ਬੰਗਾ ਨੂੰ ਭਾਰਤ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਤ ਕਰ ਚੁੱਕਾ ਹੈ। ਉਹ ਇਸ ਸਮੇਂ ਜਨਰਲ ਐਟਲਾਂਟਿਕ ਵਿਚ ਉਪ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹ ਪਹਿਲੇ ਭਾਰਤੀ ਅਮਰੀਕੀ ਸਿੱਖ ਹਨ ਜਿਨ੍ਹਾਂ ਨੂੰ ਪ੍ਰਮੁੱਖ ਅੰਤਰਰਾਸ਼ਟਰੀ ਵਿਸ਼ਵ ਬੈਂਕ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਅਜੈ ਬੰਗਾ ਨੂੰ ਵਧਾਈ ਦੇਂਦਿਆਂ ਕਿਹਾ ਕਿ ਸਾਨੂੰ ਖੁਸ਼ੀ ਹੋਈ ਹੈ ਕਿ ਕੋਈ ਵਿਸ਼ਵ ਪੱਧਰ ਤੇ ਵੱਡ ਅਕਾਰੀ ਮਾਨਮੱਤੇ ਪਦ ਤੇ ਨਿਯੁੱਕਤ ਹੋਇਆ ਹੈ।

# ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਵਿਖੇ ਦੋ ਸੌ ਅਖੰਡ ਪਾਠਾਂ ਦੀ ਲੜੀ ਅਰੰਭ: ਬਾਬਾ ਬਲਬੀਰ ਸਿੰਘ

## ਬਾਬਾ ਬਲਬੀਰ ਸਿੰਘ ਵੱਲੋਂ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦੀਆਂ ਮੁਖੀ ਇਸਤਰੀਆਂ ਸਨਮਾਨਿਤ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਤੱਤਕਾਲੀ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੋ ਸੌ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਸਦਕਾ ਅੰਮ੍ਰਿਤਸਰ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਮੁਖੀ ਬੀਬੀਆਂ ਨੇ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸੌ ਅਖੰਡ ਪਾਠਾਂ ਦੀ ਲੜੀ ਅਰੰਭ ਕਰਨ ਦਾ ਗੁਰਮਤਾ ਕੀਤਾ ਸੀ। ਜਿਸ ਦੀ ਸ਼ੁਰੂਆਤ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਅਰੰਭ ਕਰਕੇ ਕੀਤੀ ਗਈ ਹੈ। ਇਹ ਅਖੰਡ ਪਾਠਾਂ ਦੀ ਲੜੀ ਮਾਰਚ 2024 ਤੀਕ ਚਲਦੇ ਰਹੇਗੀ।

ਅਖੰਡ ਪਾਠ ਸਾਹਿਬ ਦੀ ਅਰੰਭਤਾ ਸਮੇਂ ਸਮੂਹ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦੀਆਂ ਮੁਖ ਬੀਬੀਆਂ ਜੋ ਹਾਜ਼ਰ ਸਨ। ਉਨ੍ਹਾਂ ਨੂੰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਸ਼ਤਾਬਦੀ ਯਾਦਗਾਰੀ ਸਨਮਾਨ ਚਿੰਨ੍ਹ ਤੇ ਸਿਰਪਾਓ ਨਾਲ ਸਨਮਾਨਿਤ ਕੀਤਾ। ਜਿਨ੍ਹਾਂ ਵਿੱਚ ਬੀਬੀ ਪਰਮਜੀਤ ਕੌਰ ਪਿੰਕੀ, ਬੀਬੀ ਤੇਜ ਕੌਰ, ਬੀਬੀ ਰਣਜੀਤ ਕੌਰ, ਬੀਬੀ ਮਨਜੀਤ ਕੌਰ, ਬੀਬੀ ਅਮਰਜੀਤ ਕੌਰ, ਬੀਬੀ ਕਵਲਜੀਤ ਕੌਰ, ਬੀਬੀ ਮਨਿੰਦਰ ਕੌਰ, ਬੀਬੀ ਗੁਰਮੀਤ ਕੌਰ, ਬੀਬੀ ਹਰਜਿੰਦਰ ਕੌਰ, ਬੀਬੀ ਪਰਮਜੀਤ ਕੌਰ ਆਦਿ ਸ਼ਾਮਲ ਸਨ। ਇਸਤਰੀਆਂ ਤੇ ਅਧਾਰਤ ਬਣੀਆਂ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਸ਼ਬਦ ਕੀਰਤਨ 2024 ਤੀਕ ਹਰ ਹਫਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਜਾਰੀ ਰੱਖਣ ਦਾ ਫੈਸਲਾ ਲਿਆ ਹੈ। ਇਸ ਮੌਕੇ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਪਰਮਜੀਤ ਸਿੰਘ ਬਾਜਵਾ, ਸ. ਜਸਵਿੰਦਰ ਸਿੰਘ ਦੀਨਪੁਰ, ਬਾਬਾ ਜੱਸਾ ਸਿੰਘ, ਬਾਬਾ ਭਗਤ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਵਿਦੇਸ਼ੀ ਹਵਾਈ ਅੱਡਿਆਂ ਨਾਲੋਂ ਕਈ ਗੁਣਾ ਬੇਹਤਰ : ਵੀ.ਕੇ ਸੇਠ ਡਾਇਰੈਕਟਰ

## ਸਵਾਰੀਆਂ ਦੀ ਗਿਣਤੀ ਤੇ ਮੁਨਾਫ਼ੇ ਵਿਚ ਹਰ ਸਾਲ ਭਾਰੀ ਵਾਧਾ



ਅੰਮ੍ਰਿਤਸਰ : ਗੁਰ ਨਗਰੀ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡਾ ਜੋ ਕਿ ਪੰਜਾਬੀਆਂ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਹੈ ਇਸ ਵੇਲੇ ਵਿਦੇਸ਼ਾਂ ਦੇ ਹਵਾਈ ਅੱਡਿਆਂ ਨਾਲੋਂ ਬੇਹਤਰ ਸਹੂਲਤਾਂ ਕਾਰਨ ਦੁਨੀਆਂ ਭਰ ਦੇ ਵਧੀਆ ਹਵਾਈ ਅੱਡਿਆਂ ਵਿਚ ਸ਼ੁਮਾਰ ਹੋ ਗਿਆ ਹੈ। ਇਸ ਹਵਾਈ ਅੱਡੇ ਨੂੰ ਇਸ ਬੇਤਰ ਪੱਧਰ ਦੇ ਲਿਆਉਣ ਵਾਲੇ ਡਾਇਰੈਕਟਰ ਸ੍ਰੀ ਗੁਰੂ ਰਾਮਦਾਸ ਹਵਾਈ ਅੱਡਾ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸਥਾਨਕ ਹੋਟਲ ਵਿਚ ਵੀ.ਕੇ ਸੇਠ ਦੀਆਂ ਇਸ ਹਵਾਈ ਅੱਡੇ ਨੂੰ ਬਹੁਤ ਉਪਰ ਲਿਆਉਣ ਦੇ ਅਣਥਕ ਯਤਨਾਂ ਨੂੰ ਦੇਖਦੇ ਹੋਏ ਉਨਾਂ ਨੂੰ ਸਨਮਾਨਿਤ ਕਰਨ ਉਪਰੰਤ ਵਿਕਾਸ ਮੰਚ ਦੇ ਅਹੁਦੇਦਾਰ ਨੇ ਆਪਣੇ ਸਵਾਗਤੀ ਸਮਾਰੋਹ ਵਿਚ ਵੀ.ਕੇ ਸੇਠ ਦੀਆਂ ਉਪਲੱਬਧੀਆਂ ਦੀ ਸਲਾਹਨਾ ਕੀਤੀ ਤੇ ਕਿਹਾ ਕਿ ਕਰੋਨਾ ਕਾਲ ਦੀ ਮਹਾਮਾਰੀ ਦੌਰਾਨ ਜਦੋਂ ਕਿ ਭਾਰਤ ਦੇ ਬਹੁਤੇ ਹਵਾਈ ਅੱਡੇ ਬੰਦ ਹੋਣ ਦੀ ਕਨਾਰ ਤੇ ਪਹੁੰਚ ਚੁੱਕੇ ਸਨ। ਉਸ ਸਮੇਂ ਵਿਚ ਮੌਜੂਦਾ ਤੇ ਉਸ ਸਮੇਂ ਦੇ ਹਵਾਈ ਅੱਡਾ ਦੇ ਡਾਇਰੈਕਟਰ ਵੀ.ਕੇ ਸੇਠ ਨੇ ਆਪਣੀ ਸੁਚੱਜੀ ਕਮਾਨ ਨਾਲ ਇਥੇ ਕਿਸੇ ਯਾਤਰੀ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਤੇ ਹਵਾਈ ਉਡਾਨਾਂ ਤੇ ਯਾਤਰੀਆਂ ਦਾ ਸਿਲਸਿਲਾ ਬਕਾਇਆ ਬਰਾਬਰ ਚਲਦਾ ਰਿਹਾ। ਇਸ ਮੌਕੇ ਹਵਾਈ ਅੱਡੇ ਦੇ ਡਾਇਰੈਕਟਰ ਵੀ.ਕੇ ਸੇਠ ਨੇ ਅੰਮ੍ਰਿਤਸਰ ਵਿਕਾਸ ਮੰਚ ਦੀਆਂ ਸ੍ਰੀ ਗੁਰੂ ਰਾਮਦਾਸ ਜੀ ਅੰਤਰ ਰਾਸ਼ਟਰੀ ਹਵਾਈ ਅੱਡੇ ਪ੍ਰਤੀ ਰੁਚੀ ਤੇ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨਾਂ ਨੂੰ ਇਸ ਗੱਲ ਦਾ ਬਹੁਤ ਮਾਣ ਹੈ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਵਿਕਾਸ ਮੰਚ ਵਰਗਾ ਸਲਾਹਕਾਰ ਮਿਲਿਆ। ਜਿਨਾਂ ਨੇ ਵਕਤ ਬਰ ਵਕਤ ਉਨ੍ਹਾਂ ਨੂੰ ਹਵਾਈਂ ਅੱਡੇ ਦੀਆਂ ਕਮੀਆਂ ਨੂੰ ਉਨ੍ਹਾਂ ਦੇ ਧਿਆਨ ਵਿਚ ਲਿਆ ਕੇ ਇਸ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਵਿਚ ਮਦਦ ਕੀਤੀ।

ਵੀ.ਕੇ ਸੇਠ ਨੇ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡੇ ਵਿਚ ਇਸ ਵਕਤ ਯਾਤਰੀਆਂ ਦੀ ਗਿਣਤੀ 25 ਲੱਖ ਤੋਂ ਵੀ ਟੱਪ ਗਈ ਹੈ ਤੇ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਦੀ ਆਮਦਨ 46 ਕਰੋੜ ਤੋਂ ਵੱਧ ਕੇ 55 ਕਰੋੜ ਹੋ ਗਈ ਹੈ। ਇਸ ਹਵਾਈ ਅੱਡੇ ਦੀ ਭਾਰਤ ਵਿਚ ਮੌਜੂਦਾ ਵਧੀਆਂ ਸਹੂਲਤਾਂ ਕਾਰਨ ਏਨੀ ਮਹੱਤਤਾ ਵੱਧ ਗਈ ਹੈ ਕਿ ਦੂਸਰੇ ਹਵਾਈ ਅੱਡਿਆ ਵਿਚ ਕਿਸੇ ਵੀ ਐਮਰਜੈਂਸੀ ਦੌਰਾਨ ਜਹਾਜ ਦੇ ਲੈਂਡ ਨਾ ਕਰ ਸਕਣ, ਉਸ ਨੂੰ ਅੰਮ੍ਰਿਤਸਰ ਦੇ ਇਸ ਹਵਾਈ ਅੱਡੇ ਵੱਲ ਅਸਥਾਈ ਤੌਰ ਤੇ ਰੁਕਣ ਲਈ ਭੇਜ ਦਿੱਤਾ ਜਾਂਦਾ ਹੈ। ਇਹ ਹਵਾਈ ਅੱਡਾ ਵਿਦੇਸ਼ਾਂ ਦੇ ਹਵਾਈ ਅੱਡਿਆਂ ਦੇ ਮੁਕਾਬਲੇ ਸਾਰੀਆਂ ਮੌਜੂਦਾ ਆਧੁਨਿਕ ਸਹੂਲਤਾਂ ਨਾਲ ਲੈਸ ਹੈ। ਉਨਾਂ ਕਿਹਾ ਕਿ ਮੁਸਾਫਰਾਂ ਦੇ ਨਾਲ ਆਏ ਜਾਂ ਛੱਡਣ ਆਏ ਸੱਕੇ ਸਬੰਧੀਆਂ ਤੇ ਮਿੱਤਰਾਂ ਦੇ ਬੈਠਣ ਲਈ ਇਕ ਕਾਫੀ ਵੱਡੇ ਸ਼ੈਡ ਦੀ ਵਿਵਸਥਾ ਕੀਤੀ ਜਾ ਰਹੀ ਹੈ ਤੇ ਦੁਨੀਆਂ ਭਰ ਦੀਆਂ ਨਾਮੀ ਫੂਡ ਕੰਪਨੀਆਂ, ਇਥੇ ਦਸਤਕ ਦੇ ਰਹੀਆਂ ਹਨ। ਇਸ ਮੌਕੇ ਫਲਾਈ ਅੰਮ੍ਰਿਤਸਰ ਇਨੀਵੇਟਿਵ ਦੇ ਸਰਗਮ ਸਮੀਪ ਸਿੰਘ ਗੁੰਮਟਾਲਾ, ਅਨੰਤਦੀਪ ਸਿੰਘ ਢਿਲੋਂ ਕੈਨੇਡਾ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ, ਯੋਗੇਸ਼ ਕਾਮਰਾ ਤੇ ਦਲਜੀਤ ਸਿੰਘ ਸੈਣੀ ਦੀ ਹਵਾਈ ਅੱਡਾ ਅਥਾਰਟੀ ਤੇ ਭਾਰਤ ਸਰਕਾਰ ਦੇ ਵਿਦੇਸ਼ਾਂ ਵਿਚ ਇਸ ਨਾਲ ਜੁੜੇ ਉੱਚ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਵਧੇਰਾ ਫਲਾਈਟਾਂ ਚਲਾਉਣ ਤੇ ਯਾਤਰੀਆਂ ਨੂੰ ਬੇਹਤਰ ਸਹੂਲਤਾਂ ਦਿਵਾਉਣ ਨਾਲ ਤਾਲਮੇਲ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਅੰਮ੍ਰਿਤਸਰ ਵਿਕਾਸ ਮੰਚ ਦੇ ਕੁਲਵੰਤ ਸਿੰਘ ਅਣਖੀ, ਰਾਜਵਿੰਦਰ ਸਿੰਘ ਗਿੱਲ, ਹਰਦੀਪ ਸਿੰਘ ਚਾਹਲ, ਸੁਰਿੰਦਰਜੀਤ ਸਿੰਘ ਬਿੱਟੂ, ਬਲਦੇਵ ਸਿੰਘ ਸੰਧੂ, ਜਤਿੰਦਰਪਾਲ ਸਿੰਘ ਨਿਊ ਅੰਮ੍ਰਿਤਸਰ, ਜਤਿੰਦਰਪਾਲ ਸਿੰਘ ਤਿਲਕ ਨਗਰ, ਨਿਰਮਲ ਸਿੰਘ, ਕੁਲਦੀਪ ਸਿੰਘ ਬੋਪਾਰਾਏ, ਹਰਿੰਦਰਪਾਲ ਸਿੰਘ ਸਾਬਕਾ ਆਬਕਾਰੀ ਤੇ ਟੈਕਸਟੇਸ਼ਨ ਕਮਿਸ਼ਨਰ, ਮਨਜੀਤ ਸਿੰਘ ਬਾਠ, ਆਰ.ਪੀ ਐਸ.ਬੇਦੀ ਆਦਿ ਹਾਜ਼ਰ ਸਨ।

# ਪ੍ਰੋ. ਮੰਮਣਕੇ ਅਤੇ ਆਲਮਬੀਰ ਸੰਧੂ ਕੇਂਦਰੀ ਮੰਤਰੀ ਸ਼ੇਖਾਵਤ ਅਤੇ ਅਸ਼ਵਨੀ ਸ਼ਰਮਾ ਦੀ ਮੌਜੂਦਗੀ 'ਚ ਭਾਜਪਾ 'ਚ ਸ਼ਾਮਲ




ਅੰਮ੍ਰਿਤਸਰ : ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਮੌਜੂਦਗੀ ਵਿਚ ਤਰਨ ਤਾਰਨ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਪ੍ਰਦੇਸ਼ ਕਾਂਗਰਸ ਦੇ ਸਾਬਕਾ ਜਨਰਲ ਸਕੱਤਰ ਪ੍ਰੋ. ਗੁਰਵਿੰਦਰ ਸਿੰਘ ਮੰਮਣਕੇ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਾਬਕਾ ਸਿਆਸੀ ਸਕੱਤਰ ਆਲਮਬੀਰ ਸਿੰਘ ਸੰਧੂ ਭਾਜਪਾ ਵਿਚ ਸ਼ਾਮਲ ਹੋ ਗਏ ਹਨ੍ਹ ਸ੍ਰੀ ਸ਼ੇਖਾਵਤ ਨੇ ਦੋਹਾਂ ਆਗੂਆਂ ਨੂੰ ਪਾਰਟੀ ਦਾ ਸਨਮਾਨ ਦੇ ਕੇ ਸਵਾਗਤ ਕੀਤਾ੍ਹ ਇਸ ਮੌਕੇ ਭਾਜਪਾ ਸੂਬਾ ਮੀਤ ਪ੍ਰਧਾਨ ਸੁਭਾਸ਼ ਸ਼ਰਮਾ, ਜਨਰਲ ਸਕੱਤਰ ਜੀਵਨ ਗੁਪਤਾ,ਡਾ: ਰਾਜ ਕੁਮਾਰ ਵੇਰਕਾ, ਅਨਿਲ ਸਰੀਨ, ਜਨਾਰਧਨ ਸ਼ਰਮਾ ਅਤੇ ਅਮਨਦੀਪ ਸਿੰਘ ਭੱਟੀ ਵੀ ਹਾਜ਼ਰ ਸਨ੍ਹਸ੍ਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਆਗੂ ਤੋਂ ਇਲਾਵਾ ਪੰਜਾਬ ਦੀ ਰਾਜਨੀਤੀ ਵਿਚ ਕਈ ਅਹਿਮ ਭੂਮਿਕਾ ਨਿਭਾਅ ਚੁੱਕੇ ਪ੍ਰੋ. ਮੰਮਣਕੇ ਦੀ ਭਾਜਪਾ ਵਿਚ ਸ਼ਮੂਲੀਅਤ ਨਾਲ ਭਾਜਪਾ ਨੂੰ ਬਲ ਮਿਲਿਆ ਹੈ । ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਨੂੰ ਮਜ਼ਬੂਤ ਕਰਨ ਅਤੇ ਅੱਗੇ ਲਿਜਾਣ ਵਿਚ ਪ੍ਰੋ: ਮੰਮਣਕੇ ਅਤੇ ਸੰਧੂ ਦੇ ਤਜਰਬੇ ਦਾ ਭਾਜਪਾ ਲਾਭ ਉਠਾਵੇਗੀ।

ਪ੍ਰੋ. ਮੰਮਣਕੇ ਅਤੇ ਆਲਮਬੀਰ ਸੰਧੂ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਅਤੇ ਸਿੱਖ ਕੌਮ ਪ੍ਰਤੀ ਸੁਹਿਰਦਤਾ ਅਤੇ ਪਿਛਲੇ ਅਰਸੇ ਦੌਰਾਨ ਕੀਤੇ ਗਏ ਕੰਮਾਂ ਤੋਂ ਪ੍ਰਭਾਵਿਤ ਹੋਕੇ ਭਾਜਪਾ ਵਿਚ ਸ਼ਾਮਿਲ ਹੋਏ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਕਾਰੀਡੋਰ ਦਾ ਖੋਲ੍ਹਣਾ, ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਵੀਰ ਬਾਲ ਦਿਵਸ ਮਨਾਉਣਾ ਅਤੇ ਲਾਲ ਕਿਲ੍ਹੇ 'ਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪ੍ਰਕਾਸ਼ ਪੁਰਬ ਦਾ ਮਨਾਇਆ ਜਾਣਾ ਇਸ ਗਲ ਦਾ ਪ੍ਰਤੀਕ ਹੈ ਕਿ ਸ੍ਰੀ ਨਰਿੰਦਰ ਭਾਈ ਮੋਦੀ ਲੰਮੇ ਅਰਸੇ ਤੋਂ ਸਿੱਖ ਫ਼ਲਸਫ਼ੇ ਨਾਲ ਨੇੜੇਓ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਅੱਗੇ ਲੈ ਕੇ ਜਾਣ ਲਈ ਕੇਵਲ ਭਾਜਪਾ ਹੀ ਸਮਰੱਥ ਹੈ, ਜਿਸ ਵਿਚ ਬਿਨਾ ਭੇਦ ਭਾਵ ਸਭ ਧਰਮਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਕੰਮ ਕਰਨ ਦਾ ਅਵਸਰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਮਜ਼ਬੂਤ ਕਰਨ ਅਤੇ ਪੰਜਾਬ ਵਿਚ ਭਾਜਪਾ ਦਾ ਕਾਫ਼ਲਾ ਹੋਰ ਵੱਡਾ ਕਰਨ ਵਿਚ ਯੋਗਦਾਨ ਪਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਪੈਰ ਅਤੇ ਸਿਧਾਂਤ ਛੱਡ ਚੁੱਕੀ ਹੈ ਅਤੇ ਸਮਾਂ ਵਿਹਾ ਚੁੱਕੀ ਕਾਂਗਰਸ ਅੱਕੀ ਪਲਾਹੀ ਹੱਥ ਮਾਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰੇ ਮੁਹਾਜ਼ਾਂ ਵਿਚ ਫ਼ੇਲ੍ਹ ਰਹੀ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਬੇਨਕਾਬ ਹੋ ਚੁੱਕਿਆ ਹੈ , ਜਿਸ ਨਾਲ ਮਾਨ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਜਲੰਧਰ ਜ਼ਿਮਨੀ ਚੋਣ ਵਿਚ 'ਆਪ' ਅਤੇ ਕਾਂਗਰਸ ਦੀ ਹਾਰ ਯਕੀਨੀ ਹੈ ਅਤੇ ਲੋਕ ਭਾਜਪਾ ਪ੍ਰਤੀ ਵਿਸ਼ਵਾਸ ਜਤਾ ਰਹੇ ਹਨ। ਇਸ ਲਈ ਭਾਜਪਾ ਉਮੀਦਵਾਰ ਇੰਦਰਇਕਬਾਲ ਸਿੰਘ ਅਟਵਾਲ ਦੀ ਜਿੱਤ ਯਕੀਨੀ ਹੈ।

ਪ੍ਰੋ: ਗੁਰਵਿੰਦਰ ਸਿੰਘ ਮੰਮਣਕੇ ਅਤੇ ਆਲਮਬੀਰ ਸਿੰਘ ਸੰਧੂ ਦੇ ਭਾਜਪਾ ਵਿਚ ਸ਼ਾਮਿਲ ਹੋਣ 'ਤੇ ਭਾਜਪਾ ਜਨਰਲ ਸਕੱਤਰ ਤਰੁਣ ਚੁੱਘ, ਸਾਬਕਾ ਐਮ ਪੀ ਸ਼ਵੇਤ ਮਲਿਕ, ਰਜਿੰਦਰ ਮੋਹਨ ਛੀਨਾ, ਡਾ. ਰਾਮ ਚਾਵਲਾ, ਪ੍ਰੋ. ਸਰਚਾਂਦ ਸਿੰਘ ਖਿਆਲਾ, ਡਾ. ਜਸਵਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਪ੍ਰਧਾਨ ਡਾ. ਹਰਵਿੰਦਰ ਸਿੰਘ ਸੰਧੂ, ਜ਼ਿਲ੍ਹਾ ਦਿਹਾਤੀ ਪ੍ਰਧਾਨ ਮਨਜੀਤ ਸਿੰਘ ਮੰਨਾ, ਸੁਖਮਿੰਦਰ ਸਿੰਘ ਪਿੰਟੂ, ਕੌਂਸਲਰ ਸੁਖਦੇਵ ਸਿੰਘ ਚਾਹਲ, ਯਾਦਵਿੰਦਰ ਸਿੰਘ ਬੁੱਟਰ, ਤਰਨ ਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਮੀਆਂਵਿੰਡ, ਨਵਪ੍ਰੀਤ ਸਿੰਘ ਸ਼ਫੀਪੁਰ, ਧਰਮਵੀਰ ਸਰੀਨ ਨੇ ਵੀ ਭਰਵਾਂ ਸਵਾਗਤ ਕੀਤਾ ਹੈ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



## ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪਾਕਿਸਤਾਨ ’ਚ ਜਾਲਮਾਂ ਵਲੋਂ ਗੋਲੀਆ ਮਾਰਕੇ ਸ਼ਹੀਦ ਕੀਤੇ ਕੌਮ ਦੇ ਮਹਾਨ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸਾਰੀ ਦੁਨੀਆ ਦੇ ਗੁਰਦੁਆਰਾ ਸਾਹਿਬਾਨ ’ਚ ਸ਼ਰਧਾਂਜਲੀਆਂ

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਲਿਸਤਾਨ ਕਮਾਂਡੋ ਫੋਰਸ ਅਮਰੀਕਾ ਵਲੋਂ ਕਤਲ ਦੀ ਭਾਰੀ ਨਿੰਦਾ ਅਤੇ ਸ਼ਰਧਾਂਜਲੀ

ਫਰੀਮਾਂਟ : ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪਿਛਲੇ ਦਿਨੀਂ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜਿਸ ਦੇ ਲਈ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸਾਰੀ ਦੁਨੀਆ ਦੇ ਗੁਰਦੁਆਰਾ ਸਾਹਿਬਾਨ ’ਚ ਸ਼ਰਧਾਂਜਲੀਆਂ ਦਿੱਤੀਆ ਜਾ ਰਹੀਆ ਹਨ ਅਤੇ ਸ਼ਰਧਾਂਜਲੀਆਂ ਦੇਣ ਲਈ ਵੱਖ-ਵੱਖ ਅਸਥਾਨਾਂ ’ਤੇ ਸਮਾਗਮ ਕੀਤੇ ਜਾ ਰਹੇ ਹਨ। ਇਸ ਬਾਰੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ 12 ਮਈ, ਦਿਨ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ।



14 ਮਈ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਵਿਖੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ। ਕੈਲੀਫੋਰਨੀਆ ਦੇ ਵੱਖ-ਵੱਖ ਗੁਰੂਘਰਾਂ ਦੀਆਂ ਕਮੇਟੀਆਂ ਅਤੇ ਪੰਥਕ ਆਗੂਆਂ ਵੱਲੋਂ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। 15 ਮਈ, ਦਿਨ ਸੋਮਵਾਰ ਨੂੰ ਭਾਈ ਸਾਹਿਬ ਦੇ ਪਿੰਡ ਪੰਜਵੜ, ਜ਼ਿਲ੍ਹਾ ਤਰਨਤਾਰਨ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸ਼ਰਧਾਂਜਲੀ ਸਮਾਰੋਹ ਹੋਵੇਗਾ। ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪੰਥ ਦੇ ਦੁਸ਼ਮਣਾਂ ਨੇ ਗੋਲੀਆਂ ਮਰਵਾ ਕੇ ਸ਼ਹੀਦ ਕਰਵਾ ਦਿੱਤਾ। ਭਾਈ ਪਰਮਜੀਤ ਸਿੰਘ ਪੰਜਵੜ ਕੌਮ ਦੀ ਆਜ਼ਾਦੀ ਦੇ ਮਿਸ਼ਨ ਲਈ ਆਪਣਾ ਜੀਵਨ ਲੇਖੇ ਲਾ ਕੇ ਸ਼ਹੀਦੀ ਦਾ ਜਾਮ ਪੀ ਗਏ ਹਨ। ਡਾ. ਪ੍ਰਿਤਪਾਲ ਸਿੰਘ ਨੇ ਸਮੁੱਚੀ ਸਿੱਖ ਸਭਾਵਾਂ ਅਤੇ ਗੁਰੂਘਰਾਂ ਦੀਆਂ ਕਮੇਟੀਆਂ ਨੂੰ ਭਾਈ ਪਰਮਜੀਤ ਸਿੰਘ ਪੰਜਵੜ ਦੇ ਸ਼ਹੀਦੀ ਸਮਾਗਮਾਂ ਮੌਕੇ ਵੱਧ ਤੋਂ ਵੱਧ ਗਿਣਤੀ ਵਿਚ ਆਪਣੀਆਂ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਲਾਹੌਰ ਦੇ ਨਵਾਬ ਟਾਊਨ ਇਲਾਕੇ ’ਚ 6 ਮਈ ਨੂੰ ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਕੀਤੀ ਗੋਲੀਬਾਰੀ ਵਿਚ ਭਾਈ ਪਰਮਜੀਤ ਸਿੰਘ ਪੰਜਵੜ ਮਾਰੇ ਗਏ ਸਨ। ਉਨ੍ਹਾਂ ਦੇ ਸਿਰ ’ਤੇ ਗੋਲੀ ਲੱਗੀ ਸੀ। ਇਸ ਹਮਲੇ ਦੌਰਾਨ ਇਕ ਗੰਨਮੈਨ ਮਾਰਿਆ ਗਿਆ ਸੀ ਅਤੇ ਇਕ ਜ਼ਖਮੀ ਹੋ ਗਿਆ ਸੀ। ਇਸ ਹਮਲੇ ਦੀ ਪਾਕਿਸਤਾਨ ਵਿਚ ਕਿਸੇ ਨੇ ਵੀ ਜ਼ਿੰਮੇਵਾਰੀ ਨਹੀਂ ਲਈ ਹੈ। ਇਸ ਕਤਲ ਦੀ ਭਾਰੀ ਨਿੰਦਾ ਕਰਦੇ ਹੋਏ ਖਾਲਿਸਤਾਨ ਕਮਾਂਡੋ ਫੋਰਸ ਦੇ ਅਮਰੀਕਾ ਤੋਂ ਬੁਲਾਰੇ ਸ੍ਰ. ਹਰਮਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਜਥੇਦਾਰ ਸਾਹਿਬ ਸ਼ਾਂਤੀਪੂਰਵਕ ਆਪਣੇ ਅਧਿਕਾਰਾਂ ਅਤੇ ਸਿੱਖ ਕੌਮ ਨਾਲ ਹੋਏ ਇੰਤਹਾ ਜ਼ੁਲਮ ਲਈ ਇਨਸਾਫ ਦੀ ਲੜਾਈ ਲੜ ਰਹੇ ਸਨ ਅਤੇ ਜਲਾਵਤਨੀ ਦੀ ਜ਼ਿੰਦਗੀ ਕੱਟ ਰਹੇ ਸਨ ਜਾਲਮਾਂ ਨੇ ਗੋਲੀਆਂ ਮਾਰਕੇ ਸਿੱਖਾਂ ਦੀ ਬੁਲੰਦ ਅਵਾਜ਼ ਖਤਮ ਕਰ ਦਿੱਤੀ ਉਨਾ ਆਪਣੇ ਮਹਿਬੂਬ ਨੇਤਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਭਾਈ ਪਰਮਜੀਤ ਸਿੰਘ ਪੰਜਵੜ੍ਹ ਦਾ ਕਤਲ ਅਫਸੋਸਨਾਕ ਤੇ ਦੁਖਦਾਈ: ਗਜਿੰਦਰ ਸਿੰਘ, ਦਲ ਖਾਲਸਾ

*ਜੰਗ ਜਾਰੀ ਹੈ,*
*ਤੇ ਜਾਰੀ ਰਹੇਗੀ*



ਨਵੀਂ ਦਿੱਲੀ : ਜਿਹੜੇ ਲੋਕ ਗੁਰੂ ਵੱਲ ਮੂੰਹ ਕਰ ਕੇ ਤੁਰੇ ਰਹਿੰਦੇ ਨੇ, ਹਾਰਦੇ ਕਦੇ ਨਹੀਂ ਹੁੰਦੇ। ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਨੇ ਕਿਹਾ ਕਿ ਭਾਈ ਪਰਮਜੀਤ ਸਿੰਘ ਪੰਜਵੜ੍ਹ ਦਾ ਕਤਲ ਅਫਸੋਸਨਾਕ ਤੇ ਦੁੱਖਦਾਈ ਤਾਂ ਹੈ, ਪਰ ਇਹ ਸੰਘਰਸ਼ ਦੇ ਜ਼ਿੰਦਾ ਹੋਣ ਦੀ ਦੁਸ਼ਮਣ ਵੱਲੋਂ ਸਵੀਕਾਰਤਾ ਵੀ ਹੈ। ਭਾਰਤੀ ਏਜੰਸੀਆਂ ਵੱਲੋਂ ਇਹ ਕਤਲ ਕੀਤਾ ਜਾਣਾ, ਇਹੀ ਦੱਸਦਾ ਹੈ ਕਿ ਉਹਨਾਂ ਨੂੰ ਇਹਨਾਂ ਯੋਧਿਆਂ ਤੋਂ ਹਾਲੇ ਵੀ ਡਰ ਲੱਗਦਾ ਹੈ। ਉਹ ਜਾਣਦੇ ਨੇ ਕਿ ਇਹ ਹਾਲੇ ਵੀ ਕੁੱਝ ਵੀ ਕਰ ਗੁਜਰਨ ਦੀ ਸੋਚ ਅਤੇ ਸਮਰੱਥਾ ਰੱਖਦੇ ਨੇ। ਉਹ ਜਾਣਦੇ ਨੇ ਕਿ ਇਹ ਹਾਲੇ ਵੀ ਹਵਾ ਦਾ ਰੁੱਖ ਮੋੜ੍ਹ ਸਕਣ ਦੀ ਸ਼ਕਤੀ ਰੱਖਦੇ ਨੇ। ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਨੇ ਕਿਹਾ ਕਿ ਸਾਡੀ ਪ੍ਰਾਪਤੀ ਇਹ ਹੈ ਕਿ ਅਸੀਂ ਸੰਘਰਸ਼ ਦਾ ਝੰਡਾ ਅੱਜ ਵੀ ਬੁਲੰਦ ਰਖਿਆ ਹੋਇਆ ਹੈ। ਸਾਡੀ ਪ੍ਰਾਪਤੀ ਇਹ ਹੈ ਕਿ ਅਸੀਂ ਇਹ ਝੰਡਾ ਆਪਣੀ ਅਗਲੀ ਪੀੜੀ ਨੂੰ ਸੌਂਪਣ ਤੱਕ ਜੀਂਦੇ ਜਾਗਦੇ ਹਾਂ। ਸਾਡੀ ਪ੍ਰਾਪਤੀ ਇਹ ਹੈ ਕਿ ਸਾਡੇ ਜੀਂਦੇ ਜੀਅ ਸਾਡੀ ਅਗਲੀ ਪੀੜੀ ਨੇ ਇਹ ਚੰਡਾ ਚੁੱਕ ਲਿਆ ਹੋਇਆ ਤੇ ਸੰਘਰਸ਼ ਨਿਰੰਤਰਤਾ ਨਾਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਅਕਤੀ ਸੰਘਰਸ਼ ਦੀ ਪਛਾਣ ਜ਼ਰੂਰ ਹੁੰਦੇ ਨੇ ਪਰ ਸੰਘਰਸ਼ ਵਿਅਕਤੀਆਂ ਨਾਲ ਇੰਝ ਨਹੀਂ ਬੱਝਾ ਹੁੰਦਾ ਕਿ ਕਿਸੇ ਵਿਅਕਤੀ ਦੇ ਚਲੇ ਜਾਣ ਬਾਦ ਸੰਘਰਸ਼ ਦਾ ਭੋਗ ਹੀ ਪੈ ਜਾਵੇ । ਸੰਘਰਸ਼ ਦੀਆਂ ਜੜ੍ਹਾਂ ਸੰਘਰਸ਼ ਦੇ ਵਿਚਾਰਧਾਰਕ ਆਧਾਰ ਵਿੱਚ ਹੁੰਦੀਆਂ ਨੇ । ਵਿਚਾਰਾਂ ਦੀਆਂ ਜੜ੍ਹਾਂ ਜਿੰਨੀਆਂ ਡੂੰਘੀਆਂ ਹੋਣ ਗੀਆਂ, ਸੰਘਰਸ਼ ਉਨਾ ਹੀ ਮਜ਼ਬੂਤ ਹੋਵੇਗਾ।

ਸੰਘਰਸ਼ ਦੀ ਕਾਮਯਾਬੀ ਨੂੰ ਕਿਸੇ ਸਮੇਂ ਦੀ ਹੱਦ ਵਿੱਚ ਬੰਨ੍ਹ ਕੇ ਨਹੀਂ ਦੇਖਣਾ ਬਣਦਾ ਹੁੰਦਾ । ਸੰਘਰਸ਼ ਦੀ ਜਿੱਤ ਦਾ ਝੰਡਾ ਗੱਡਣ ਵਿੱਚ ਉਮਰਾਂ ਵੀ ਲੱਗ ਜਾਂਦੀਆਂ ਹਨ, ਤੇ ਪੀੜੀਆਂ ਵੀ। ਜਿਹੜੇ ਲੋਕ ਗੁਰੂ ਵੱਲ ਮੂੰਹ ਕਰ ਕੇ ਤੁਰੇ ਰਹਿੰਦੇ ਨੇ, ਹਾਰਦੇ ਕਦੇ ਨਹੀਂ ਹੁੰਦੇ।

ਜੰਗ ਜਾਰੀ ਹੈ, ਤੇ ਜਾਰੀ ਰਹੇਗੀ।

# ਭਾਈ ਪਰਮਜੀਤ ਸਿੰਘ ਪੰਜਵੜ ਉਤੇ ਹੋਏ ਹਮਲੇ ਦੀ ਜਾਂਚ ਪਾਕਿਸਤਾਨ ਹਕੂਮਤ ਸੀ.ਆਈ.ਏ ਜਾਂ ਐਮ.ਆਈ-6 ਤੋਂ ਕਰਵਾਏ : ਸਿਮਰਨਜੀਤ ਸਿੰਘ ਮਾਨ

ਨਵੀਂ ਦਿੱਲੀ : “ਭਾਈ ਪਰਮਜੀਤ ਸਿੰਘ ਪੰਜਵੜ ਸਿੱਖ ਕੌਮ ਦੇ ਉਹ ਜੁਝਾਰੂ ਅਤੇ ਆਜਾਦੀ ਦੇ ਮਿਸਨ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲੇ ਨੌਜਵਾਨ ਸਨ। ਜਿਨ੍ਹਾਂ ਨੇ ਲੰਮਾਂ ਸਮਾਂ ਕੌਮ ਦੇ ਇਸ ਗੰਭੀਰ ਵਿਸੇ ਤੇ ਨਿਰਸਵਾਰਥ, ਅਣਥੱਕ ਸੇਵਾਵਾਂ ਕੀਤੀਆ ਅਤੇ ਕੌਮ ਦੀ ਚੜ੍ਹਦੀ ਕਲਾਂ ਕਰਨ ਲਈ ਆਖਰੀ ਸਵਾਸਾਂ ਤੱਕ ਸਰਗਰਮ ਰਹੇ। ਪਰ ਦੁੱਖ ਅਤੇ ਅਫਸੋਸ ਹੈ ਕਿ ਬੀਤੇ ਕੁਝ ਦਿਨ ਪਹਿਲੇ ਇਸਲਾਮਿਕ ਪਾਕਿਸਤਾਨ ਮੁਲਕ ਵਿਚ 2 ਮੋਟਰਸਾਈਕਲ ਸਵਾਰਾਂ ਨੇ ਉਨ੍ਹਾਂ ਉਤੇ ਹਮਲਾ ਕਰਕੇ ਉਨ੍ਹਾਂ ਦੀ ਜਾਨ ਲੈ ਲਈ। ਜਦੋਂਕਿ ਉਹ ਇੰਡੀਅਨ ਹੁਕਮਰਾਨਾਂ ਦੇ ਵੱਲੋ ਸਿੱਖ ਕੌਮ ਉਤੇ ਕੀਤੇ ਜਾਣ ਵਾਲੇ ਕਤਲੇਆਮ, ਬਦਲੇ ਦੀ ਭਾਵਨਾ ਨਾਲ ਜ਼ਬਰ ਅਤੇ ਸਾਡੀ ਨਸ਼ਲੀ ਸਫਾਈ ਦੇ ਹੁੰਦੇ ਆ ਰਹੇ ਜ਼ਬਰ ਦੀ ਬਦੌਲਤ ਪਾਕਿਸਤਾਨ ਮੁਲਕ ਵਿਚ ਉਹ ਬਤੌਰ ਰਫਿਉਜੀ ਦੇ ਰਹਿ ਰਹੇ ਸਨ। ਭਾਈ ਪਰਮਜੀਤ ਸਿੰਘ ਪੰਜਵੜ ਨਾਲ ਪਾਕਿਸਤਾਨ ਵਿਚ ਹੋਈ ਇਸ ਦੁਰਘਟਨਾ ਦੀ ਜੇਕਰ ਪਾਕਿਸਤਾਨ ਦੀ ਜਨਾਬ ਸ਼ਾਹਬਾਜ ਸਰੀਫ਼ ਹਕੂਮਤ ਆਪਣੀ ਜਿੰਮੇਵਾਰੀ ਸਮਝਦੀ ਹੋਈ ਨਿਰਪੱਖਤਾ ਨਾਲ ਇਸਦੀ ਜਾਂਚ ਅਮਰੀਕਾ ਦੀ ਖੂਫੀਆ ਏਜੰਸੀ ਸੀ.ਆਈ.ਏ. ਜਾਂ ਬਰਤਾਨੀਆ



ਦੀ ਖੂਫੀਆ ਏਜੰਸੀ ਐਮ.ਆਈ-6 ਤੋਂ ਕਰਵਾਉਣ ਲਈ ਲਿਖਤੀ ਰੂਪ ਵਿਚ ਸਿਫਾਰਿਸ ਕਰ ਦੇਵੇ ਤਾਂ ਇਸ ਹੋਏ ਦੁਖਾਂਤ ਦਾ ਸੱਚ ਖੁਦ-ਬ-ਖੁਦ ਸਾਹਮਣੇ ਆ ਜਾਵੇਗਾ ਕਿ ਇਹ ਕਾਰਵਾਈ ਇੰਡੀਅਨ ਏਜੰਸੀਆ ਦੀ ਹੈ ਜਾਂ ਪਾਕਿਸਤਾਨ ਵਿਚ ਕਿਸੇ ਧਿਰ ਦੀ ਹੈ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਈ ਪਰਮਜੀਤ ਸਿੰਘ ਪੰਜਵੜ ਵਰਗੇ ਕੌਮੀ ਯੋਧੇ ਦੇ ਹੋਏ ਅਕਾਲ ਚਲਾਣੇ ਅਤੇ ਇਸਲਾਮਿਕ ਪਾਕਿਸਤਾਨ ਮੁਲਕ ਵਿਚ ਉਨ੍ਹਾਂ ਉਤੇ ਹੋਏ ਹਮਲੇ ਦੇ ਸੱਚ ਨੂੰ ਸਾਹਮਣੇ ਲਿਆਉਣ ਹਿੱਤ ਜਨਾਬ ਸ਼ਾਹਬਾਜ ਸਰੀਫ ਹਕੂਮਤ ਨੂੰ ਇਸਦੀ ਜਾਂਚ ਕੌਮਾਂਤਰੀ ਪੱਧਰ ਦੀਆਂ ਦੇਜੰਸੀਆ ਸੀ.ਆਈ.ਏ ਜਾਂ ਐਮ.ਆਈ-6 ਤੋਂ ਕਰਵਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਸ ਵਾਪਰੀ ਘਟਨਾ ਉਤੇ ਸਮੁੱਚੀ ਸਿੱਖ ਕੌਮ ਦੇ ਮਨਾਂ ਤੇ ਆਤਮਾਵਾ ਨੂੰ ਡੂੰਘੀ ਪੀੜ੍ਹਾ ਪਹੁੰਚੀ ਹੈ ਕਿ ਮੋਢੀ ਸਿੱਖਾਂ ਜਾਂ ਸਿੱਖ ਕੌਮ ਦੇ ਆਜਾਦੀ ਲਈ ਸੁਹਿਰਦਤਾ ਨਾਲ ਉਦਮ ਕਰਨ ਵਾਲੀਆ ਸਖਸ਼ੀਅਤਾਂ ਦੇ ਕਤਲ ਇਸ ਤਰ੍ਹਾਂ ਸਾਜਸੀ ਢੰਗਾਂ ਨਾਲ ਕਰ ਦਿੱਤੇ ਜਾਂਦੇ ਹਨ ਜੋ ਮਨੁੱਖੀ ਤੇ ਇਨਸਾਨੀ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੀਆ ਕਾਰਵਾਈਆ ਹਨ। ਜਿਸਦਾ ਸੱਚ ਹਰ ਕੀਮਤ ਤੇ ਸਾਹਮਣੇ ਆਉਣਾ ਚਾਹੀਦਾ ਹੈ । ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਪਾਕਿਸਤਾਨ ਦੀ ਸ੍ਰੀ ਸ਼ਾਹਬਾਜ ਸਰੀਫ ਹਕੂਮਤ ਸਿੱਖ ਕੌਮ ਦੇ ਬਿਨ੍ਹਾਂ ਤੇ ਸਾਡੇ ਵੱਲੋ ਇਸ ਦੁਖਾਂਤ ਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਕੀਤੀ ਗਈ ਮੰਗ ਨੂੰ ਪ੍ਰਵਾਨ ਕਰਕੇ ਦੁਨੀਆ ਸਾਹਮਣੇ ਸੱਚ ਲਿਆਉਣ ਵਿਚ ਮੁੱਖ ਭੂਮਿਕਾ ਨਿਭਾਉਣਗੇ।

# ਭਾਈ ਪਰਮਜੀਤ ਸਿੰਘ ਪੰਜਵੜ ਮੁਖੀ ਖਾਲਿਸਤਾਨ ਕਮਾਂਡੋ ਫੋਰਸ ਦੀ ਸ਼ਹੀਦੀ ਦੁਖਦਾਇਕ : ਹਰਦੀਪ ਸਿੰਘ



ਨਵੀਂ ਦਿੱਲੀ : ਕਨੈਡਾ ਸਰੀ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਖਾਲਿਸਤਾਨ ਦੇ ਸੰਘਰਸ਼ ਦੇ ਰਾਹਗੀਰ, ਵੱਡੇ ਵੀਰ ਭਾਈ ਪਰਮਜੀਤ ਸਿੰਘ ਪੰਜਵੜ ਮੁੱਖੀ ਖਾਲਿਸਤਾਨ ਕਮਾਡੋ ਫੋਰਸ ਦੇ ਸ਼ਹੀਦੀ ਹੋਣ ਦੀ ਖ਼ਬਰ ਮਿਲੀ ਹੈ, ਭਾਰਤੀ ਏਜੰਸੀਆਂ ਦੇ ਭਾੜੇ ਦੇ ਕਾਤਲਾਂ ਵਲੋਂ ਉਹਨਾਂ ਨੂੰ ਲਾਹੌਰ ਵਿੱਖੇ ਗੋਲੀਆਂ ਮਾਰੀਆ ਗਈਆਂ ਹਨ, ਜੋ ਕਿ ਬਹੁਤ ਦੁਖਦਾਇਕ ਅਤੇ ਕੌਮ ਦੀ ਆਜ਼ਾਦੀ ਲਈ ਚਲ ਰਹੇ ਮੌਜੂਦਾ ਸੰਘਰਸ਼ ਨੂੰ ਵੱਡਾ ਘਾਟਾ ਪਿਆ ਹੈ। ਇਸ ਤੋ ਪਹਿਲਾਂ ਸਾਲ 2020 ਚ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁੱਖੀ ਭਾਈ ਹਰਮੀਤ ਸਿੰਘ ਪੀਐਚਡੀ ਨੂੰ ਵੀ ਇਸੇ ਤਰਾਂ ਭਾਰਤੀ ਏਜੰਸੀਆਂ ਦੇ ਕਾਂਟਰੈਕਟ ਕਿਲਰਾਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਭਾਈ ਪਰਮਜੀਤ ਸਿੰਘ ਦਾ ਨਾਮ ਸਿੱਖ ਸੰਘਰਸ਼ ਵਿੱਚ ਕਿਸੇ ਜਾਣ ਪਹਿਚਾਣ ਦਾ ਮੁਹਥਾਜ ਨਹੀਂ ਹੈ। ਗੁਰੂ ਸਾਹਿਬ ਦੇ ਅਗੇ ਅਰਦਾਸ ਹੈ ਕਿ ਉਹ ਸ਼ਹੀਦ ਵੀਰ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਤੇ ਉਹਨਾਂ ਦੇ ਸਾਥੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਪੰਥ ਦਰਦੀ ਸਾਰੇ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ ਉਹ ਸ਼ਹੀਦਾਂ ਦੇ ਰਹਿੰਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਹਰ ਹੀਲੇ ਕਾਰਜਸ਼ੀਲ ਹੋਣ । ਆਪਣੇ ਰਾਜ ਭਾਗ ਤੇ ਆਪਣੇ ਮੁਲਕ ਖਾਲਿਸਤਾਨ ਤੋ ਬਿਨਾਂ ਅਸੀਂ ਕਿਤੇ ਵੀ ਸੁਰੱਖਿਅਤ ਨਹੀਂ ਰਹਿ ਸਕਦੇ । ਇੱਥੇ ਵਿਦੇਸ਼ਾਂ ਵਿੱਚ ਵੀ ਭਾਰਤੀ ਏਜੰਸੀਆਂ ਦੇ ਕਰਿੰਦੇ ਸਰਗਰਮ ਹਨ ਜੋ ਪੰਥਕ ਸੋਚ ਵਾਲੇ ਸਿੰਘਾ ਨੂੰ ਨਿਸ਼ਾਨਾ ਬਣਾਉਣ ਦੀ ਤਾਕ ਵਿੱਚ ਹਨ। ਅੰਤ ਵਿਚ ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਇਕਠੇ ਹੋ ਕੇ ਦੁਸ਼ਮਣ ਦੀਆਂ ਚਾਲਾਂ ਦਾ ਜੁਆਬ ਦੇਣਾ ਚਾਹੀਦਾ ਹੈ। ਵਾਹਿਗੁਰੂ ਸਾਨੂੰ ਸਾਰਿਆਂ ਨੂੰ ਬਲ ਬੁੱਧ ਅਤੇ ਏਕਤਾ ਬਖਸ਼ਣ ।

# ਮੁਖੀ ਭਾਈ ਪ੍ਰਮਜੀਤ ਸਿੰਘ ਪੰਜਵੜ ਦੇ ਅਕਾਲ ਚਲਾਣੇ ’ਤੇ ਹਾਰਦਿਕ ਸ਼ਰਧਾਂਜ਼ਲੀ

ਨਵੀਂ ਦਿੱਲੀ : ਖਾਲਸਾ ਪੰਥ ਦੀ ਜਨਮ ਭੂਮੀ ਅਤੇ ਗੁਰੂਆਂ ਦੀ ਚਰਨ ਛੋਹ ਧਰਤੀ ਨੂੰ ਭਾਰਤ ਦੇ ਭ੍ਰਿਸ਼ਟ ਰਾਜਤੰਤਰ ਤੋਂ ਅਜ਼ਾਦ ਕਰਵਾਉਣ ਲਈ ਪਿਛਲੇ ਚਾਲੀ ਸਾਲਾਂ ਤੋਂ ਚੱਲ ਰਹੇ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪ੍ਰਮਜੀਤ ਸਿੰਘ ਪੰਜਵੜ੍ਹ ਬੀਤੇ ਦਿਨੀਂ ਪੰਥ ਦੁਸ਼ਮਣਾਂ ਦੇ ਹਮਲੇ ਦੌਰਾਨ ਸ਼ਹਾਦਤ ਪ੍ਰਾਪਤ ਕਰ ਗਏ ਹਨ। ਖਾਲਿਸਤਾਨ ਦੀ ਪ੍ਰਾਪਤੀ ਲਈ ਭਾਈ ਪ੍ਰਮਜੀਤ ਸਿੰਘ ਪੰਜਵੜ੍ਹ ਅਤੇ ਉਹਨਾਂ ਦੇ ਪਰਿਵਾਰ ਦੀਆਂ ਸ਼ਹਾਦਤਾਂ ਅਜਾਈਂ ਨਹੀਂ ਜਾਣਗੀਆਂ।

ਉਪਰੋਕਤ ਵਿਚਾਰ ਪ੍ਰਗਟ ਕਰਦਿਆਂ ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਜਥੇਦਾਰ ਗੁਰਮੇਜ ਸਿੰਘ ਗਿੱਲ ਯੂ ਕੇ, ਜਥੇਦਾਰ ਬਲਬੀਰ ਸਿੰਘ ਯੂ ਕੇ, ਜਥੇਦਾਰ ਸੁਬੇਗ ਸਿੰਘ ਡੈਨਮਾਰਕ, ਜਥੇਦਾਰ ਸਤਨਾਮ ਸਿੰਘ ਬੱਬਰ ਅਤੇ ਜਥੇਦਾਰ ਰੇਸ਼ਮ ਸਿੰਘ ਬੱਬਰ ਜਰਮਨੀ ਨੇ ਇਕ ਸਾਂਝੇ



ਬਿਆਨ ਵਿੱਚ ਕਿਹਾ ਕਿ ਭਾਈ ਪ੍ਰਮਜੀਤ ਸਿੰਘ ਪੰਜਵੜ੍ਹ ਦੀ ਅਚਾਨਕ ਹੋਈ ਸ਼ਹਾਦਤ ਨਾਲ ਸਿੱਖ ਸੰਘਰਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਕਤ ਆਗੂਆਂ ਨੇ ਕਿਹਾ ਕਿ ਜੂਨ 1984 ਵਿੱਚ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪੂਰੀ ਸਿੱਖ ਕੌਮ ਉਤੇ ਕੀਤੇ ਫੌਜੀ ਹਮਲੇ ਪਿੱਛੋਂ ਹੋਂਦ ਵਿੱਚ ਆਈ ਖਾਲਿਸਤਾਨ ਕਮਾਂਡੋ ਫੋਰਸ ਦੀ 1989 ਤੋਂ ਕਮਾਂਡ ਸੰਭਾਲ ਕੇ ਭਾਈ ਪ੍ਰਮਜੀਤ ਸਿੰਘ ਪੰਜਵੜ੍ਹ ਨੇ ਸਿੱਖ ਕੌਮ ਦੇ ਅਜ਼ਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਭਾਰਤੀ ਹਕੂਮਤ ਨਾਲ ਡਟਵੀਂ ਟੱਕਰ ਲਈ । ਉਹਨਾਂ ਦੀ ਰੂਪੋਸ਼ੀ ਦੌਰਾਨ ਭਾਰਤ ਦੇ ਸਰਕਾਰੀ ਅੱਤਵਾਦ ਨੇ ਉਹਨਾਂ ਦੇ ਪਰਿਵਾਰ ਦੇ ਜੀਆਂ, ਮਾਤਾ ਜੀ ਤੇ ਭਰਾ ਨੂੰ ਵੀ ਸ਼ਹੀਦ ਕਰ ਦਿੱਤਾ ਸੀ, ਪਰ ਭਾਈ ਪੰਜਵੜ੍ਹ ਫੇਰ ਵੀ ਡੋਲੇ ਨਹੀਂ ਅਤੇ ਸੰਘਰਸ਼ ਦੀ ਅਗਵਾਈ ਕਰਦੇ ਰਹੇ । ਉਕਤ ਆਗੂਆਂ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਆਪਣੇ ਸਥਾਨਕ ਗੁਰੂ ਘਰਾਂ ਵਿਖੇ ਸੰਗਤਾਂ ਭਾਈ ਪੰਜਵੜ੍ਹ ਨਮਿੱਤ ਸ਼ਰਧਾਂਜ਼ਲੀ ਸਮਾਗਮ ਅਤੇ ਅੰਤਿਮ ਅਰਦਾਸ ਕਰਨ।

# ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਦੇ ਗੁਰਮਤਿ ਸਮਾਗਮ ਹੋਏ

**• ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਦਲਪੰਥ ਸਮੇਤ ਸਮੂਲੀਅਤ • ਨਾਮਵਰ ਸਿੱਖ ਸਖਸ਼ੀਅਤਾਂ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਤ**











ਕਰਨਾਲ/ਅੰਮ੍ਰਿਤਸਰ : ਸਿੱਖ ਪੰਥ ਅਤੇ ਰਾਮਗੜ੍ਹੀਆ ਮਿਸਲ ਦੇ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਇੰਟਰਨੈਸ਼ਨਲ ਸਿੱਖ ਫੋਰਮ ਅਤੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਤੇ ਹਰਿਆਣਾ ਦੀਆਂ ਰਾਮਗੜ੍ਹੀਆ ਸਭਾਵਾਂ, ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਨਵੀਂ ਅਨਾਜ ਮੰਡੀ ਜੀ.ਟੀ.ਰੋਡ ਕਰਨਾਲ ਵਿਖੇ ਮਹਾਨ ਸ਼ਤਾਬਦੀ ਗੁਰਮਤਿ ਸਮਾਗਮ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸੰਸਥਾਵਾਂ, ਜਥੇਬੰਦੀਆਂ, ਧਾਰਮਿਕ, ਸੰਪਰਦਾਵਾਂ ਨੇ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਭਾਈ ਗੁਰਤੇਜ ਸਿੰਘ, ਦਵਿੰਦਰ ਸਿੰਘ, ਸ. ਪ੍ਰਿਤਪਾਲ ਸਿੰਘ ਸੰਧੂ ਦੇ ਯਤਨਾ ਤੇ ਸਹਿਯੋਗ ਨਾਲ ਇਹ ਸਮਾਗਮ ਸਫਲਤਾ ਪੂਰਨ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਮਹਾਨ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਣਾ ਇਤਿਹਾਸ ਨੂੰ ਉਜਾਗਰ ਕਰਨਾ ਤੇ ਸੰਗਤਾਂ ਦੇ ਰੂਬਰੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਔਖੇ ਵੇਲੇ ਕੌਮ ਦੇ ਮਹਾਨ ਸਿੱਖ ਜਰਨੈਲਾਂ ਨੇ ਕੌਮ ਨੂੰ ਦੁਬਿਧਾ 'ਚੋਂ ਕੱਢਣ ਲਈ ਵੱਡੀਆਂ ਬਹੁਮੁਲੀਆਂ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਨਵਾਬ ਕਪੂਰ ਸਿੰਘ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆਂ ਦੀ ਅਗਵਾਈ ਵਿਚ ਸਭ ਮਿਸਲਾਂ ਦੇ ਜਥੇਦਾਰ ਚਲੱਦੇ ਸਨ ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਹੁੰਦੀ ਸੀ। ਇੱਕਜੁਟਤਾ ਕਾਰਨ ਹੀ ਦਿਲੀ ਦੇ ਲਾਲ ਕਿਲ੍ਹੇ ਦਾ ਸ਼ਾਹੀ ਤਖ਼ਤ ਤੇ ਹੋਰ ਸਾਜੋ ਸਮਾਨ ਖਾਲਸਾ ਪੰਥ ਪੁੱਟ ਕੇ ਅੰਮ੍ਰਿਤਸਰ ਲੈ ਆਏ ਸਨ। ਉਹ ਤਖ਼ਤ-ਏ-ਤਉਸ ਜਿਸ ਤੇ ਬੈਠ ਕੇ ਮੁਗਲ ਜੁਲਮ ਕਰਦੇ ਸਨ ਉਸ ਨੂੰ ਘੋੜਿਆ ਮਗਰ ਬੰਨ ਕੇ ਲਿਆਂਦਾ ਗਿਆ ਜੋ ਅੱਜ ਰਾਮਗੜੀਆ ਬੁੰਗਾ ਵਿਖੇ ਸਥਾਪਤ ਹੈ। ਉਨ੍ਹਾਂ ਕਿਹਾ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਖਾਲਸਾ ਪੰਥ ਨਾਲ ਮਿਲ ਕੇ ਕੌਮ ਦੀ ਬੇਹਤਰੀ ਲਈ ਜਾਲਮਾਂ ਦਾ ਨਾਸ਼ ਕਰਨ ਲਈ ਜੰਗ ਯੁੱਧ ਲੜੇ। ਅੱਜ ਉਨ੍ਹਾਂ ਦੀ 300 ਸਾਲਾ ਜਨਮ ਸ਼ਤਾਬਦੀ ਸਮੇਂ ਅਸੀ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਇੰਟਰਨੈਸ਼ਨਲ ਸਿੱਖ ਫੋਰਮ ਅਤੇ ਗੱਤਕਾ ਫਾਰਡੇਸ਼ਨ ਆਲ ਇੰਡਿਆ ਨੂੰ ਢੇਡ ਲੱਖ ਰੁਪਏ ਦੀ ਨਕਦ ਰਾਸ਼ੀ ਵੀ ਦਿਤੀ।

ਇਸ ਮੌਕੇ ਪਦਮ ਸ੍ਰੀ ਸ. ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਇਕਵੀਂ ਸਦੀ ਦੇ ਆਉਣ ਵਾਲੇ ਦਹਾਕੇ ਸ਼ਤਾਬਦੀਆਂ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਗੁਰੂ ਕਾ ਬਾਗ਼, ਪੰਜਾ ਸਾਹਿਬ, ਨਨਕਾਣਾ ਸਾਹਿਬ, ਅਕਾਲੀ ਬਾਬਾ ਫੂਲਾ ਸਿੰਘ, ਦੀਆਂ ਸ਼ਤਾਬਦੀਆਂ ਮਨਾ ਚੁੱਕੇ ਹਾਂ। ਹੁਣ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਸ਼ਤਾਬਦੀ ਮਨਾਈ ਗਈ ਹੈ। ਇਨ੍ਹਾਂ ਸ਼ਤਾਬਦੀਆਂ ਦਾ ਇਤਿਹਾਸਕ ਪੱਧਰ ਤੇ ਚੰਗਾ ਸੰਦੇਸ਼ ਦੇਸ਼, ਵਿਦੇਸ਼ ਵਿਚ ਜਾਏਗਾ।

ਇਸ ਮੌਕੇ ਵੱਲ਼-ਵੱਖ ਸਿੱਖ ਸਖਸ਼ੀਅਤਾਂ ਜਿਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਸਨਮਾਨਜਨਕ ਨਾਮਣਾਂ ਖੱਟਿਆ ਹੈ। ਉਨ੍ਹਾਂ ਨੂੰ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਇੰਟਰਨੈਸ਼ਨਲ ਐਵਾਰਡਾਂ ਨਾਲ ਸਨਮਾਨਤ ਕੀਤਾ ਗਿਆ। ਜਿਨ੍ਹਾਂ ਵਿੱਚ ਡਾ. ਰਤਨ ਸਿੰਘ ਜੱਗੀ, ਡਾ. ਗੁਰਨਾਮ ਸਿੰਘ, ਡਾ. ਜਸਪਾਲ ਸਿੰਘ ਦਿਲੀ, ਪਦਮ ਸ੍ਰੀ ਸ. ਤਰਲੋਚਨ ਸਿੰਘ, ਡਾ. ਪਰਮਜੀਤ ਸਿੰਘ, ਸ. ਰਸ਼ਿਦਰ ਸਿੰਘ ਚਾਵਲਾ ਆਈ.ਪੀ.ਐਸ, ਸ. ਹਰਪ੍ਰੀਤ ਸਿੰਘ ਦਰਦੀ, ਸ. ਅਮਰਜੀਤ ਸਿੰਘ ਚਾਵਲਾ, ਸ. ਹਰਪ੍ਰੀਤ ਸਿੰਘ ਦਰਦੀ ਪੱਤਰਕਾਰ, ਸ. ਸੁਰਿੰਦਰ ਪਾਲ ਸਿੰਘ ਡੁੱਬਈ, ਸ. ਜਗਦੀਸ਼ ਸਿੰਘ ਬਰਾੜ ਚਿੱਤਰਕਾਰ ਆਦਿ ਦੇ ਨਾਮ ਸ਼ਾਮਲ ਹਨ। ਇਨ੍ਹਾਂ ਸਖਸ਼ੀਅਤਾਂ ਨੂੰ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ, ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਪਦਮਸ੍ਰੀ ਜਗਜੀਤ ਸਿੰਘ ਦਰਦੀ, ਜਥੇਦਾਰ ਗੁਰਤੇਜ ਸਿੰਘ ਨੇ ਯਾਦਗਾਰੀ ਐਵਾਰਡ, ਸਿਰਪਾਓ, ਦੁਸ਼ਾਲਾ ਆਦਿ ਨਾਲ ਸਨਮਾਨਿਤ ਕੀਤਾ। ਬੁੱਢਾ ਦਲ ਪਾਸ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਸਿੱਖ ਜਰਨੈਲਾਂ ਦੇ ਜੋ ਇਤਿਹਾਸਕ ਸ਼ਸਤਰ ਹਨ ਉਨ੍ਹਾਂ ਦੇ ਦਰਸ਼ਨ ਵੀ ਸੰਗਤਾਂ ਨੂੰ ਕਰਵਾਏ ਗਏ।

ਇਸ ਮੌਕੇ ਸੰਤ ਜੋਗਾ ਸਿੰਘ, ਬਾਬਾ ਮੇਹਰ ਸਿੰਘ, ਸ. ਜਗਦੇਵ ਸਿੰਘ ਤੱਪਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਜੱਸਾ ਸਿੰਘ, ਬਾਬਾ ਗੁਰਮੁੱਖ ਸਿੰਘ, ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਰਣਜੋਧ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ ਆਦਿ ਹਾਜ਼ਰ ਸਨ। ਬੀਤੀ ਰਾਤ ਡਾ. ਮੰਗਲ ਸੈਣ ਐਡੋਟੋਰਿਅਮ ਅੰਬੇਦਕਰ ਚੌਂਕ ਕਰਨਾਲ ਵਿਖੇ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ ਵੱਖ ਜ਼ਿਲ੍ਹਿਆ ਦੀਆਂ ਖੇਡੂ ਟੀਮਾਂ ਨੇ ਭਾਗ ਲਿਆ। ਜੇਤੂ ਟੀਮਾਂ ਨੂੰ ਇਨਾਮ, ਸਨਮਾਨ ਚਿੰਨ੍ਹ, ਸਰਟੀਫਿਕੇਟ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

## ਮੁੱਖ ਮੰਤਰੀ ਇਨਸਾ.ਫ ਦੇਣ ਦੇ ਵਾਅਦੇ 'ਤੇ ਖਰੇ ਨਹੀਂ ਉਤਰੇ: ਬਲਕੌਰ ਸਿੰਘ



ਮਾਨਸਾ : ਜ਼ਿਮਨੀ ਚੋਣ ਦੇ ਮੱਦੇਨਜ਼ਰ ਜਲੰਧਰ ਗਏ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਮਾਪੇ ਪਿੰਡ ਪਰਤ ਆਏ ਹਨ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅੱਜ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਮੂਸੇਵਾਲਾ ਦੇ ਕਤਲ ਸਬੰਧੀ ਪੰਜਾਬ ਸਰਕਾਰ ਨੂੰ ਘੇਰਨ ਵਾਸਤੇ ਜਲੰਧਰ ਗਏ ਸਨ ਪਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਉਨ੍ਹਾਂ ਨੂੰ ਇਨਸਾਫ ਦੇਣ ਦਾ ਵਾਅਦਾ ਕੀਤਾ ਸੀ ਪਰ ਉਹ ਉਸ 'ਤੇ ਖਰੇ ਨਹੀਂ ਉਤਰੇ। ਉਨ੍ਹਾਂ ਕਿਹਾ ਕਿ 'ਆਪ' ਦੀਆਂ ਵੋਟਾਂ ਸਵਾਰਥ ਅਤੇ ਸ਼ੋਹਰਤ ਨਾਲ ਜੁੜੀਆਂ ਹੋਈਆਂ ਹਨ।

## ਰਾਮਗੜ੍ਹੀਆ ਭਾਈਚਾਰੇ ਵਲੋਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਸਮਾਗਮ ਰਾਮਗੜ੍ਹੀਆ ਪਾਰਕ ਵਿਖੇ ਮਨਾਇਆ

### ਬੁੱਢਾ ਦਲ ਦੇ ਮੁਖੀ ਨੂੰ ਕੀਤਾ ਸਨਮਾਨਿਤ



ਅੰਮ੍ਰਿਤਸਰ : ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਤੇ ਭਾਈ ਬੰਦੀ ਸਮੇਤ ਗੁਰੂ ਨਗਰੀ ਦੀਆਂ ਹੋਰ ਰਾਮਗੜ੍ਹੀਆਂ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਵਲੋਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਦਿਹਾੜਾ ਜੱਸਾ ਸਿੰਘ ਰਾਮਗੜ੍ਹੀਆ ਪਾਰਕ ਜੀ. ਟੀ. ਰੋਡ 100 ਫੁੱਟੀ ਰੋਡ ਵਿਖੇ ਮਨਾਇਆ ਗਿਆ, ਜਿਸ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਲਬੀਰ ਸਿੰਘ ਅਕਾਲੀ 96 ਕਰੋੜੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ੍ਰੀ ਸੁਖਮਨੀ ਸਾਹਿਬ ਪਾਠ ਉਪਰੰਤ ਗੁਰਮਤਿ ਸਮਾਗਮ ਸਜਾਇਆ, ਜਿਸ ਦੌਰਾਨ ਢਾਡੀ ਸਿੰਘਾਂ ਨੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਜੀਵਨ ਇਤਿਹਾਸ ਸਰਵਨ ਕਰਾਇਆ। ਇਸ ਮੌਕੇ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਿੱਖ ਜਰਨੈਲ ਦੇ ਜੀਵਨ ਤੇ ਸਿੱਖ ਪੰਥ ਲਈ ਨਿਭਾਈਆਂ ਮਹਾਨ ਸੇਵਾਵਾਂ ਦੀ ਚਰਚਾ ਕਰਦਿਆਂ ਸਮੂਹ ਰਾਮਗੜ੍ਹੀਆ ਭਾਈਚਾਰੇ ਤੇ ਸਿੱਖ ਜਗਤ ਨੂੰ ਜਨਮ ਸ਼ਤਾਬਦੀ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਇਸ ਮੌਕੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਤੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਸ੍ਰੀ ਗੁਰੂ ਰਾਮਦਾਸ ਸੇਵਕ ਸਭਾ ਲੰਗਰ ਹਾਲ ਸ੍ਰੀ ਦਰਬਾਰ ਸਾਹਿਬ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਅਸ਼ੋਕ ਤਲਵਾੜ, ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ. ਜਸਪਾਲ ਸਿੰਘ ਪਦਮ, ਭਾਈ ਬੰਦੀ ਦੇ ਮੁਖੀ ਅਮਰਦੀਪ ਸਿੰਘ ਹੈਪੀ ਰਾਜੇਵਾਲ, ਸ: ਜੱਸਾ ਸਿੰਘ ਰਾਮਗੜੀਆ ਫੈਡਰੇਸ਼ਨ ਦੇ ਪ੍ਰਧਾਨ ਪਿਆਰਾ ਸਿੰਘ ਮਠਾੜੂ, ਸੁਖਵਿੰਦਰ ਸਿੰਘ ਘਟੋੜਾ, ਪ੍ਰੀਤਮ ਸਿੰਘ ਕਲਸੀ, ਅਨੂਪ ਸਿੰਘ ਵਿਰਦੀ, ਜਸਵਿੰਦਰ ਸਿੰਘ ਦੀਨਪੁਰ, ਜਗਤਾਰ ਸਿੰਘ ਭੁੱਲਰ, ਇਕਬਾਲ ਸਿੰਘ ਸ਼ੈਰੀ, ਭੋਲਾ ਸਿੰਘ ਧੰਜਲ, ਮਾ. ਹਰਜੀਤ ਸਿੰਘ ਸੰਧੂ ਛੇਹਰਟਾ, ਜਗਤਾਰ ਸਿੰਘ ਕਲਸੀ, ਜਤਿੰਦਰ ਸਿੰਘ ਉਸਾਹਨ, ਅਵਤਾਰ ਸਿੰਘ ਪਦਮ, ਲਖਵਿੰਦਰ ਸਿੰਘ ਖੋਖਰ, ਸੁਰਜੀਤ ਸਿੰਘ ਠੇਠੀ ਤੇ ਬੌਬੀ ਭਲਵਾਨ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।



ਸ਼ਹੀਦ ਜਨਰਲ ਲਾਭ ਸਿੰਘ ਸ਼ਹੀਦ ਮਨਵੀਰ ਸਿੰਘ ਚਹੇੜੂ



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ

ਮੁਖੀ ਖਾਲਿਸਤਾਨ ਕਮਾਂਡੋ ਫੋਰਸ



ਸ਼ਹੀਦ ਕਮਲਜੀਤ ਸਿੰਘ ਸੁਲਤਾਨਵਿੰਡ ਸ਼ਹੀਦ ਹਰਮਿੰਦਰ ਸਿੰਘ ਸੁਲਤਾਨਵਿੰਡ

ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਨੂੰ ਪਾਕਿਸਤਾਨ 'ਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ। ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

# ਭਾਈ ਸਾਹਿਬ ਭਾਈ ਪਰਮਜੀਤ ਸਿੰਘ ਪੰਜਵੜ

## ਜੀ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ

## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

## 24440 132nd Ave SE, Kent, WA 98042



ਸ਼ਹੀਦ ਰਾਜਵਿੰਦਰ ਸਿੰਘ ਰਾਜੂ (ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ) ਅਤੇ ਮਾਤਾ ਜੀ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 19 ਮਈ 2023 ਸਵੇਰੇ 10.30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 21 ਮਈ 2023 ਸਵੇਰੇ 10.00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

## ਹੋਰ ਜਾਣਕਾਰੀ ਲਈ

ਗੁਰਦੁਆਰਾ ਸਾਹਿਬ : 253-239-2790

ਸ੍ਰ. ਦਰਸ਼ਨ ਸਿੰਘ : 206-261-1100

ਸ੍ਰ. ਗਗਨਦੀਪ ਸਿੰਘ 206-290-5115

ਸ੍ਰ. ਤੇਜਿੰਦਰ ਸਿੰਘ : 253-653-3536

ਸ੍ਰ. ਰਘਬੀਰ ਸਿੰਘ 206-841-6161




18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023


ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 300 ਸਾਲਾ

ਸ਼ਤਾਬਦੀ ਨੂੰ ਸਮਰਪਿਤ

## ਮਹਾਨ ਸਮਾਗਮ


ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁਗ਼ਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

**ਅਰੰਭ ਸ੍ਰੀ ਅਖੰਡਪਾਠ ਸਾਹਿਬ 12 ਮਈ 2023 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 14 ਮਈ 2023 ਦਿਨ ਐਤਵਾਰ 10 ਵਜੇ**

ਜਿਸ 'ਚ ਪੰਥ ਦੀਆਂ ਮਹਾਨ ਸ਼ਖਸੀਅਤਾਂ, ਰਾਗੀ ਢਾਡੀ, ਕਥਾਵਾਚਕ ਪਹੁੰਚ ਰਹੇ ਹਨ। ਸਮੇਤ ਪਰਿਵਾਰ ਪਹੁੰਚਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਸ੍ਰ. ਦਵਿੰਦਰ ਸਿੰਘ ਚਾਨਾ
510-376-9428


ਸ੍ਰ. ਨਰਿੰਦਰ ਸਿੰਘ
510-755-0661


ਸ੍ਰ. ਨਿਰਮਲ ਸਿੰਘ ਮੂਧਰ
510-754-9805


ਸ੍ਰ.ਗੁਰਮੀਤ ਸਿੰਘ ਭੋਗਲ
510-386-2084


ਸ੍ਰ. ਸੁਖਦੇਵ ਸਿੰਘ ਕਲਸੀ
510-438-9102

**ਬੇਨਤੀ ਕਰਤਾ : ਰਾਮਗੜ੍ਹੀਆ ਸਿੱਖ ਕਲਚਰਲ ਸੁਸਾਇਟੀ ਬੇਏਰੀਆ**

# ਐਕਯੂਪ੍ਰੈਸ਼ਰ ਦੇ ਚਮਤਕਾਰ

ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ



ਗਰਦਨ, ਮੋਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

**ਸਿੰਘ ਹੋਮਿਓਪੈਥੀ: Ph : 209 -505-1988**

Call Only 9am to 6pm

We Accept All major Credit Cards

*Homeopathy Medicine Not FDA Approved*

# ਅਦਾਲਤ 'ਚ ਪੇਸ਼ੀ ਭੁਗਤਣ ਆਏ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਗ੍ਰਿਫ਼ਤਾਰ

## *ਪੈਰਾਮਿਲਟਰੀ ਰੇਂਜਰਜ਼ ਅਣਦੱਸੀ ਥਾਂ 'ਤੇ ਲੈ ਕੇ ਗਏ; ਧਾਰਾ 144 ਲਾਗੂ; ਇੰਟਰਨੈਟ ਦੇ ਮੋਬਾਈਲ ਸੇਵਾਵਾਂ ਬੰਦ*

ਇਸਲਾਮਾਬਾਦ/ਲਾਹੌਰ : ਪੈਰਾਮਿਲਟਰੀ ਰੇਂਜਰਾਂ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅੱਜ ਇਸਲਾਮਾਬਾਦ ਹਾਈ ਕੋਰਟ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ। ਖ਼ਾਨ ਭ੍ਰਿਸ਼ਟਾਚਾਰ ਕੇਸ ਦੀ ਸੁਣਵਾਈ ਲਈ ਕੋਰਟ ਅਹਾਤੇ ਵਿੱਚ ਮੌਜੂਦ ਸਨ। ਗ੍ਰਿਫ਼ਤਾਰੀ ਮਗਰੋਂ ਖ਼ਾਨ ਨੂੰ ਰਾਵਲਪਿੰਡੀ ਸਥਿਤ ਕੌਮੀ ਜਵਾਬਦੇਹੀ ਬਿਊਰੋ (ਐੱਨਏਬੀ) ਦੇ ਦਫ਼ਤਰ ਵਿੱਚ ਤਬਦੀਲ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਹਾਲਾਂਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼(ਪੀਟੀਆਈ) ਦੇ ਆਗੂ ਫ਼ਵਾਦ ਚੌਧਰੀ ਨੇ ਖ਼ਾਨ ਨੂੰ ਕਿਸੇ ਅਣਦੱਸੀ ਥਾਂ ਤਬਦੀਲ ਕਰਨ ਦਾ ਦਾਅਵਾ ਕੀਤਾ ਹੈ। ਪਾਰਟੀ ਨੇ ਖ਼ਾਨ 'ਤੇ ਤਸ਼ੱਦਦ ਕੀਤੇ ਜਾਣ ਦਾ ਵੀ ਦਾਅਵਾ ਕੀਤਾ ਹੈ, ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ। ਪੀਟੀਆਈ ਦੇ ਸਕੱਤਰ ਜਨਰਲ ਅਸਦ ਉਮਰ ਨੇ ਟਵੀਟ ਕੀਤਾ ਕਿ ਪਾਰਟੀ ਦੇ ਉਪ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਦੀ ਅਗਵਾਈ ਵਾਲੀ ਛੇ ਮੈਂਬਰੀ ਕਮੇਟੀ ਵੱਲੋਂ ਅਗਲੇ ਸੰਘਰਸ਼ ਦੀ ਰਣਨੀਤੀ ਘੜੀ ਜਾਵੇਗੀ। ਇਸ ਦੌਰਾਨ ਭਾਰਤ ਨੇ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ ਹੈ। ਦੱਸ ਦੇਈਏ ਕਿ ਖ਼ਾਨ ਨੇ ਅਜੇ ਇਕ ਦਿਨ ਪਹਿਲਾਂ ਦੇਸ਼ ਦੀ ਤਾਕਤਵਾਰ ਫੌਜ 'ਤੇ ਉਨ੍ਹਾਂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਨੇ ਸਾਬਕਾ ਕ੍ਰਿਕਟਰ ਤੋਂ ਸਿਆਸਤਦਾਨ ਬਣੇ 70 ਸਾਲਾ ਆਗੂ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ। ਖ਼ਾਨ ਦੀ ਗ੍ਰਿਫ਼ਤਾਰੀ ਅਜਿਹੇ ਮੌਕੇ ਹੋਈ ਹੈ ਜਦੋਂ ਇਕ ਦਿਨ ਪਹਿਲਾਂ ਪਾਕਿਸਤਾਨੀ ਫੌਜ ਨੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਵੱਲੋਂ ਖੁਫ਼ੀਆ ਏਜੰਸੀ ਆਈਐੱਸਆਈ ਦੇ ਇਕ ਸੀਨੀਅਰ ਅਧਿਕਾਰੀ 'ਤੇ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ। ਪੀਟੀਆਈ ਦੇ ਸੀਨੀਅਰ ਆਗੂ ਸ਼ਿਰੀਨ ਮਜ਼ਾਰੀ ਮੁਤਾਬਕ ਪਾਰਟੀ ਦੇ ਚੇਅਰਮੈਨ ਇਮਰਾਨ ਖ਼ਾਨ ਲਾਹੌਰ ਤੋਂ ਸੰਘੀ ਰਾਜਧਾਨੀ ਇਸਲਾਮਾਬਾਦ ਗਏ ਸਨ। ਇਸ ਦੌਰਾਨ ਉਹ ਅਦਾਲਤ ਵਿੱਚ ਬਾਈਓਮੀਟਰਿਕ ਹਾਜ਼ਰੀ ਦੇ ਅਮਲ ਨੂੰ ਪੂਰਾ ਕਰ ਰਹੇ ਸਨ ਜਦੋਂ ਰੇਂਜਰਜ਼ ਸ਼ੀਸ਼ੇ ਦੀ ਖਿੜਕੀ ਤੋੜ ਕੇ ਅੰਦਰ ਵੜੇ ਤੇ ਉਨ੍ਹਾਂ ਖ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ। ਮਜ਼ਾਰੀ ਨੇ ਦਾਅਵਾ ਕੀਤਾ ਕਿ ਰੇਂਜਰਾਂ ਨੇ ਇਸ ਮੌਕੇ ਉਥੇ ਮੌਜੂਦ ਵਕੀਲਾਂ ਤੇ ਖ਼ਾਨ ਦੇ ਸੁਰੱਖਿਆ ਸਟਾਫ਼ ਨਾਲ ਹੱਥੋਪਾਈ ਵੀ ਕੀਤੀ। ਟੀਵੀ 'ਤੇ ਨਸ਼ਰ ਤਸਵੀਰਾਂ ਵਿੱਚ ਰੇਂਜਰਜ਼ ਖ਼ਾਨ ਨੂੰ ਗਿੱਚੀਓਂ ਫੜ ਕੇ ਜੇਲ੍ਹ ਦੀ ਵੈਨ ਵਿਚ ਧੱਕਦੇ ਨਜ਼ਰ ਆ ਰਹੇ ਹਨ। ਕੌਮੀ ਜਵਾਬਦੇਹੀ ਬਿਊਰੋ (ਐੱਨਏਬੀ) ਦੇ ਅਧਿਕਾਰੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਪ੍ਰਾਪਰਟੀ ਕਾਰੋਬਾਰੀ ਮਲਿਕ ਰਿਆਜ਼ ਨੂੰ ਜ਼ਮੀਨ ਤਬਦੀਲ ਕਰਨ ਨਾਲ ਜੁੜੇ ਕੇਸ ਵਿੱਚ ਇਮਰਾਨ ਖ਼ਾਨ ਨੂੰ ਗ੍ਰਿਫਤਾਰ ਕਰਕੇ ਐੱਨਏਬੀ ਦੇ ਹਵਾਲੇ ਕੀਤਾ ਜਾ ਰਿਹਾ ਹੈ।" ਅਧਿਕਾਰੀ ਨੇ ਕਿਹਾ ਕਿ ਖ਼ਾਨ ਨੂੰ ਅਲ-ਕਾਦਿਰ ਟਰੱਸਟ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਪੰਜਾਬ ਦੇ ਜੇਹਲਮ ਜ਼ਿਲ੍ਹੇ ਦੇ ਸੋਹਾਵਾ ਇਲਾਕੇ ਵਿੱਚ ਸੂਫ਼ੀਵਾਦ ਬਾਰੇ ਅਲ-ਕਾਦਿਰ ਯੂਨੀਵਰਸਿਟੀ ਸਥਾਪਿਤ ਕਰਨ ਬਾਰੇ ਸੀ। ਉਨ੍ਹਾਂ ਕਿਹਾ, "ਖ਼ਾਨ ਦੇ ਗ੍ਰਿਫਤਾਰੀ ਵਾਰੰਟ ਅੱਜ ਸਵੇਰੇ ਹੀ ਜਾਰੀ ਹੋਏ ਸਨ ਤੇ ਮਗਰੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ।" ਹਾਲਾਂਕਿ ਇਨ੍ਹਾਂ ਵਾਰੰਟਾਂ 'ਤੇ ਜਾਰੀ ਕਰਨ ਦੀ ਤਰੀਕ 1 ਮਈ ਲਿਖੀ ਨਜ਼ਰ ਆਉਂਦੀ ਹੈ। ਵਾਰੰਟ ਵਿੱਚ ਖ਼ਾਨ 'ਤੇ ਭ੍ਰਿਸ਼ਟਾਚਾਰ ਤੇ ਭ੍ਰਿਸ਼ਟ ਸਰਗਰਮੀਆਂ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਗਿਆ ਹੈ। ਗ੍ਰਿਹ ਮੰਤਰੀ ਰਾਣਾ ਸਨਾਉੱਲ੍ਹਾ ਨੇ ਕਿਹਾ ਕਿ ਖ਼ਾਨ ਕਈ ਨੋਟਿਸਾਂ ਦੇ ਬਾਵਜੂਦ ਕੋਰਟ ਵਿੱਚ ਪੇਸ਼ ਹੋਣ 'ਚ ਨਾਕਾਮ ਰਿਹਾ ਸੀ। ਉਨ੍ਹਾਂ ਟਵੀਟ ਕੀਤਾ, "ਕੌਮੀ ਜਵਾਬਦੇਹੀ ਕਮਿਸ਼ਨ ਨੇ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਉਣ ਦੇ ਦੋਸ਼ ਵਿੱਚ ਖ਼ਾਨ ਨੂੰ ਗ੍ਰਿਫ਼ਤਾਰ ਕੀਤਾ ਹੈ।" ਮੰਤਰੀ ਨੇ ਦਾਅਵਾ ਕੀਤਾ ਕਿ ਖ਼ਾਨ 'ਤੇ ਕੋਈ ਤਸ਼ੱਦਦ ਨਹੀਂ ਢਾਹਿਆ ਗਿਆ। ਇਸ ਦੌਰਾਨ ਇਮਰਾਨ ਦੀ ਗ੍ਰਿਫ਼ਤਾਰੀ ਮਗਰੋਂ ਉਨ੍ਹਾਂ ਦੀ ਪਾਰਟੀ ਨੇ ਪਹਿਲਾਂ ਰਿਕਾਰਡ ਕੀਤਾ ਇਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ ਖ਼ਾਨ ਨੇ ਕਿਹਾ, "ਜਦੋਂ ਤੱਕ ਮੇਰੇ ਇਹ ਬੋਲ ਤੁਹਾਡੇ ਤੱਕ ਪੁੱਜਣਗੇ, ਮੈਨੂੰ ਇਕ ਬੇਬੁਨਿਆਦ ਕੇਸ ਵਿਚ ਗ੍ਰਿਫਤਾਰ ਕਰ ਲਿਆ ਹੋਵੇਗਾ। ਇਸ ਤੋਂ ਸਾਫ਼ ਹੈ ਕਿ ਪਾਕਿਸਤਾਨ ਵਿੱਚ ਮੌਲਿਕ ਅਧਿਕਾਰਾਂ ਤੇ ਜਮਹੂਰੀਅਤ ਨੂੰ ਦਫ਼ਨ ਕਰ ਦਿੱਤਾ ਗਿਆ ਹੈ। ਇਹ ਸਭ ਕੁਝ ਇਸ ਲਈ ਕੀਤਾ ਜਾ ਰਿਹੈ ਕਿਉਂਕਿ ਉਹ ਚਾਹੁੰਦੇ ਹਨ ਕਿ ਮੈਂ ਸਾਡੇ 'ਤੇ ਜਬਰੀ ਥੋਪੀ ਭ੍ਰਿਸ਼ਟ ਸਰਕਾਰ ਨੂੰ ਸਵੀਕਾਰ ਕਰ ਲਵਾਂ।" ਖ਼ਾਨ ਨੇ ਕਿਹਾ, "ਜੇਕਰ ਕਿਸੇ ਕੋਲ ਵਾਰੰਟ ਹੈ ਤਾਂ ਉਹ ਸਿੱਧਾ ਮੇਰੇ ਕੋਲ ਲੈ ਕੇ ਆਏ। ਮੇਰਾ ਵਕੀਲ ਉਥੇ ਹੋਵੇਗਾ ਤੇ ਮੈਂ ਖ਼ੁਦ ਬਖ਼ੁ ?ਦ ਜੇਲ੍ਹ ਜਾਣ ਲਈ ਤਿਆਰ ਹਾਂ।" ਉਧਰ ਸ਼ਿਰੀਨ ਮਜ਼ਾਰੀ ਨੇ ਕਿਹਾ, "ਕਿਹੜੇ ਕਾਨੂੰਨ ? ਰੇਂਜਰਜ਼ ਨੇ ਕੋਰਟ 'ਤੇ ਇਸ ਤਰ੍ਹਾਂ ਹਮਲਾ ਬੋਲਿਆ, ਜਿਵੇਂ ਕਿਸੇ ਜ਼ਮੀਨ 'ਤੇ ਕਬਜ਼ਾ ਕਰਨਾ ਹੁੰਦਾ ਹੈ...ਵਕੀਲਾਂ ਤੇ ਇਸਲਾਮਾਬਾਦ ਹਾਈ ਕੋਰਟ ਸਟਾਫ਼ ਦੀ ਵੀ ਕੁੱਟਮਾਰ ਕੀਤੀ ਗਈ। ਇਹ ਅੱਜ ਦਾ ਪਾਕਿਸਤਾਨ ਹੈ...ਇਕ ਫਾਸ਼ੀਵਾਦੀ ਦੇਸ਼, ਜਿੱਥੇ ਨੀਮ ਫੌਜੀ ਬਲਾਂ ਵੱਲੋਂ ਹਾਈ ਕੋਰਟ 'ਤੇ ਹਮਲਾ ਕੀਤਾ ਗਿਆ ਹੈ।" ਮਜ਼ਾਰੀ ਨੇ ਟਵੀਟ ਕੀਤਾ, "ਸਰਕਾਰੀ ਅਤਿਵਾਦ- ਇਮਰਾਨ ਖ਼ਾਨ ਨੂੰ ਕੋਰਟ ਅਹਾਤੇ 'ਚੋਂ ਅਗਵਾ ਕਰਨ ਲਈ ਇਸਲਾਮਾਬਾਦ ਹਾਈ ਕੋਰਟ ਵਿੱਚ ਜਬਰੀ ਵੜਨਾ। ਜੰਗਲ ਰਾਜ ਚੱਲ ਰਿਹੈ। ਰੇਂਜਰਾਂ ਨੇ ਵਕੀਲਾਂ ਨੂੰ ਕੁੱਟਿਆ, ਇਮਰਾਨ ਖ਼ਾਨ ਨਾਲ ਜ਼ੋਰ ਜ਼ਬਰਦਸਤੀ ਕਰਦਿਆਂ ਉਨ੍ਹਾਂ ਨੂੰ ਅਗਵਾ ਕੀਤਾ।" ਪਾਰਟੀ ਨੇ ਖ਼ਾਨ 'ਤੇ ਕਥਿਤ ਤਸ਼ੱਦਦ ਕੀਤੇ ਜਾਣ ਦਾ ਦਾਅਵਾ ਕੀਤਾ ਹੈ, ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਹੋ ਸਕੀ। ਉਧਰ ਇਸਲਾਮਾਬਾਦ ਪੁਲੀਸ ਨੇ ਇੰਸਪੈਕਟਰ ਜਨਰਲ ਅਕਬਰ ਨਾਸਿਰ ਖ਼ਾਨ ਦੇ ਹਵਾਲੇ ਨਾਲ ਜਾਰੀ ਸੰਖੇਪ ਬਿਆਨ ਵਿੱਚ ਕਿਹਾ ਗਿਆ ਕਿ ਖ਼ਾਨ ਨੂੰ ਪੀਟੀਆਈ ਚੇਅਰਮੈਨ ਤੇ ਉਨ੍ਹਾਂ ਦੀ ਬੇਗ਼ਮ ਬੁਸ਼ਰਾ ਬੀਬੀ ਦੀ ਮਾਲਕੀ ਵਾਲੀ ਬਾਹਰੀਆ ਕਸਬੇ ਵਿੱਚ ਅਲਾਟ 53 ਕਰੋੜ ਰੁਪਏ ਮੁੱਲ ਦੀ ਜ਼ਮੀਨ ਅਲ-ਕਾਦਿਰ ਟਰੱਸਟ ਨੂੰ ਤਬਦੀਲ ਕਰਨ ਨਾਲ ਜੁੜੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।



### ਗ੍ਰਿਫ਼ਤਾਰੀ ਤੋਂ ਪਹਿਲਾਂ ਖ਼ਾਨ ਨੂੰ ਕਈ ਕੇਸਾਂ 'ਚ ਮਿਲੀ ਜ਼ਮਾਨਤ

ਇਸਲਾਮਾਬਾਦ: ਨੀਮ ਫੌਜੀ ਬਲਾਂ ਦੇ ਰੇਂਜਰਾਂ ਵੱਲੋਂ ਇਸਲਾਮਾਬਾਦ ਹਾਈ ਕੋਰਟ ਵਿੱਚੋਂ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ ਅੱਜ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੂੰ ਉਨ੍ਹਾਂ ਖਿਲਾਫ਼ ਦਰਜ ਕੇਈ ਕੇਸਾਂ ਵਿੱਚ ਜ਼ਮਾਨਤ ਮਿਲ ਗਈ। ਅਤਿਵਾਦ ਵਿਰੋਧੀ ਕੋਰਟ (ਏਟੀਸੀ) ਨੇ ਖ਼ਾਨ ਵੱਲੋਂ ਦਾਇਰ ਅੰਤਰਿਮ ਜ਼ਮਾਨਤ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਕਰ ਲਿਆ। ਏਟੀਸੀ ਜੱਜ ਰਾਜਾ ਜਵਾਦ ਅੱਬਾਸ ਨੇ ਇਥੇ ਸੰਘੀ ਅਦਾਲਤੀ ਕੰਪਲੈਕਸ ਦੇ ਬਾਹਰ 18 ਮਾਰਚ ਨੂੰ ਹੋਈ ਹਿੰਸਾ ਨਾਲ ਜੁੜੇ ਸੱਤ ਕੇਸਾਂ ਵਿੱਚ ਖ਼ਾਨ ਵੱਲੋਂ ਦਾਇਰ ਜ਼ਮਾਨਤ ਅਰਜ਼ੀ ਨੂੰ ਪ੍ਰਵਾਨ ਕਰ ਲਿਆ। ਕੋਰਟ ਨੇ ਖ਼ਾਨ ਨੂੰ 50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਭਰਨ ਲਈ ਕਿਹਾ ਹੈ।

### ਇਸਲਾਮਾਬਾਦ ਹਾਈ ਕੋਰਟ ਵੱਲੋਂ ਗ੍ਰਿਫਤਾਰੀ 'ਜਾਇਜ਼' ਕਰਾਰ

ਪੈਰਾ-ਮਿਲਟਰੀ ਰੇਂਜਰਾਂ ਵੱਲੋਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਨਾਟਕੀ ਗ੍ਰਿਫ਼ਤਾਰੀ ਮਗਰੋਂ ਸਰਕਾਰ ਤੇ ਪੁਲੀਸ ਦੇ ਸਿਖਰਲੇ ਅਧਿਕਾਰੀਆਂ ਨੂੰ ਸੰਮਨ ਕਰਨ ਵਾਲੀ ਇਸਲਾਮਾਬਾਦ ਹਾਈ ਕੋਰਟ ਨੇ ਖ਼ਾਨ ਦੀ ਗ੍ਰਿਫ਼ਤਾਰੀ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਐੱਨਏਬੀ (ਕੌਮੀ ਜਵਾਬਦੇਹੀ ਬਿਊਰੋ) ਨੇ ਗ੍ਰਿਫਤਾਰੀ ਮੌਕੇ ਸਾਰੇ ਨੇਮਾਂ ਦੀ ਪਾਲਣਾ ਕੀਤੀ। ਇਸ ਤੋਂ ਪਹਿਲਾਂ ਰੋਜ਼ਨਾਮਚਾ 'ਡਾਅਨ' ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਆਮਿਰ ਫ਼ਾਰੂਕ ਨੇ ਖ਼ਾਨ ਦੀ ਗ੍ਰਿਫ਼ਤਾਰੀ ਦਾ ਨੋਟਿਸ ਲੈਂਦਿਆਂ ਇਸਲਾਮਾਬਾਦ ਦੇ ਪੁਲੀਸ ਮੁਖੀ, ਗ੍ਰਹਿ ਮੰਤਰਾਲੇ ਦੇ ਸਕੱਤਰ ਤੇ ਵਧੀਕ ਅਟਾਰਨੀ ਜਨਰਲ ਨੂੰ 15 ਮਿੰਟਾਂ ਅੰਦਰ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਚੀਫ ਜਸਟਿਸ ਫਾਰੂਕ ਨੇ ਉਦੋਂ ਕਿਹਾ ਸੀ ਕਿ ਉਹ 'ਜ਼ਾਬਤੇ' ਨਾਲ ਕੰਮ ਲੈ ਰਹੇ ਹਨ, ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਜੇਕਰ ਇਸਲਾਮਾਬਾਦ ਦਾ ਪੁਲੀਸ ਮੁਖੀ ਅਦਾਲਤ ਵਿੱਚ ਪੇਸ਼ ਨਾ ਹੋਇਆ ਤਾਂ ਉਹ ਪ੍ਰਧਾਨ ਮੰਤਰੀ ਨੂੰ 'ਸੰਮਨ' ਕਰਨਗੇ। ਰੋਜ਼ਨਾਮਚੇ ਨੇ ਰਿਪੋਰਟ ਵਿੱਚ ਜਸਟਿਸ ਫਾਰੂਕ ਦੇ ਹਵਾਲੇ ਨਾਲ ਕਿਹਾ, "ਕੋਰਟ ਵਿੱਚ ਆ ਕੇ ਦੱਸਿਆ ਜਾਵੇ ਕਿ ਇਮਰਾਨ ਨੂੰ ਕਿਉਂ ਤੇ ਕਿਸ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।" ਇਸ ਚੇਤਾਵਨੀ ਮਗਰੋਂ ਇਸਲਾਮਾਬਾਦ ਦੇ ਆਈਜੀ ਨੇ ਕੋਰਟ ਵਿੱਚ ਪੇਸ਼ ਹੋ ਕੇ ਜੱਜ ਅੱਗੇ ਖਾਨ ਦਾ ਗ੍ਰਿਫਤਾਰੀ ਵਾਰੰਟ ਰੱਖਿਆ। ਆਈਜੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨੂੰ ਐੱਨਏਬੀ ਨੇ ਗ੍ਰਿਫਤਾਰ ਕੀਤਾ ਹੈ। ਉਧਰ ਖ਼ਾਨ ਦੇ ਵਕੀਲ ਫੈਸਲ ਚੌਧਰੀ ਨੇ ਕਿਹਾ ਖ਼ਾਨ ਨੂੰ ਬਾਇਓਮੀਟਰਿਕ ਹਾਜ਼ਰੀ ਦਰਜ ਕਰਵਾਉਣ ਮੌਕੇ ਗੈਰਕਾਨੂੰਨੀ ਢੰਗ ਨਾਲ ਗ੍ਰਿਫ਼ਤਾਰ ਕੀਤਾ ਗਿਆ। ਉਧਰ ਐੱਨਬੀਏ ਰਾਵਲਪਿੰਡੀ ਵੱਲੋਂ ਸਰਦਾਰ ਮੁਜ਼ੱਫਰ ਅੱਬਾਸੀ ਪੇਸ਼ ਹੋਏ, ਜਿਨ੍ਹਾਂ ਕਿਹਾ ਕਿ ਭ੍ਰਿਸ਼ਟ ਸਰਗਰਮੀਆਂ 'ਤੇ ਨਜ਼ਰ ਰੱਖਣ ਵਾਲੀ ਏਜੰਸੀ ਨੂੰ ਖ਼ਾਨ ਨੂੰ ਗ੍ਰਿਫ਼ਤਾਰ ਕਰਨ ਦਾ ਕਾਨੂੰਨੀ ਹੱਕ ਹੈ।



ਭੜਕੇ ਲੋਕਾਂ ਵੱਲੋਂ ਲਗਾਈ ਗਈ ਅੱਗ ਤੇ ਉਠਦਾ ਧੂੰਆਂ।




ਇਮਰਾਨ ਸਮਰਥਕ ਕਰਾਚੀ ਵਿਚ ਪੁਲੀਸ ਵਾਹਨ 'ਤੇ ਪੱਥਰਬਾਜ਼ੀ ਕਰਦੇ ਹੋਏ।





ਪਿਸ਼ਾਵਰ ਵਿਖੇ ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਪ੍ਰਦਰਸ਼ਨ ਕਰਦੇ ਹੋਏ ਪਾਰਟੀ ਸਮਰਥਕ ਅਤੇ ਪਾਕਿ ਦੇ ਹੈਦਰਾਬਾਦ ਵਿਖੇ ਰੋਸ ਪ੍ਰਦਰਸ਼ਨ ਕਰਨ ਮੌਕੇ ਇਮਰਾਨ ਖ਼ਾਨ ਦੇ ਸਮਰਥਕ।

# ਖ਼ਾਲਸਾ ਪੰਥ ਦੇ ਸਾਜਨਾ ਦਿਵਸ ਪਵਿੱਤਰ ਵਿਸਾਖੀ ਉਪਰ ਵਰਜੀਨੀਆ ਖ਼ਾਲਸਾਈ ਰੰਗ 'ਚ ਰੰਗਿਆ ਗਿਆ

## ਸਾਡਾ ਮੁੱਖ ਟੀਚਾ ਇਨ੍ਹਾਂ ਪਵਿੱਤਰ ਤਿਹਾਉਰਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਗੌਰਵਮਈ ਵਿਰਸੇ ਨਾਲ ਜੋੜਨਾ : ਜਥੇਦਾਰ ਪ੍ਰਤਾਪ ਸਿੰਘ ਗਿੱਲ ਤਰਨਤਾਰਨ










ਮਨਾਸਸ/ਵਰਜੀਨੀਆ : (ਸਾਡੇ ਲੋਕ) ਸਿੱਖ ਸੈਂਟਰ ਆਫ਼ ਵਰਜੀਨੀਆ ਮਨਾਸਸ ਵਿਖੇ 14ਵਾਂ ਵਿਸਾਖੀ ਮੇਲਾ 7 ਮਈ 2023 ਦਿਨ ਐਤਵਾਰ ਨੂੰ ਬੜੀ ਸ਼ਰਧਾ ਸੇਵਾ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਹਜ਼ਾਰਾਂ ਹੀ ਸੰਗਤਾਂ ਹਾਜ਼ਰ ਹੋਈਆਂ। ਇਸ ਸਮੇਂ ਹਰੀ ਭਰੀ ਗਰਾਊਂਡ ਵਿੱਚ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਸਾਰਿਆਂ ਨੇ ਵੱਧ ਚੜ੍ਹਕੇ ਭਾਗ ਲਿਆ।

ਛੋਟੇ ਬੱਚਿਆਂ 'ਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਪ੍ਰਬੰਧਕਾਂ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਨੂੰ ਪੁਰਸਕਾਰ ਦਿੱਤੇ ਗਏ।

ਕਈ ਅਲੱਗ-ਅਲੱਗ ਪਰਿਵਾਰਾਂ ਅਤੇ ਸੰਗਠਨਾਂ ਵੱਲੋਂ ਲਗਾਏ ਗਏ ਸਵਾਦਿਸ਼ਟ ਲੰਗਰਾਂ ਦਾ ਆਨੰਦ ਲਿਆ। ਇਸ ਦੌਰਾਨ ਛੋਲੇ-ਭਟੂਰੇ, ਗਾਰਲਿਕ ਨਾਹਨ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਬਦਾਮ, ਆਈ ਕਰੀਮ, ਤਾਜ਼ੇ ਗੰਨੇ ਅਤੇ ਦੇ ਰਸ ਸਮੇਤ ਕਈ ਤਰ੍ਹਾਂ ਦੇ ਲੰਗਰ ਪਰੋਸੇ ਗਏ। ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਇਸ ਸਮੇਂ ਵੱਖ ਵੱਖ ਸੇਵਾਦਾਰਾਂ ਵਲੋਂ ਗੁਰੂ ਕੇ ਲੰਗਰਾਂ ਦੀ ਨਿਸ਼ਕਾਮ ਸੇਵਾ ਕੀਤੀ ਗਈ।

ਜਿਸ ਵਿਚ ਤਾਜ਼ਾ ਗੰਨੇ ਦਾ ਰਸ, ਤਾਜ਼ੀਆਂ ਜਲੇਬੀਆਂ, ਗਰਮ ਪਕੌੜੇ, ਗੋਲਗੱਪੇ, ਸ਼ਿਕਾਗੋ (ਟਵਿਸਟਸ ਪੀਜਾ) ਪੀਜੇ ਵਲੋਂ ਪੀਜਾ, ਬੰਬੇ ਕੈਫੇ ਵਲੋਂ ਸਮੋਸੇ ਅਤੇ ਚਾਟ ਪਾਪੜੀ ਪੁੜੀ ਛੋਲੇ ਅਤੇ ਹੋਰ ਕਈ ਤਰ੍ਹਾਂ ਦੇ ਸਟਾਲ ਲਗਾਏ ਗਏ।

ਸਿੱਖ ਸੈਂਟਰ ਆਫ ਵਰਜੀਨੀਆ ਵਲੋਂ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਭ ਤੋਂ ਵੱਡੀ ਗੱਲ ਸਾਧ ਸੰਗਤ ਵਲੋਂ ਸ੍ਰ. ਦਵਿੰਦਰ ਸਿੰਘ ਬਦੇਸਾ ਨੂੰ ਉਸ ਦੇ ਗੁਰਦੁਆਰੇ ਵਾਸਤੇ ਕੀਤੇ ਕੰਮਾਂ ਨੂੰ ਵੇਖਦੇ ਹੋਏ ਸਨਮਾਨਿਤ ਕੀਤਾ ਗਿਆ ਅਤੇ ਘੋੜੇ ਦੀ ਰਾਈਡਾ, ਬੱਚਿਆਂ ਦੀਆਂ ਗੇਮਾਂ, ਗਿੱਧਾ ਅਤੇ ਭੰਗੜੇ ਦਾ ਵੀ ਲੋਕਾਂ ਅਨੰਦ ਮਾਣਿਆ। ਇਸ ਸਮੇਂ ਅਮਰੀਕਾ ਦੀਆਂ ਉਘੀਆਂ ਸਿੱਖ ਸਖਸ਼ੀਅਤਾਂ ਸ਼ਾਮਲ ਹੋਈਆਂ ਜਿਨ੍ਹਾਂ ਵਿੱਚ ਜਥੇਦਾਰ ਪ੍ਰਤਾਪ ਸਿੰਘ ਗਿੱਲ ਤਾਰਨਤਾਰਨ, ਕੁਲਦੀਪ ਸਿੰਘ ਮੱਲ੍ਹਾ, ਲਖਵੀਰ ਸਿੰਘ ਤੱਖਰ, ਸਤਪਾਲ ਸਿੰਘ ਬਰਾੜ, ਹਰਜੀਤ ਸਿੰਘ ਹੁੰਦਲ, ਬਲਜੀਤ ਸਿੰਘ ਘੁੰਮਣ, ਰਣਜੀਤ ਸਿੰਘ ਖਾਲਸਾ ਨੇ ਸ਼੍ਰੋਮਣੀ ਅਕਾਲੀ ਵਲੋਂ ਹਾਜ਼ਰੀ ਲਵਾਈ ਅਤੇ ਖਾਸ ਕਰਕੇ ਲੋਕਲ ਅਤੇ ਸਟੇਟ ਅਮਰੀਕਨ ਪੋਲੀਟਿਕਸਾਂ















# ਖਾਲਸਾ ਪੰਥ ਦੇ ਸਾਜਨਾ ਦਿਵਸ ਪਵਿੱਤਰ ਵਿਸਾਖੀ ਉਪਰ ਵਰਜੀਨੀਆ ਖਾਲਸਾਈ ਰੰਗ 'ਚ ਰੰਗਿਆ ਗਿਆ

## ਸਾਡਾ ਮੁੱਖ ਟੀਚਾ ਇਨ੍ਹਾਂ ਪਵਿੱਤਰ ਤਿਹਾਉਰਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਗੌਰਵਮਈ ਵਿਰਸੇ ਨਾਲ ਜੋੜਨਾ : ਜਥੇਦਾਰ ਪ੍ਰਤਾਪ ਸਿੰਘ ਗਿੱਲ ਤਰਨਤਾਰਨ





ਨੇ ਵੀ ਆਪਣੀ ਹਾਜ਼ਰੀ ਲਵਾ ਕੇ ਮੇਲੇ ਦਾ ਅਨੰਦ ਮਾਣਿਆ ਇਸ ਸਮੇ ਵਰਜੀਨੀਆ ਦੇ ਉਘੇ ਸਿੱਖ ਆਗੂ ਸਰਦਾਰ ਪ੍ਰਤਾਪ ਸਿੰਘ ਗਿੱਲ ਤਾਰਨਤਾਰਨ ਨੇ 'ਸਾਡੇ ਲੋਕ' ਅਖਬਾਰ ਅਤੇ ਖਾਲਸਾ ਅਫੇਅਰ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਪਵਿੱਤਰ ਵਿਸਾਖੀ ਉਪਰ ਵਰਜੀਨੀਆ ਖਾਲਸਾਈ ਅਤੇ ਇਲਾਹੀ ਰੰਗ ਵਿੱਚ ਰੰਗਿਆ ਗਿਆ ਹੈ। ਅੱਜ ਇਥੇ ਪ੍ਰਵਾਰਾਂ ਦੇ ਪ੍ਰਵਾਰ ਇਕੱਠੇ ਹੋ ਕੇ ਕੌਮ ਦੀ ਪੰਥ ਦੀ ਅਤੇ ਆਪਣੇ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਨ। ਆਪਣੇ ਵਿਰਸੇ ਨਾਲ ਜੁੜਦੇ ਹਨ ਆਉਣ ਵਾਲੀ ਪੀੜ੍ਹੀ ਨੂੰ ਧਰਮ ਅਤੇ ਵਿਰਸੇ ਨਾਲ ਜੋੜਨਾ ਹੀ ਸਾਡਾ ਮੁੱਖ ਟੀਚਾ ਹੈ ਉਨ੍ਹਾਂ ਕਿਹਾ ਕੀ ਅੱਜ ਕਮਿਊਨਟੀ ਦੇ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ ਜਿਸ ਨਾਲ ਉਤਸ਼ਾਹ ਵਧਦਾ ਹੈ ਉਨ੍ਹਾਂ ਸਮੂਹ ਕਮਿਊਨਟੀ ਨੂੰ ਅੱਜ ਦੇ ਸੁਚੱਜੇ ਪ੍ਰੋਗਰਾਮ ਦੀ ਵਧਾਈ ਦਿੱਤੀ ਅਤੇ ਅਖੀਰ ਵਿਚ ਸਿੱਖ ਸੈਂਟਰ ਆਫ਼ ਵਰਜੀਨੀਆ ਦੇ ਪ੍ਰਬੰਧਕਾਂ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।















# ਵਿਸਾਖੀ

ਵਿਸਾਖੀ ਨਾਮ ਵੈਸਾਖ ਤੋਂ ਬਣਿਆ ਹੈ। ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟਣ ਦਾ ਸਮਾਂ ਆਉਣ ਤੇ ਖ਼ੁਸ਼ੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ। ਇਹ ਹਾੜ੍ਹੀ ਦੀ ਫਸਲ ਦੇ ਪੱਕਣ ਦੀ ਖ਼ੁਸ਼ੀ ਦਾ ਪ੍ਰਤੀਕ ਹੈ। ਇਸ ਦਿਨ 1699 ਈਸਵੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਸਿੱਖ ਇਸ ਤਿਉਹਾਰ ਨੂੰ ਸਮੂਹਕ ਜਨਮ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਨ।

ਪ੍ਰਕਿਰਤੀ ਦਾ ਇੱਕ ਨਿਯਮ ਹੈ ਕਿ ਜਦੋਂ ਕਿਸੇ ਜ਼ੁਲਮ, ਅਨਿਆਂ, ਅੱਤਿਆਚਾਰ ਦੀ ਪਰਾਕਾਸ਼ਠਾ ਹੁੰਦੀ ਹੈ ਤਾਂ ਉਸਨੂੰ ਹੱਲ ਕਰਨ ਅਤੇ ਉਸ ਦੇ ਉਪਾਅ ਲਈ ਕੋਈ ਕਾਰਨ ਵੀ ਬਣ ਜਾਂਦਾ ਹੈ। ਇਸ ਨਿਯਮਾਧੀਨ ਜਦੋਂ ਮੁਗਲ ਸ਼ਾਸਕ ਔਰੰਗਜੇਬ ਦੁਆਰਾ ਜ਼ੁਲਮ, ਅਨਿਆਂ ਅਤੇ ਅੱਤਿਆਚਾਰ ਦੀ ਹਰ ਸੀਮਾ ਲੰਘ, ਗੁਰੂ ਤੇਗ ਬਹਾਦੁਰ ਨੂੰ ਦਿੱਲੀ ਵਿੱਚ ਚਾਂਦਨੀ ਚੌਕ ਉੱਤੇ ਸ਼ਹੀਦ ਕਰ ਦਿੱਤਾ ਗਿਆ, ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਗਾਮੀਆਂ ਨੂੰ ਸੰਗਠਿਤ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਜਿਸਦਾ ਲਕਸ਼ ਧਰਮ ਅਤੇ ਨੇਕੀ (ਭਲਾਈ) ਦੇ ਆਦਰਸ਼ ਲਈ ਹਮੇਸ਼ਾਂ ਤਤਪਰ ਰਹਿਨਾ।

ਪੁਰਾਣੇ ਰੀਤੀ-ਰਿਵਾਜਾਂ ਤੋਂ ਗ੍ਰਸਤ ਕਮਜ਼ੋਰ ਅਤੇ ਸਾਹਸਹੀਨ ਹੋ ਚੁੱਕੇ ਲੋਕ, ਸਦੀਆਂ ਦੀ ਰਾਜਨੀਤਕ ਅਤੇ ਮਾਨਸਿਕ ਗੁਲਾਮੀ ਦੇ ਕਾਰਨ ਕਾਇਰ ਹੋ ਚੁੱਕੇ ਸਨ। ਨਿਮਨ ਜਾਤੀ ਦੇ ਸਮਝੇ ਜਾਣ ਵਾਲੇ ਲੋਕਾਂ ਨੂੰ ਜਿਹਨਾਂ ਨੂੰ ਸਮਾਜ ਛੋਟਾ ਸਮਝਦਾ ਸੀ, ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਛਕਾ ਕੇ ਸਿੰਘ ਬਣਾ ਦਿੱਤਾ। ਇਸ ਤਰ੍ਹਾਂ 13 ਅਪ੍ਰੈਲ, 1699 ਨੂੰ ਸਿੱਖਾਂ ਦੇ ਤੀਜੇ ਤਖ਼ਤ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿਖੇ ਦਸਵੇਂ ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰ ਕੇ ਅੱਤਿਆਚਾਰ ਨੂੰ ਸਮਾਪਤ ਕੀਤਾ।

ਉਨ੍ਹਾਂ ਨੇ ਸਾਰੇ ਜਾਤੀਆਂ ਦੇ ਲੋਕਾਂ ਨੂੰ ਇੱਕ ਹੀ ਅੰਮ੍ਰਿਤ ਪਾਤਰ (ਬਾਟੇ) ਤੋਂ ਅਮ੍ਰਿਤ ਛਕਾ ਪੰਜ ਪਿਆਰੇ ਸਜਾਏ। ਇਹ ਪੰਜ ਪਿਆਰੇ ਕਿਸੇ ਇੱਕ ਜਾਤੀ ਜਾਂ ਸਥਾਨ ਦੇ ਨਹੀਂ ਸਨ, ਬਲਕਿ ਵੱਖ-ਵੱਖ ਜਾਤੀ, ਕੁੱਲ ਅਤੇ ਸਥਾਨਾਂ ਦੇ ਸਨ, ਜਿਹਨਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ ਇਨ੍ਹਾਂ ਦੇ ਨਾਮ ਨਾਲ ਸਿੰਘ ਸ਼ਬਦ ਲਗਾ। ਅਗਿਆਨੀ ਹੀ ਹੰਕਾਰੀ ਨਹੀਂ ਹੁੰਦੇ, 'ਗਿਆਨੀ ਜੀ' ਨੂੰ ਵੀ ਅਕਸਰ ਘਮੰਡ ਹੋ ਜਾਂਦਾ ਹੈ। ਜੋ ਤਿਆਗ ਕਰਦੇ ਹਨ ਉਨ੍ਹਾਂ ਨੂੰ ਹੀ ਘਮੰਡ ਹੋ ਅਜਿਹਾ ਨਹੀਂ ਹੈ, ਉਨ੍ਹਾਂ ਨੂੰ ਵੀ ਕਦੇ-ਕਦੇ ਆਪਣੇ ਤਿਆਗ ਦਾ ਘਮੰਡ ਹੋ ਜਾਂਦਾ ਹੈ।

ਅਹੰਕਾਰੀ ਅਤਿਅੰਤ ਸੂਖਮ ਹੈਂਕੜ ਦੇ ਸ਼ਿਕਾਰ ਹੋ ਜਾਂਦੇ ਹਨ। ਗਿਆਨੀ, ਧਿਆਨੀ, ਗੁਰੂ, ਤਿਆਗੀ ਜਾਂ ਸੰਨਿਆਸੀ ਹੋਣ ਦਾ ਹੈਂਕੜ ਕਿਤੇ ਜ਼ਿਆਦਾ ਪ੍ਰਬਲ ਹੋ ਜਾਂਦਾ ਹੈ। ਇਹ ਗੱਲ ਗੁਰੂ ਗੋਬਿੰਦ ਸਿੰਘ ਜਾਣਦੇ ਸਨ। ਇਸ ਲਈ ਉਨ੍ਹਾਂ ਨੇ ਨਾ ਕੇਵਲ ਆਪਣੇ ਗੁਰੂਤਵ ਨੂੰ ਤਿਆਗ ਗੁਰੂ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਸਗੋਂ ਵਿਅਕਤੀ ਪੂਜਾ ਹੀ ਨਿਸ਼ਿੱਧ ਕਰ ਦਿੱਤੀ।











# ਜਲੰਧਰ ਜ਼ਿਮਨੀ ਚੋਣ: 53 ਫੀਸਦੀ ਤੋਂ ਵੱਧ ਵੋਟਾਂ ਪਈਆਂ



ਜਲੰਧਰ : ਜਲੰਧਰ ਜ਼ਿਮਨੀ ਚੋਣ ਲਈ ਅੱਜ 53 ਫੀਸਦੀ ਤੋਂ ਵੱਧ ਵੋਟਾਂ ਪਈਆਂ ਹਨ। ਇਸੇ ਦੌਰਾਨ 19 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋ ਗਿਆ ਹੈ। ਮੁੱਖ ਮੁਕਾਬਲਾ ਚਾਰ ਧਿਰਾਂ ਵਿੱਚ ਹੈ ਜਿਨ੍ਹਾਂ ਵਿੱਚ ਕਾਂਗਰਸ, 'ਆਪ', ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਤੇ ਭਾਜਪਾ ਸ਼ਾਮਲ ਹਨ। ਚੋਣਾਂ ਦਾ ਨਤੀਜਾ 13 ਮਈ ਨੂੰ ਐਲਾਨਿਆ ਜਾਵੇਗਾ। ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਐੱਮਪੀ ਚੌਧਰੀ ਸੰਤੋਖ ਸਿੰਘ ਦੀ ਭਾਰਤ ਜੋੜੋ ਯਾਤਰਾ ਦੌਰਾਨ ਮੌਤ ਹੋ ਜਾਣ ਕਾਰਨ ਇਹ ਉਪ ਚੋਣ ਕਰਵਾਉਣੀ ਪਈ ਹੈ। ਕਾਂਗਰਸ ਨੇ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਬਣਾਇਆ ਹੈ ਜਦੋਂਕਿ 'ਆਪ' ਨੇ ਸਾਬਕਾ ਵਿਧਾਇਕ ਸ਼ੁਸ਼ੀਲ ਰਿੰਕੂ ਨੂੰ, ਸ਼ ?ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਨੇ ਬੰਗਾ ਹਲਕੇ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਅਤੇ ਭਾਜਪਾ ਨੇ ਵੀ ਸ਼ ?ਰੋਮਣੀ ਅਕਾਲੀ ਦਲ ਛੱਡ ਕੇ ਆਏ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਸ਼੍ਰੋਮਣੀ ਅਕਾਲੀ ਦਲ (ਅ) ਨੇ ਗੁਰਜੰਟ ਸਿੰਘ ਕੱਟੂ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

**ਜਲੰਧਰ ਜ਼ਿਮਨੀ ਚੋਣ ਦਾ ਦੰਗਲ**

ਵੋਟਰਾਂ ਦੀ ਕੁੱਲ ਗਿਣਤੀ 16,21,759 ਹੈ

8,44,904 ਪੁਰਸ਼, 7,76,855 ਔਰਤਾਂ ਤੇ 10,286 ਦਿਵਿਆਂਗ ਵੋਟਰ

1850 ਸਰਵਿਸ ਵੋਟਰ, 73 ਵਿਦੇਸ਼ੀ/ਪ੍ਰਵਾਸੀ ਅਤੇ 41 ਟਰਾਂਸਜੈਂਡਰ ਵੋਟਰ

19 ਉਮੀਦਵਾਰ ਚੋਣ ਮੈਦਾਨ 'ਚ, ਜਿਨ੍ਹਾਂ ਵਿੱਚ 15 ਪੁਰਸ਼ ਅਤੇ 4 ਔਰਤਾਂ ਹਨ

'ਆਪ' ਦੇ ਬਾਹਰਲੇ ਜ਼ਿਲ੍ਹਿਆਂ ਤੋਂ ਵਿਧਾਇਕਾਂ ਦੇ ਵੋਟਿੰਗ ਦੌਰਾਨ ਜਲੰਧਰ ਵਿਚ ਹੋਣ ਨੂੰ ਲੈ ਕੇ ਸਿਆਸੀ ਹੰਗਾਮਾ ਹੋ ਗਿਆ ਹੈ। ਭਾਜਪਾ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਚੋਣ ਕਮਿਸ਼ਨ ਅਤੇ ਡੀਜੀਪੀ ਨੂੰ ਸ਼ਿਕਾਇਤ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਵੀ ਸ਼ਿਕਾਇਤ ਕਰ ਕੇ ਕਾਰਵਾਈ ਦੀ ਮੰਗ ਕਰ ਚੁੱਕੇ ਹਨ।

ਜਲੰਧਰ ਤੋਂ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੀ ਇਸ ਸਾਲ ਜਨਵਰੀ 'ਚ ਰਾਹੁਲ ਗਾਂਧੀ ਦੇ ਭਾਰਤ ਜੋੜੋ ਦੌਰੇ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਇਥੇ ਉਪ ਚੋਣ ਹੋ ਰਹੀ ਹੈ। ਵੋਟਾਂ ਦੀ ਗਿਣਤੀ 13 ਮਈ ਨੂੰ ਹੋਵੇਗੀ। ਵਿਧਾਨ ਸਭਾ ਹਲਕਿਆਂ ਵਾਲੀ ਇਸ ਲੋਕ ਸਭਾ ਸੀਟ 'ਤੇ 1972 ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿਨ੍ਹਾਂ 'ਤੇ ਜ਼ਿਲ੍ਹੇ ਦੇ 16 ਲੱਖ 21 ਹਜ਼ਾਰ ਵੋਟਰ ਨਵੇਂ ਸੰਸਦ ਮੈਂਬਰ ਦੀ ਚੋਣ ਕਰਨਗੇ।

ਵੋਟਰਾਂ 'ਚ 8,44,904 ਪੁਰਸ਼ ਅਤੇ 7,76,855 ਔਰਤ ਵੋਟਰ ਹਨ ਅਤੇ 41 ਥਰਡ ਜੈਂਡਰ ਵੋਟਰ ਹਨ। 13 ਮਈ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਚੋਣ ਨਤੀਜੇ ਸਾਹਮਣੇ ਆਉਣਗੇ। ਚੋਣ ਪ੍ਰਚਾਰ ਦੌਰਾਨ ਸੱਤਾਧਾਰੀ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਅਕਾਲੀ ਦਲ-ਬਸਪਾ ਗੱਠਜੋੜ ਸਮੇਤ ਹਰੇਕ ਪਾਰਟੀ ਅਤੇ ਆਜ਼ਾਦ ਉਮੀਦਵਾਰਾਂ ਨੇ ਚੋਣ ਪ੍ਰਚਾਰ ਵਿਚ ਆਪਣੀ ਪੂਰੀ ਤਾਕਤ ਝੋਕ ਦਿਤੀ ਸੀ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਮੁਤਾਬਕ 19 ਉਮੀਦਵਾਰਾਂ ਵਿਚੋਂ ਤਿੰਨ ਕੌਮੀ ਪਾਰਟੀਆਂ ਦੇ ਇੱਕ ਸੂਬਾਈ ਪਾਰਟੀ ਤੋਂ 7 ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਤੋਂ ਜਦਕਿ 8 ਆਜ਼ਾਦ ਉਮੀਦਵਾਰ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੇ ਪੰਜ ਉਮੀਦਵਾਰ ਅਪਰਾਧਿਕ ਪਿਛੋਕੜ ਵਾਲੇ ਹਨ।

ਸਿਬਿਨ ਸੀ ਨੇ ਦੱਸਿਆ ਕਿ 1972 ਪੋਲਿੰਗ ਸਟੇਸ਼ਨ ਸਥਾਪਿਤ ਕੀਤੇ ਗਏ ਹਨ ਅਤੇ ਸਾਰੇ ਪੋਲਿੰਗ ਸਟੇਸ਼ਨਾਂ ਦੀ ਵੈਬਕਾਸਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਤਿੰਨ ਤੋਂ ਵੱਧ ਪੋਲਿੰਗ ਸਟੇਸ਼ਟ ਵਾਲੀਆਂ ਥਾਵਾਂ ਜੋ ਕਿ ਜਲੰਧਰ ਸੰਸਦੀ ਹਲਕੇ ਵਿੱਚ ਕੁੱਲ 166 ਹਨ, ਦੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਵਾਧੂ ਕੈਮਰੇ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ 542 ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਵਿੱਚੋਂ 16 ਨੂੰ ਅਤਿ ਸੰਵੇਦਨਸ਼ੀਲ ਅਤੇ 30 ਨੂੰ ਐਕਸਪੈਂਡੀਚਰ ਸੈਂਸਟਿਵ ਪਾਕਿਟਸ ਵਜੋਂ ਦਰਸਾਇਆ ਗਿਆ ਹੈ।

# ਜੰਮੂ ਕਸ਼ਮੀਰ 'ਚ ਪਿੰਡ ਵਜੀਦਕੇ ਕਲਾਂ ਦਾ ਫੌਜੀ ਸ਼ਹੀਦ: ਮਾਪਿਆਂ ਇਕਲੌਤਾ ਪੁੱਤ ਸੀ ਜਸਵੀਰ ਸਿੰਘ

ਮਹਿਲ ਕਲਾਂ : ਨੇੜਲੇ ਪਿੰਡ ਵਜੀਦਕੇ ਕਲਾਂ ਦਾ ਫੌਜੀ ਜਵਾਨ ਲਾਂਸ ਨਾਇਕ ਜਸਵੀਰ ਸਿੰਘ ਪੁੱਤਰ ਕੁਲਦੀਪ ਸਿੰਘ ਜੰਮੂ-ਕਸ਼ਮੀਰ ਵਿੱਚ ਡਿਊਟੀ ਦੌਰਾਨ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਿਆ। ਜਸਵੀਰ ਸਿੰਘ 2016 ਵਿੱਚ ਫੌਜ ਵਿੱਚ ਭਰਤੀ ਹੋਇਆ ਸੀ। ਇਸ ਸਮੇਂ ਉਹ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਮੇਂਡਰ ਖੇਤਰ ਵਿੱਚ ਡਿਊਟੀ 'ਤੇ ਤਾਇਨਾਤ ਸੀ। ਬੀਤੀ ਰਾਤ ਪਰਿਵਾਰ ਨੂੰ ਫੋਨ ਆਇਆ ਕਿ ਡਿਊਟੀ ਦੌਰਾਨ ਗੋਲੀ ਲੱਗਣ ਕਾਰਨ ਉਹ ਸ਼ਹੀਦ ਹੋ ਗਿਆ ਹੈ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦਾ ਅੰਤਿਮ ਸੰਸਕਾਰ ਦੇਹ ਪਿੰਡ



ਆਉਣ 'ਤੇ ਕੀਤਾ ਜਾਵੇਗਾ। ਗੋਲੀ ਲੱਗਣ ਦੇ ਕਾਰਨ ਸਪੱਸ਼ਟ ਨਹੀਂ ਹੋਏ।

# ਕਰਨਾਟਕ ਵਿਧਾਨ ਸਭਾ ਦੀਆਂ 224 ਸੀਟਾਂ 'ਤੇ ਵੋਟਿੰਗ ਖ਼ਤਮ, 13 ਮਈ ਨੂੰ ਆਉਣਗੇ ਨਤੀਜੇ

ਬੰਗਲੌਰ: ਕਰਨਾਟਕ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਸ਼ਾਮ 6 ਵਜੇ ਖ਼ਤਮ ਹੋ ਗਈ ਅਤੇ ਸ਼ਾਮ 5 ਵਜੇ ਤਕ ਲਗਭਗ 65.69 ਫ਼ੀ ਸਦੀ ਵੋਟਰਾਂ ਨੇ ਅਪਣੀ ਵੋਟ ਦਾ ਇਸਤੇਮਾਲ ਕੀਤਾ। ਚੋਣ ਕਮਿਸ਼ਨ ਦੇ ਅਧਿਕਾਰੀਆਂ ਮੁਤਾਬਕ, ਹੁਣ ਤਕ ਰਾਮਨਗਰ ਵਿਚ ਸੱਭ ਤੋਂ ਵੱਧ 78.22 ਫ਼ੀ ਸਦੀ ਮਤਦਾਨ ਦਰਜ ਕੀਤਾ ਗਿਆ ਹੈ ਜਦਕਿ ਗ੍ਰੇਟਰ ਬੰਗਲੌਰ ਨਗਰ ਨਿਗਮ ਖੇਤਰ ਵਿਚ ਸੱਭ ਤੋਂ ਘੱਟ 48.63 ਫ਼ੀ ਸਦੀ ਵੋਟਿੰਗ ਦਰਜ ਕੀਤੀ ਗਈ ਹੈ। ਕਰਨਾਟਕ ਦੀਆਂ 224 ਵਿਧਾਨ ਸਭਾ ਸੀਟਾਂ ਲਈ ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਸ਼ਾਮ 6 ਵਜੇ ਤਕ ਜਾਰੀ ਰਹੀ।



ਕਰਨਾਟਕ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਸਾਬਕਾ ਪ੍ਰਧਾਨ ਮੰਤਰੀ ਐਚਡੀ ਦੇਵਗੌੜਾ ਦੇ ਜਨਤਾ ਦਲ (ਸੈਕੂਲਰ) ਵਿਚ ਤਿਕੋਣਾ ਮੁਕਾਬਲਾ ਦੇਖਿਆ ਜਾ ਰਿਹਾ ਹੈ। ਬੰਗਲੌਰ ਦੇ ਕੁੱਝ ਪੋਲਿੰਗ ਸਟੇਸ਼ਨਾਂ 'ਤੇ ਸਵੇਰ ਸਮੇਂ ਭਾਰੀ ਵੋਟਿੰਗ ਦੇਖਣ ਨੂੰ ਮਿਲੀ, ਜਿਥੇ ਬਜ਼ੁਰਗ ਵੋਟਰਾਂ ਨੇ ਵੀ ਵੱਡੀ ਗਿਣਤੀ ਵਿਚ ਹਿੱਸਾ ਲਿਆ।

ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ, ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ, ਮੁੱਖ ਮੰਤਰੀ ਬਸਵਰਾਜ ਬੋਮਈ, ਸਾਬਕਾ ਮੁੱਖ ਮੰਤਰੀ ਬੀਐਸ ਯੇਦੀਯੁਰੱਪਾ, ਡੀਵੀ ਸਦਾਨੰਦ ਗੌੜਾ, ਸਿੱਧਰਮਈਆ ਅਤੇ ਜਗਦੀਸ਼ ਸ਼ੈੱਟਰ ਸਮੇਤ ਐਨਆਰ ਨਰਾਇਣ ਮੂਰਤੀ ਅਤੇ ਉਨ੍ਹਾਂ ਦੀ ਪਤਨੀ ਸੁਧਾ ਮੂਰਤੀ ਨੇ ਵੋਟ ਭੁਗਤਾਈ। ਦੱਸ ਦੇਈਏ ਕਿ 2018 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਰਨਾਟਕ 'ਚ 72.36 ਫ਼ੀ ਸਦੀ ਵੋਟਿੰਗ ਹੋਈ ਸੀ।

ਇਸ ਦੌਰਾਨ ਸੂਬੇ 'ਚ ਕੁੱਝ ਥਾਵਾਂ 'ਤੇ ਹਿੰਸਾ ਦੀਆਂ ਖ਼ਬਰਾਂ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਵਿਜੇਪੁਰਾ ਜ਼ਿਲ੍ਹੇ ਦੇ ਮਾਸਾਬਿਨਲ ਦੇ ਪਿੰਡ ਵਾਸੀਆਂ ਨੇ ਇਲੈਕਟ ?ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਲੈ ਕੇ ਜਾ ਰਹੇ ਇਕ ਚੋਣ ਡਿਊਟੀ ਵਾਹਨ ਨੂੰ ਰੋਕਿਆ ਅਤੇ ਇਕ ਅਧਿਕਾਰੀ ਦੀ ਕੁੱਟਮਾਰ ਕੀਤੀ ਅਤੇ ਕੰਟਰੋਲ ਤੇ ਬੈਲਟ ਯੂਨਿਟਾਂ ਨੂੰ ਨੁਕਸਾਨ ਪਹੁੰਚਾਇਆ। ਕਮਿਸ਼ਨ ਮੁਤਾਬਕ ਇਸ ਸਬੰਧ ਵਿਚ 23 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

**ਕਾਂਗਰਸ ਦੇ ਨੇਤਾ ਤੇ ਵਰਕਰ 'ਬੱਬਰ ਸ਼ੇਰ' ਹਨ: ਰਾਹੁਲ**

ਬੰਗਲੂਰੂ: ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰਨਾਟਕ ਵਿਧਾਨ ਸਭਾ ਚੋਣਾਂ ਲਈ ਸ਼ਾਨਦਾਰ ਮੁਹਿੰਮ ਚਲਾਉਣ ਲਈ ਅੱਜ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ। ਰਾਹੁਲ ਨੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ 'ਬੱਬਰ ਸ਼ੇਰ' ਦੱਸਿਆ ਅਤੇ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕੀਤਾ ਜੋ ਆਪਣੇ ਰੋਸ਼ਨ ਭਵਿੱਖ ਲਈ ਵੋਟਾਂ ਪਾਉਣ ਲਈ ਆਏ ਸਨ। ਵੋਟਾਂ ਦਾ ਕੰਮ ਮੁਕੰਮਲ ਹੋਣ ਮਗਰੋਂ ਉਨ੍ਹਾਂ ਟਵੀਟ ਕੀਤਾ, 'ਮੈਂ ਸ਼ਾਨਦਾਰ ਤੇ ਲੋਕ ਪੱਖੀ ਮੁਹਿੰਮ ਚੰਗੀ ਤਰ੍ਹਾਂ ਚਲਾਉਣ ਲਈ ਕਾਂਗਰਸ ਦੇ ਬੱਬਰ



ਸ਼ੇਰ ਵਰਕਰਾਂ ਤੇ ਆਗੂਆਂ ਦਾ ਸ਼ੁਕਰੀਆ ਕਰਨਾ ਚਾਹੁੰਦਾ ਹਾਂ। ਅਗਾਂਹਵਧੂ ਭਵਿੱਖ ਲਈ ਵੱਡੀ ਗਿਣਤੀ 'ਚ ਵੋਟਾਂ ਪਾਉਣ ਲਈ ਆਏ ਕਰਨਾਟਕ ਦੇ ਲੋਕਾਂ ਦਾ ਧੰਨਵਾਦ।'

# ਕਟਾਰੂਚੱਕ ਮਾਮਲੇ ਦੀ ਜਾਂਚ ਲਈ ਡੀਆਈਜੀ ਦੀ ਅਗਵਾਈ ਹੇਠ 'ਸਿਟ' ਕਾਇਮ

*ਪੀੜਤ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿੱਚ ਮੰਤਰੀ 'ਤੇ ਲਾਏ ਸਨ ਦੋਸ਼*

ਚੰਡੀਗੜ੍ਹ : ਪੰਜਾਬ ਪੁਲੀਸ ਨੇ ਸੂਬੇ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਲਈ ਡੀਆਈਜੀ ਨਰਿੰਦਰ ਭਾਰਗਵ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਗਈ ਹੈ। ਗੁਰਦਾਸਪੁਰ ਦੇ ਐੱਸਐੱਸਪੀ ਡੀ. ਹਰੀਸ਼ ਕੁਮਾਰ ਅਤੇ ਪਠਾਨਕੋਟ ਦੇ ਜ਼ਿਲ੍ਹਾ ਪੁਲੀਸ ਮੁਖੀ ਐੱਚ ਪੀ ਐੱਸ ਖੱਖ ਨੂੰ ਸਿਟ ਦਾ ਮੈਂਬਰ ਬਣਾਇਆ ਗਿਆ ਹੈ। ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਦਫ਼ਤਰ ਵੱਲੋਂ ਸਿਟ ਦੇ ਗਠਨ ਸਬੰਧੀ ਅੱਜ ਹੁਕਮ ਜਾਰੀ ਕੀਤੇ ਗਏ ਹਨ। ਪੁਲੀਸ ਵੱਲੋਂ ਜਾਰੀ ਹੁਕਮਾਂ ਵਿੱਚ ਅਨੁਸੂਚਿਤ ਜਾਤੀ ਕਮਿਸ਼ਨ ਦੇ ਹੁਕਮਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਪੁਲੀਸ ਮੁਤਾਬਕ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੁਰੱਖਿਆ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇੱਕ ਇਤਰਾਜ਼ਯੋਗ ਵੀਡੀਓ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪਦਿਆਂ ਮੰਤਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਜਲੰਧਰ ਜ਼ਿਮਨੀ ਚੋਣ ਦਾ ਸਿਆਸੀ ਮੈਦਾਨ ਭਖਿਆ ਹੋਣ ਕਰਕੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਇਸ ਮੁੱਦੇ ਨੂੰ ਤੂਲ ਦਿੱਤਾ ਜਾ ਰਿਹਾ ਹੈ। ਇਹ ਮਾਮਲਾ ਪਹਿਲਾਂ ਤਾਂ ਦੱਬਿਆ ਰਿਹਾ ਪਰ ਅਚਾਨਕ ਹੀ ਇਕ ਵਿਅਕਤੀ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਪਹੁੰਚ ਕਰਕੇ ਮੰਤਰੀ 'ਤੇ ਧਮਕੀਆਂ ਦੇਣ ਦੇ ਦੋਸ਼ ਲਾਏ ਸਨ। ਇਸ ਮਗਰੋਂ ਕਮਿਸ਼ਨ ਦੇ ਚੇਅਰਮੈਨ ਵਿਜੈ ਕੁਮਾਰ



ਸਾਂਪਲਾ ਸਰਗਰਮ ਹੋ ਗਏ ਅਤੇ ਉਨ੍ਹਾਂ ਪੰਜਾਬ ਪੁਲੀਸ ਤੋਂ ਕਾਰਵਾਈ ਰਿਪੋਰਟ ਮੰਗੀ ਸੀ। ਸਾਂਪਲਾ ਦੇ ਹੁਕਮਾਂ 'ਤੇ ਕਮਿਸ਼ਨ ਵੱਲੋਂ ਜਾਰੀ ਨੋਟਿਸ ਵਿੱਚ ਕਿਹਾ ਗਿਆ ਹੈ ਪੀੜਤ ਵਿਅਕਤੀ ਨੇ ਇੱਕ ਵੀਡੀਓ ਸੁਨੇਹੇ ਅਤੇ ਪੱਤਰ ਵਿੱਚ ਇਨਸਾਫ਼ ਦੇ ਨਾਲ-ਨਾਲ ਸੁਰੱਖਿਆ ਦੀ ਮੰਗ ਕਰਦਿਆਂ ਕਿਹਾ ਕਿ ਸਬੰਧਤ ਮੰਤਰੀ ਹੁਣ ਉਸ (ਪੀੜਤ) ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਪੀੜਤ ਵਿਅਕਤੀ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਹ ਡਰਿਆ ਹੋਇਆ ਹੈ ਅਤੇ ਘਰੋਂ ਭੱਜ ਗਿਆ ਹੈ ਕਿਉਂਕਿ ਮੰਤਰੀ ਵੱਲੋਂ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਸ ਨੇ ਜਿਨਸੀ ਦੁਰਵਿਹਾਰ ਲਈ ਮੰਤਰੀ ਵਿਰੁੱਧ ਕਾਰਵਾਈ ਕਰਨ ਅਤੇ ਸੁਰੱਖਿਆ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ।

ਕਮਿਸ਼ਨ ਅਨੁਸਾਰ ਪੀੜਤ, ਜੋ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ, ਨੇ ਘਟਨਾ ਦਾ ਵਰਣਨ ਕਰਦੇ ਹੋਏ ਕਿਹਾ ਕਿ 2013-14 ਵਿੱਚ ਕਟਾਰੂਚੱਕ ਨੇ ਫੇਸਬੁੱਕ 'ਤੇ ਉਸ ਨਾਲ ਸੰਪਰਕ ਬਣਾਇਆ ਸੀ ਜਿਸ ਮਗਰੋਂ ਕਟਾਰੂਚੱਕ ਨੇ ਕਥਿਤ ਤੌਰ 'ਤੇ ਉਸ ਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਦੋਸ਼ ਲਾਇਆ ਕਿ ਕਟਾਰੂਚੱਕ ਇੱਕ ਪ੍ਰਭਾਵਸ਼ਾਲੀ ਵਿਅਕਤੀ ਸੀ ਅਤੇ ਉਸ ਨੇ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ, ਜਿਸ ਕਾਰਨ ਉਹ ਗਲਤ ਕੰਮਾਂ ਬਾਰੇ ਚੁੱਪ ਰਿਹਾ। ਉਸ ਮੁਤਾਬਕ ਜਿਨਸੀ ਵਧੀਕੀਆਂ 2021 ਤੱਕ ਜਾਰੀ ਰਹੀਆਂ ਸਨ।

## ਗ੍ਰਹਿ ਸਕੱਤਰ ਨੂੰ ਜਾਂਚ ਕਰਨ ਦੇ ਹੁਕਮ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਖ਼ੁਰਾਕ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਗ੍ਰਹਿ ਵਿਭਾਗ ਨੂੰ ਜਾਂਚ ਕਰਨ ਦੇ ਹੁਕਮ ਜਾਰੀ ਕੀਤੇ ਹਨ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੀੜਤ ਵਿਅਕਤੀ ਵੱਲੋਂ ਸ਼ਿਕਾਇਤ ਦਰਜ ਕਰਵਾਏ ਜਾਣ ਮਗਰੋਂ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਸੀ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਇਸ ਮਾਮਲੇ ਦੀ ਜਾਂਚ ਰਿਪੋਰਟ 15 ਦਿਨਾਂ ਦੇ ਨਿਰਧਾਰਿਤ ਸਮੇਂ ਅੰਦਰ ਕਮਿਸ਼ਨ ਨੂੰ ਸੌਂਪ ਦਿੱਤੀ ਜਾਵੇਗੀ।

# ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੇੜੇ ਹੋਇਆ ਤੀਜਾ ਧਮਾਕਾ, ਪੁਲਿਸ ਨੇ 5 ਮੁਲਾਜ਼ਮਾਂ ਨੂੰ ਕੀਤਾ ਗ੍ਰਿਫਤਾਰ

## • ਕੇਂਦਰੀ ਏਜੰਸੀ ਡੂੰਘਾਈ ਨਾਲ ਮਾਮਲੇ ਦੀ ਜਾਂਚ ਕਰਨ: ਜਥੇਦਾਰ ਹਰਪ੍ਰੀਤ ਸਿੰਘ

## • ਹਰਜਿੰਦਰ ਸਿੰਘ ਧਾਮੀ ਨੇ ਕੀਤਾ ਘਟਨਾ ਵਾਲੀ ਥਾਂ ਦਾ ਦੌਰਾ

ਅੰਮ੍ਰਿਤਸਰ : ਅੰਮ੍ਰਿਤਸਰ ’ਚ ਹਰਿਮੰਦਰ ਸਾਹਿਬ ਦੇ ਨੇੜੇ ਇੱਕ ਵਾਰ ਫਿਰ ਧਮਾਕਾ ਹੋਇਆ ਹੈ। ਧਮਾਕੇ ਕਾਰਨ ਇਲਾਕੇ ’ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਹਾਲਾਂਕਿ ਇਸ ਵਾਰ ਧਮਾਕਾ ਪਹਿਲੀ ਘਟਨਾ ਵਾਲੀ ਥਾਂ ਤੋਂ ਕਰੀਬ ਦੋ ਕਿਲੋਮੀਟਰ ਦੂਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਨੇੜੇ ਧਮਾਕਾ ਲਾਂਘੇ ਵਾਲੇ ਪਾਸੇ ਸਥਿਤ ਸ੍ਰੀ ਗੁਰੂ ਰਾਮਦਾਸ ਸਰਾਏ ਨੇੜੇ ਰਾਤ ਇਕ ਵਜੇ ਹੋਇਆ। ਪੁਲਿਸ ਨੇ ਇਸ ਮਾਮਲੇ ’ਚ 5 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਇਹ ਪੂਰੀ ਸਾਜ਼ਿਸ਼ ਰਚੀ ਸੀ। ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ ਕੁਝ ਟੀਕੇ ਵੀ ਮਿਲੇ ਹਨ।

ਧਮਾਕੇ ਦੀ ਆਵਾਜ਼ ਸੁਣਨ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਸਰਾਏ ਨੂੰ ਖਾਲੀ ਕਰਵਾ ਦਿੱਤਾ। ਜਿਸ ਥਾਂ ’ਤੇ ਧਮਾਕਾ ਹੋਇਆ ਹੈ, ਉੱਥੇ ਆਮ ਲੋਕਾਂ ਦੀ ਬਹੁਤੀ ਆਵਾਜਾਈ ਨਹੀਂ ਹੈ। ਇਸ ਘਟਨਾ ’ਤੇ ਜਲਦ ਹੀ ਪੁਲਿਸ ਅਤੇ ਫੋਰੈਂਸਿਕ ਟੀਮ ਵੀ ਮੌਕੇ ’ਤੇ ਪਹੁੰਚ ਗਈ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਦੱਸਿਆ ਕਿ ਦੁਪਹਿਰ 12.15-12.30 ਵਜੇ ਦੇ ਕਰੀਬ ਜ਼ੋਰਦਾਰ ਆਵਾਜ਼ ਸੁਣਾਈ ਦਿੱਤੀ, ਉਮੀਦ ਹੈ ਕਿ ਇਹ ਕੋਈ ਹੋਰ ਧਮਾਕਾ ਹੋ ਸਕਦਾ ਹੈ। ਇਸ ਦੀ ਪੁਸ਼ਟੀ ਕੀਤੀ ਜਾ ਰਹੀ ਹੈ। ਸ਼ੱਕੀਆਂ ਨੂੰ ਘੇਰਿਆ ਜਾ ਰਿਹਾ ਹੈ, ਫਿਲਹਾਲ ਜਾਂਚ ਜਾਰੀ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ’ਚ ਹਰਿਮੰਦਰ ਸਾਹਿਬ ਨੇੜੇ ਹੈਰੀਟੇਜ ਸਟਰੀਟ ਨੇੜੇ ਮਿਠਾਈ ਦੀ ਦੁਕਾਨ ’ਚ ਚਿਮਨੀ ਕਾਰਨ ਦੋ ਧਮਾਕੇ ਹੋਏ ਸਨ। ਚਸ਼ਮਦੀਦਾਂ ਮੁਤਾਬਕ ਪੁਲਿਸ ਨੂੰ ਧਮਾਕੇ ਵਾਲੀ ਥਾਂ ਤੋਂ ਇੱਕ ਪੱਤਰ ਵੀ ਮਿਲਿਆ ਹੈ, ਜਿਸ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਪਹਿਲਾ ਜ਼ਬਰਦਸਤ ਧਮਾਕਾ ਪੰਜਾਬ ਦੇ ਅੰਮ੍ਰਿਤਸਰ ’ਚ ਸ਼ਨੀਵਾਰ ਸ਼ਾਮ ਨੂੰ ਹੋਇਆ।

ਸ੍ਰੀ ਦਰਬਾਰ ਸਾਹਿਬ ਦੇ ਗਲਿਆਰਾ ਵਿੱਚ ਲਗਾਤਾਰ ਤਿੰਨ ਧਮਾਕਿਆਂ ਉਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਧਮਾਕਿਆਂ ਉਤੇ ਡੂੰਘੀ ਚਿੰਤਾ ਜਤਾਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰੀ ਏਜੰਸੀਆਂ ਨੂੰ ਡੂੰਘਾਈ ਨਾਲ ਮਾਮਲੇ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੌਰਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਅੰਮ੍ਰਿਤਸਰ ਧਮਾਕਿਆਂ ਪਿੱਛੇ ਡੂੰਘੀ ਸਾਜ਼ਿਸ਼ ਹੈ ਤੇ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਵਿਚ ਫੇਲ੍ਹ ਰਹੀ ਹੈ।

ਬੁੱਧਵਾਰ-ਵੀਰਵਾਰ ਦੀ ਦਰਮਿਆਨੀ ਰਾਤ ਨੂੰ ਹਰਿਮੰਦਰ ਸਾਹਿਬ ਦੇ ਨੇੜੇ ਇਕ ਵਾਰ ਫਿਰ ਧਮਾਕਾ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੌਰਾ ਕੀਤਾ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਅੰਮ੍ਰਿਤਸਰ ਧਮਾਕਿਆਂ ਪਿੱਛੇ ਡੂੰਘੀ ਸਾਜ਼ਿਸ਼ ਹੈ ਤੇ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਵਿਚ ਫੇਲ੍ਹ ਰਹੀ ਹੈ।

# ਨੰਗਲ ਦੇ ਸਕੂਲ ਨੇੜੇ ਗੈਸ ਲੀਕ ਹੋਣ ਕਾਰਨ ਵਿਦਿਆਰਥੀਆਂ ਨੂੰ ਸਾਹ ਲੈਣਾ ਔਖਾ ਹੋਇਆ, 12 ਹਸਪਤਾਲ ’ਚ ਭਰਤੀ



ਰੂਪਨਗਰ : ਨੰਗਲ ਦੇ ਸਕੂਲ ਦੇ 12 ਵਿਦਿਆਰਥੀਆਂ ਨੂੰ ਆਸਪਾਸ ਦੇ ਇਲਾਕੇ ਵਿੱਚ ਗੈਸ ਲੀਕ ਹੋਣ ਕਾਰਨ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਸ਼ਿਕਾਇਤ ਤੋਂ ਬਾਅਦ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਨੇ ਕਿਹਾ ਕਿ ਗੈਸ ਲੀਕ ਹੋਣ ਬਾਰੇ ਪਤਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 30 ਵਿਦਿਆਰਥੀਆਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਨ੍ਹਾਂ ਵਿੱਚੋਂ 12 ਨੂੰ ਦਾਖਲ ਕਰਵਾਇਆ ਗਿਆ, ਜਦਕਿ ਬਾਕੀਆਂ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਸਕੂਲ ਪ੍ਰਿੰਸੀਪਲ ਅਨੁਸਾਰ ਸਵੇਰੇ 7.45 ਵਜੇ ਦੇ ਕਰੀਬ ਕਈ ਵਿਦਿਆਰਥੀਆਂ ਨੂੰ ਸਾਹ ਲੈਣ ਵਿੱਚ ਤਕਲੀਫ਼ ਦੀ ਸ਼ਿਕਾਇਤ ਹੋਣ ਲੱਗੀ। ਸਕੂਲ ਨੂੰ ਤੁਰੰਤ ਬੰਦ ਕਰ ਦਿੱਤਾ ਗਿਆ ਅਤੇ ਪੀੜਤ ਸਾਰੇ ਵਿਦਿਆਰਥੀਆਂ ਨੂੰ ਹਸਪਤਾਲ ਲਿਜਾਇਆ ਗਿਆ। ਹਸਪਤਾਲ ਪੁੱਜੇ ਸਥਾਨਕ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਹਸਪਤਾਲ ਵਿੱਚ ਦਾਖ਼ਲ ਸਾਰੇ ਵਿਦਿਆਰਥੀਆਂ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ।

# ਈਡੀ ਨੇ ਐੱਨਸੀਪੀ ਨੇਤਾ ਜਯੰਤ ਪਾਟਿਲ ਨੂੰ ਮਨੀ ਲਾਂਡਰਿੰਗ ਮਾਮਲੇ ’ਚ ਤਲਬ ਕੀਤਾ



ਮੁੰਬਈ : ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਦੇ ਨੇਤਾ ਅਤੇ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਜਯੰਤ ਨੂੰ ਬੁਨਿਆਦੀ ਢਾਂਚਾ ਵਿਕਾਸ ਅਤੇ ਵਿੱਤੀ ਸੇਵਾ ਕੰਪਨੀ ‘ਇਨਫਰਾਸਟ੍ਰਕਚਰ ਲੀਜ਼ਿੰਗ ਐਂਡ ਫਾਈਨੈਂਸ਼ੀਅਲ ਸਰਵਿਸਿਜ਼’ (ਆਈਐੱਲਐਂਡਐੱਫਐੱਸ) ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ’ਚ ਪੁੱਛ ਪੜਤਾਲ ਲਈ ਤਲਬ ਕੀਤਾ ਹੈ। ਪਾਟਿਲ (61), ਜੋ ਐੱਨਸੀਪੀ ਦੀ ਮਹਾਰਾਸ਼ਟਰ ਇਕਾਈ ਦੇ ਮੁਖੀ ਹਨ, ਨੂੰ ਸ਼ੁੱਕਰਵਾਰ ਨੂੰ ਏਜੰਸੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਮਾਮਲੇ ’ਚ ਇਸਲਾਮਪੁਰ ਸੀਟ ਤੋਂ ਵਿਧਾਇਕ ਪਾਟਿਲ ਦਾ ਬਿਆਨ ਦੱਖਣੀ ਮੁੰਬਈ ’ਚ ਬੈਲਾਰਡ ਅਸਟੇਟ ਸਥਿਤ ਡਾਇਰੈਕਟੋਰੇਟ ਦੇ ਦਫਤਰ ’ਚ ਦਰਜ ਕੀਤੇ ਜਾਣ ਦੀ ਸੰਭਾਵਨਾ ਹੈ।

# ਧਾਰਮਿਕ ਨਾਮ ਵਾਲੀਆਂ ਪਾਰਟੀਆਂ ਖ਼ਿਲਾ.ਫ ਪਟੀਸ਼ਨ ’ਤੇ ਹਾਈ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ




ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਅੱਜ “ਜਾਤੀ, ਧਰਮ, ਨਸਲੀ ਤੇ ਭਾਸ਼ਾਈ” ਸਬੰਧ ਵਾਲੇ ਨਾਮ ਰੱਖਣ ਅਤੇ ਕੌਮੀ ਝੰਡੇ ਨਾਲ ਮੇਲ ਖਾਂਦਾ ਝੰਡਾ ਇਸਤੇਮਾਲ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੀ ਰਜਿਸਟਰੇਸ਼ਨ ਰੱਦ ਕਰਨ ਦੀ ਅਪੀਲ ਕਰਦੀ ਪਟੀਸ਼ਨ ’ਤੇ ਕੇਂਦਰ ਨੂੰ ਉਸ ਦਾ ਪੱਖ ਸਪੱਸ਼ਟ ਕਰਨ ਲਈ ਚਾਰ ਹਫਤੇ ਦਾ ਸਮਾਂ ਦਿੱਤਾ ਹੈ। ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਦੇ ਬੈਂਚ ਨੂੰ ਸੂਚਿਤ ਕੀਤਾ ਗਿਆ ਕਿ 2019 ਵਿੱਚ ਜਨਹਿੱਤ ਪਟੀਸ਼ਨ ’ਤੇ ਨੋਟਿਸ ਜਾਰੀ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਹੁਣ ਤੱਕ ਜਵਾਬ ਦਾਖ਼ਲ ਨਹੀਂ ਕੀਤਾ ਹੈ। ਬੈਂਚ ਨੇ ਕਿਹਾ ਕਿ ਵਕੀਲ ਅਸ਼ਵਿਨੀ ਉਪਾਧਿਆਏ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕੇਂਦਰ ਸਰਕਾਰ ‘ਬਰਾਬਰ ਦੀ ਅਹਿਮ ਧਿਰ’ ਹੈ। ਬੈਂਚ ਨੇ ਕਿਹਾ, “ਭਾਰਤੀ ਸੰਘ ਦੇ ਵਕੀਲ ਨੇ ਨਿਰਦੇਸ਼ ਲੈਣ ਲਈ ਚਾਰ ਹਫਤੇ ਦਾ ਸਮਾਂ ਮੰਗਿਆ ਹੈ। ਉਨ੍ਹਾਂ ਨੂੰ ਚਾਰ ਹਫਤੇ ਦਾ ਸਮਾਂ ਦਿੱਤਾ ਜਾਂਦਾ ਹੈ।” ਇਸ ਮਾਮਲੇ ਵਿੱਚ ਚੋਣ ਕਮਿਸ਼ਨ ਪਹਿਲਾਂ ਹੀ ਆਪਣਾ ਜਵਾਬ ਦਾਇਰ ਕਰ ਚੁੱਕਾ ਹੈ ਪਰ ਅਦਾਲਤ ਨੇ ਉਸ ਦੇ ਵਕੀਲ ਨੂੰ ਇਸ ਮਾਮਲੇ ਹੋਰ ਹਦਾਇਤਾਂ ਲੈਣ ਲਈ ਕਿਹਾ ਹੈ। ਉਪਾਧਿਆਏ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਹੈ ਕਿ ਧਾਰਮਿਕ ਸਬੰਧ ਵਾਲੇ ਨਾਮਾਂ ਦਾ ਇਸਤੇਮਾਲ ਜਾਂ ਕੌਮੀ ਝੰਡੇ ਜਾਂ ਪ੍ਰਤੀਕ ਨਾਲ ਮੇਲ ਖਾਂਦੇ ਪ੍ਰਤੀਕਾਂ ਦਾ ਇਸਤੇਮਾਲ ਕਰਨ ਨਾਲ ਇਕ ਉਮੀਦਵਾਰ ਦੀ ਸੰਭਾਵਨਾ ਪ੍ਰਭਾਵਿਤ ਹੋ ਸਕਦੀ ਹੈ ਅਤੇ ਇਹ ਜਨ ਪ੍ਰਤੀਨਿਧ ਕਾਨੂੰਨ (ਆਰਪੀਏ) ਦੀ ਧਾਰਾ 1951 ਤਹਿਤ ਭ੍ਰਿਸ਼ਟ ਕਾਰਵਾਈ ਦੇ ਤੁਲ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ, “ਜਾਤੀ, ਧਰਮ, ਨਸਲ ਜਾਂ ਭਾਸ਼ਾਈ ਸਬੰਧਾਂ ਵਾਲੇ ਨਾਮਾਂ ਨਾਲ ਰਜਿਸਟਰਡ ਸਿਆਸੀ ਪਾਰਟੀਆਂ ਦੀ ਸਮੀਖਿਆ ਕੀਤੀ ਜਾਵੇ।”

# ਜਿਨਸੀ ਸੋਸ਼ਣ ਮਾਮਲਾ: ਨਾਬਾਲਗ ਨੇ ਮੈਜਿਸਟ੍ਰੇਟ ਅੱਗੇ ਬਿਆਨ ਦਰਜ ਕਰਵਾਇਆ, ਭਲਵਾਨਾਂ ਨੇ ਬ੍ਰਿਜ ਭੂਸ਼ਨ ਖ਼ਿਲਾਫ਼ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਗਟਾਇਆ





ਨਵੀਂ ਦਿੱਲੀ : ਭਾਰਤੀ ਕੁਸ਼ਤੀ ਮਹਾਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ’ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਣ ਵਾਲੀ ਨਾਬਾਲਗ ਪਹਿਲਵਾਨ ਨੇ ਫੌਜਦਾਰੀ ਜਾਬਤਾ (ਸੀਆਰਪੀਸੀ) ਦੀ ਧਾਰਾ 164 ਦੇ ਤਹਿਤ ਮੈਜਿਸਟਰੇਟ ਦੇ ਸਾਹਮਣੇ ਬਿਆਨ ਦਰਜ ਕਰਵਾ ਦਿੱਤਾ ਹੈ। ਪੁਲੀਸ ਨੇ ਦੱਸਿਆ ਕਿ ਨਾਬਾਲਗ ਪਹਿਲਵਾਨ ਦਾ ਬਿਆਨ ਅਧਿਕਾਰਤ ਤੌਰ ’ਤੇ ਬੁੱਧਵਾਰ ਨੂੰ ਸੀਆਰਪੀਸੀ ਦੀ ਧਾਰਾ 164 ਦੇ ਤਹਿਤ ਮੈਜਿਸਟ ?ਰੇਟ ਦੇ ਸਾਹਮਣੇ ਦਰਜ ਕੀਤਾ ਗਿਆ। ਨੇੜ ਭਵਿੱਖ ਵਿੱਚ ਬਾਕੀ ਛੇ ਮਹਿਲਾ ਪਹਿਲਵਾਨਾਂ ਦੇ ਵੀ ਮੈਜਿਸਟਰੇਟ ਦੇ ਸਾਹਮਣੇ ਬਿਆਨ ਲਏ ਜਾਣਗੇ। ਇਸ ਦੌਰਾਨ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਖ਼ਿਲਾਫ਼ ਢੁਕਵੀਂ ਕਾਰਵਾਈ ਨਾ ਹੋਣ ਤੋਂ ਨਾਰਾਜ਼ ਪ੍ਰਦਰਸ਼ਨਕਾਰੀ ਭਲਾਵਨਾਂ ਨੇ ਸਿਰ ’ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਗਟ ਕੀਤਾ। ਇਹ ਭਲਵਾਨ ਕਈ ਦਿਨ ਤੋਂ ਜੰਤਰ ਮੰਤਰ ’ਤੇ ਪ੍ਰਦਰਸ਼ਨ ਕਰ ਰਹੇ ਹਨ।

# ਤੇਰਾ 20 ਰੁਪਈਆਂ ਦਾ ਲੰਗਰ ਬਾਬਾ ਚਲਦਾ ਦੁਨੀਆ 'ਚ

## ਸੈਨਹੋਜ਼ੇ ਕੈਲੀਫੋਰਨੀਆ ਹੋਲੇ ਮਹੱਲੇ ਉਪਰ ਅਨੰਦਪੁਰੀ ਜਾਹੋ-ਜਲਾਲ

### ਗੁਰੂਘਰ ਦੇ ਅਨਿਨ ਸੇਵਕਾਂ ਸੇਵਾਦਾਰਾਂ ਨੇ ਸ਼ਰਧਾ ਨਾਲ ਸੰਗਤਾਂ ਦੀ ਸੇਵਾ ਲਈ ਦਿਨ ਰਾਤ ਇੱਕ ਕਰ ਦਿੱਤਾ





ਸੈਨੇਹੋਜ਼ੇ, (ਸਾਡੇ ਲੋਕ) : ਸੈਨਹੋਜ਼ੇ ਗੁਰਦੁਆਰਾ ਸਾਹਿਬ 'ਚ ਐਤਵਾਰ 30 ਅਪ੍ਰੈਲ 2023 ਨੂੰ ਹੋਲਾ ਮਹੱਲਾ ਮਨਾਇਆ ਗਿਆ। ਹੋਲੇ- ਮਹੱਲੇ ਮੌਕੇ ਗੁਰਦੁਆਰਾ ਸਾਹਿਬ 'ਚ ਹਜ਼ਾਰਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋਈਆਂ। ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਨ ਤੋਂ ਬਾਅਦ ਸੰਗਤਾਂ ਨੇ ਮੁੱਖ ਦੀਵਾਨ ਹਾਲ 'ਚ ਕੀਰਤਨ ਸਰਵਣ ਕੀਤਾ।

ਉਪ੍ਰੰਤ ਗੁਰੂਘਰ ਦੀ ਗਰਾਉਂਡ 'ਚ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਜਥਿਆਂ ਅਤੇ ਸਥਾਨਕ ਸੈਨਹੋਜ਼ੇ ਗੁਰੂਘਰ ਦੇ ਜਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ 'ਚ ਦਰਬਾਰ ਸਾਹਿਬ ਦੇ ਹਾਲ 'ਚ ਪੂਰਾ ਦਿਨ ਕਥਾ ਕੀਰਤਨ ਦਾ ਪਰਵਾਹ ਚਲਦਾ ਰਿਹਾ। ਉਥੇ ਸੰਗਤ ਨੇ ਢਾਡੀ ਵਾਰਾਂ, ਗਤਕਾ, ਬਾਲੀਵਾਲ, ਬਾਲੀਬਾਲ ਰੱਸਾਕਸ਼ੀ, ਘੋੜ ਸਵਾਰੀ, ਦੌੜਾ ਅਤੇ ਹੋਰ ਕਈ ਖੇਡਾਂ ਦਾ ਵੀ ਖੂਬ ਆਨੰਦ ਲਿਆ। ਕਈ ਅਲੱਗ-ਅਲੱਗ ਪਰਿਵਾਰਾਂ ਅਤੇ ਸੰਗਠਨਾਂ ਵੱਲੋਂ ਲਗਾਏ ਗਏ ਸਵਾਦਿਸ਼ਟ ਲੰਗਰਾਂ ਦਾ ਆਨੰਦ ਲਿਆ। ਇਸ ਦੌਰਾਨ ਛੋਲੇ-ਭਟੂਰੇ, ਗਾਰਲਿਕ ਨਾਹਨ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਬਦਾਮ, ਆਈ ਕਰੀਮ, ਤਾਜ਼ੇ ਗੰਨੇ ਦੇ ਰਸ ਸਮੇਤ ਕਈ ਤਰ੍ਹਾਂ ਦੇ ਲੰਗਰ ਪਰੋਸੇ ਗਏ। ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਪਰਿਵਾਰਾਂ ਦਾ ਬਹੁਤ ਧੰਨਵਾਦ ਕੀਤਾ ਗਿਆ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਲੱਸੀ ਸੀ ਸੇਵਾ ਕਰ ਰਹੇ ਸੇਵਾਦਾਰਾਂ ਨੇ ਕਿਹਾ ਕੀ ਭਾਵੇਂ ਅੱਜ ਬਾਰਸ਼ ਹੱਟ ਹੱਟਕੇ ਪੈ ਰਹੀ ਹੈ



















# ਤੇਰਾ 20 ਰੁਪਈਆਂ ਦਾ ਲੰਗਰ ਬਾਬਾ ਚਲਦਾ ਦੁਨੀਆ 'ਚ

## ਸੈਨਹੋਜ਼ੇ ਕੈਲੀਫੋਰਨੀਆ ਹੋਲੇ ਮਹੱਲੇ ਉਪਰ ਅਨੰਦਪੁਰੀ ਜਾਹੋ-ਜਲਾਲ

### ਗੁਰੂਘਰ ਦੇ ਅਨਿਨ ਸੇਵਕਾਂ ਸੇਵਾਦਾਰਾਂ ਨੇ ਸ਼ਰਧਾ ਨਾਲ ਸੰਗਤਾਂ ਦੀ ਸੇਵਾ ਲਈ ਦਿਨ ਰਾਤ ਇੱਕ ਕਰ ਦਿੱਤਾ





ਪਰ ਪੰਜਾਬੀਆਂ ਦੀ ਪਹਿਲੀ ਖੁਰਾਕ ਲੱਸੀ ਹੀ ਹੈ। ਸੰਗਤਾਂ ਦੀ ਲੱਸੀ ਨਾਲ ਸੇਵਾ ਕਰਕੇ ਅਸੀਂ ਆਪਣੇ ਆਪ ਨੂੰ ਸੁਭਾਗੇ ਮਹਿਸੂਸ ਕਰ ਰਹੇ ਹਾਂ। ਉਨ੍ਹਾਂ ਨੇ ਅੱਜ ਦੇ ਪਵਿੱਤਰ ਦਿਨ ਉਪਰ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੱਤੀ ਅਤੇ ਸੈਨਹੋਜ਼ੇ ਕੈਲੀਫੋਰਨੀਆ ਹੋਲੇ ਮਹੱਲੇ ਦੇ ਅਨੰਦਪੁਰੀ ਜਾਹੋ-ਜਲਾਲ ਉਪਰ ਹਰ ਸਾਲ ਦੀ ਤਰ੍ਹਾਂ ਪਹੁੰਚੇ ਰੀਨੋ ਨਵਾਡਾ ਤੋਂ ਗੁਰੂ ਕੇ ਨਿਸ਼ਕਾਮ ਸੇਵਦਾਰਾਂ ਨੇ ਕਿਹਾ ਕਿ ਸਾਨੂੰ ਇਥੇ ਸੇਵਾ ਕਰਨ ਲਈ ਗੁਰੂ ਸਾਹਿਬ ਆਪ ਸਿਰ ਉਪਰ ਹੱਥ ਰੱਖਕੇ ਲੈ ਆਉਂਦੇ ਹਨ ਅਸੀਂ ਹਰ ਸਾਲ ਇਥੇ ਆਕੇ ਆਪਣੇ ਆਪ ਨੂੰ ਵੱਡਭਾਗੇ ਮਹਿਸੂਸ ਕਰਦੇ ਹਾਂ। ਇਥੇ ਦਾ ਇਹ ਇਲਾਹੀ ਪਵਿੱਤਰ ਤਿਉਹਾਰ ਵਾਕਿਆ ਹੀ ਅਨੰਦਪੁਰ ਸਾਹਿਬ ਦਾ ਭੁਲੇਖਾ ਪਾਉਂਦਾ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੱਤੀ। ਇਥੇ ਇਹ ਵੀ ਵਰਨਣਯੋਗ ਹੈ ਕੀ ਅੱਜ ਇਥੇ ਸੰਗਤਾਂ ਦੇ ਲਈ ਕਈ ਸਟਾਲ ਵੀ ਖਿੱਚ ਦਾ ਕੇਂਦਰ ਰਹੇ, ਅਣਗਿਣਤ ਸਟਾਲ ਲਗਾਏ ਗਏ ਜੋ ਧਰਮ ਸਾਹਿਤ, ਵਪਾਰ ਅਤੇ ਸਮਾਜਿਕ ਉਦੇਸ਼ਾਂ ਦੀ ਜਾਣਕਾਰੀ ਦੇ ਰਹੇ ਸਨ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਵਲੰਟੀਅਰ ਟੀਮ, ਨਿੱਜੀ ਸੁਰੱਖਿਆ ਅਤੇ ਸੈਨਹੋਜ਼ੇ ਪੁਲਿਸ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਗਈ ਤਾਂ ਜੋ ਹੋਲੇ ਮਹੱਲੇ ਨੂੰ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇ। ਸਥਾਨਕ ਅਤੇ ਰਾਜ ਦੇ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਹੋਲੇ-ਮਹੱਲੇ ਦੀਆਂ ਵਧਾਈਆਂ ਦਿੱਤੀਆਂ।













# ਪੰਜਾਬੀ ਅਮੈਰੀਕਨ ਐਸੋਸੀਏਸ਼ਨ ਮਨਟੀਕਾ ਵਲੋਂ 11ਵੇਂ ਵਿਸਾਖੀ ਖੇਡ ਮੇਲੇ ਨੇ ਵੱਖਰਾ ਰੰਗ ਬਖੇਰਿਆ












ਮਨਟੀਕਾ : ਪੰਜਾਬੀਆਂ ਦੀ ਸੰਘਣੀ ਵਸੋਂ ਵਾਲਾ ਸ਼ਹਿਰ ਮਨਟੀਕਾ, ਜਿਥੇ ਪਿਛਲੇ ਸ਼ਨੀਵਾਰ ਪੰਜਾਬੀ ਅਮੈਰੀਕਨ ਐਸੋਸੀਏਸ਼ਨ ਵਲੋਂ 11ਵਾਂ ਵਿਸਾਖੀ ਖੇਡ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿਚ ਪੰਜਾਬੀ ਕਲਚਰ ਦੀ ਝਲਕ ਹਮੇਸ਼ਾ ਹੀ ਸਾਨੂੰ ਵੇਖਣ ਨੂੰ ਮਿਲਦੀ ਹੈ। ਜਿਥੇ ਪੰਜਾਬੀ ਪਹਿਰਾਵੇ ਵਿਚ ਨੌਜਵਾਨ ਗੱਭਰੂ ਮੁਟਿਆਰਾਂ ਆ ਕੇ ਗਿੱਧਾ-ਭੰਗੜਾ ਪਾਉਂਦੀਆਂ ਹਨ। ਇਸ ਪਰਿਵਾਰਕ ਖੇਡ ਮੇਲੇ ਵਿਚ ਹਰੇਕ ਵਰਗ ਦੇ ਬੱਚੇ-ਬੱਚੀਆਂ, ਨੌਜਵਾਨਾਂ, ਮੁਟਿਆਰਾਂ ਅਤੇ ਬਜ਼ੁਰਗਾਂ ਨੇ ਹਿੱਸਾ ਲਿਆ। ਇਸ ਮੇਲੇ ਵਿਚ ਖਾਸ ਗੱਲ ਇਹ ਸੀ ਕਿ ਮੌਸਮ ਦੀ ਖਰਾਬੀ ਹੋਣ ਦੇ ਬਾਵਜੂਦ ਵੀ ਮੇਲਾ ਖੂਬ ਭਰਿਆ ਅਤੇ ਆਪਣੀ ਪੰਜਾਬੀ ਕਮਿਊਨਿਟੀ ਦੇ ਦਰਸ਼ਕ ਬੜੇ ਉਤਸ਼ਾਹ ਨਾਲ ਪਹੁੰਚੇ। ਖੇਡ ਮੇਲੇ ਦੀ ਸ਼ੁਰੂਆਤ ਵਾਹਿਗੁਰੂ ਜੀ ਅੱਗੇ ਅਰਦਾਸ ਕਰਕੇ ਕੀਤੀ ਗਈ, ਉਪਰੰਤ ਖੇਡਾਂ ਦਾ ਆਯੋਜਨ ਕੀਤਾ ਗਿਆ। ਖੇਡਾਂ ਵਿਚ ਬੱਚਿਆਂ ਦੀ ਦੌੜਾਂ, ਬੀਬੀਆਂ ਦੀਆਂ ਦੌੜਾਂ, ਸਪੂਨ ਰੇਸ, ਬੋਰੀ ਰੇਸ, ਮਿਊਜੀਕਲ ਚੇਅਰ, ਗੋਲਾ ਸੁੱਟਣ ਅਤੇ ਰੱਸਾ ਖਿੱਚਣ ਦੀ ਪ੍ਰਤੀਯੋਗਤਾ ਰੱਖੀ ਗਈ। ਸਭ ਤੋਂ ਜ਼ਿਆਦਾ ਰੱਸਾਕਸ਼ੀ ਅਤੇ ਮਿਊਜ਼ੀਕਲ ਚੇਅਰ ਖੇਡ ਦਾ ਦਰਸ਼ਕਾਂ ਨੇ ਅਨੰਦ ਮਾਣਿਆ। ਇਸ ਵਾਰ ਵਾਲੀਬਾਲ ਦੇ ਵੀ ਮੈਚ ਖੇਡੇ ਗਏ। ਇਸ ਸ਼ਾਨਦਾਰ ਖੇਡ ਮੇਲੇ ਨੂੰ ਮਨਦੀਪ ਭੁੱਲਰ, ਸ੍ਰ. ਹਰਮਿੰਦਰ ਸਿੰਘ ਸਮਾਣਾ ਅਤੇ ਨਵੀਨਾ ਮਾਨ ਨੇ ਹੋਸਟ ਕੀਤਾ ਅਤੇ ਆਪਣੇ ਖੂਬਸੂਰਤ ਅੰਦਾਜ਼ ਨਾਲ ਦਰਸ਼ਕਾਂ ਦਾ ਦਿਲ











# ਪੰਜਾਬੀ ਅਮੈਰੀਕਨ ਐਸੋਸੀਏਸ਼ਨ ਮਨਟੀਕਾ ਵਲੋਂ 11ਵੇਂ ਵਿਸਾਖੀ ਖੇਡ ਮੇਲੇ ਨੇ ਵੱਖਰਾ ਰੰਗ ਬਖੇਰਿਆ

ਜਿੱਤਿਆ। ਇਸ ਵਿਚ ਮਨਟੀਕਾ ਪੁਲਿਸ ਦੇ ਚੀਫ਼ ਸਟੀਫਨ, ਫਾਇਰ ਡਿਪਾਰਟਮੈਂਟ ਦੇ ਮੈਂਬਰਾਂ ਅਤੇ ਪਹੁੰਚੇ ਸਿਟੀ ਆਫੀਸ਼ਅਲ ਦਾ PAAM ਵਲੋਂ ਧੰਨਵਾਦ ਕੀਤਾ ਗਿਆ। ਮੇਲੇ ਵਿਚ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਵੀ ਧੰਨਵਾਦ ਕੀਤਾ ਗਿਆ। ਰੈਫਲ ਬਮਪਰ ਵਿਚ ਪਹਿਲਾ ਇਨਾਮ 70 ਇੰਚ ਦਾ ਟੀ.ਵੀ. ਕੱਢਿਆ ਗਿਆ। ਮਾਨ ਪਰਿਵਾਰ ਵਲੋਂ ਮਿਲਕ-ਬਦਾਮ ਦੀ ਸੇਵਾ ਅਤੇ ਸਵ. ਨਛੱਤਰ ਸਿੰਘ ਜੀ ਦੇ ਪਰਿਵਾਰ ਵਲੋਂ ਚਾਹ-ਬਦਾਨੇ ਨਾਲ ਸੇਵਾ ਕੀਤੀ ਗਈ ਅਤੇ ਬਾਕੀ ਸੇਵਾਦਾਰਾਂ ਵਲੋਂ ਜਲੇਬੀਆਂ, ਕੌਫ਼ੀ ਦੀ ਸੇਵਾ ਕੀਤੀ ਗਈ। ਦਰਸ਼ਕਾਂ ਨੇ ਜਿਥੇ ਖੇਡ ਮੇਲੇ ਦਾ ਅਨੰਦ ਮਾਣਿਆ, ਉਥੇ ਖ਼ੂਬਸੂਰਤ ਸਟਾਲਾਂ ਤੋਂ ਸੂਟਾਂ-ਗਹਿਣਿਆਂ ਦੀ ਖਰੀਦਦਾਰੀ ਵੀ ਕੀਤੀ। ਬੱਚਿਆਂ ਨੇ ਗਿੱਧੇ-ਭੰਗੜੇ ਨਾਲ ਸਾਰੇ ਦਰਸ਼ਕਾਂ ਦਾ ਦਿਲ ਜਿੱਤਿਆ ਅਤੇ ਬਾਕੀ ਕਮਿਊਨਿਟੀ ਦੇ ਪਹੁੰਚੇ ਲੋਕਾਂ ਨੇ ਵੀ ਬਹੁਤ ਆਨੰਦ ਮਾਣਿਆ। PAAM ਦੇ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੇ ਸਹਿਯੋਗ ਨਾਲ ਖੇਡ ਮੇਲਾ ਸਫ਼ਲ ਰਿਹਾ।



















**ਪੰਜਾਬੀ ਅਮੈਰੀਕਨ ਐਸੋਸੀਏਸ਼ਨ ਮਨਟੀਕਾ ਦੇ 11ਵੇਂ ਖੇਡ ਮੇਲੇ 'ਤੇ ਜਿਥੇ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ ਅਤੇ ਖਿਡਾਰੀਆਂ, ਕਲਾਕਾਰਾਂ ਨੇ ਭਾਗ ਲਿਆ, ਉਥੇ ਵੱਡੀ ਤਾਦਾਦ ਵਿਚ ਬਜ਼ਾਰ ਲੱਗੇ ਹੋਏ ਸਨ ਅਤੇ ਗੁਰੂ ਕੇ ਲੰਗਰਾਂ ਨਾਲ ਸੇਵਾ ਕੀਤੀ ਜਾ ਰਹੀ ਸੀ। ਜਿਸ ਵਿਚ ਵੱਖ-ਵੱਖ ਸੇਵਾਦਾਰਾਂ ਨੇ ਤਰ੍ਹਾਂ-ਤਰ੍ਹਾਂ ਦੇ ਲੰਗਰ ਲਗਾਏ ਹੋਏ ਸਨ। ਜਿਨ੍ਹਾਂ ਵਿਚ ਮਿਲਕ ਬਦਾਮ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਆਈ ਕਰੀਮ, ਤਾਜ਼ੇ ਗੰਨੇ ਦਾ ਰਸ। ਇਸ ਸਮੇਂ ਕਮਿਊਨਿਟੀ ਦੇ ਉਘੇ ਆਗੂ ਪਹੁੰਚੇ ਹੋਏ ਸਨ। 'ਸਾਡੇ ਲੋਕ' ਅਖ਼ਬਾਰ ਅਤੇ 'ਖਾਲਸਾ ਅਫੇਅਰ ਟੀਵੀ ਚੈਨਲ' ਨਾਲ ਗੱਲਬਾਤ ਕਰਦਿਆਂ ਕੁਝ ਯਾਦਗਾਰੀ ਝਲਕੀਆਂ।**



















**ਪੰਜਾਬੀ ਅਮੈਰੀਕਨ ਐਸੋਸੀਏਸ਼ਨ ਮਨਟੀਕਾ ਦੇ 11ਵੇਂ ਖੇਡ ਮੇਲੇ 'ਤੇ ਜਿਥੇ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ ਅਤੇ ਖਿਡਾਰੀਆਂ, ਕਲਾਕਾਰਾਂ ਨੇ ਭਾਗ ਲਿਆ, ਉਥੇ ਵੱਡੀ ਤਾਦਾਦ ਵਿਚ ਬਜ਼ਾਰ ਲੱਗੇ ਹੋਏ ਸਨ ਅਤੇ ਗੁਰੂ ਕੇ ਲੰਗਰਾਂ ਨਾਲ ਸੇਵਾ ਕੀਤੀ ਜਾ ਰਹੀ ਸੀ। ਜਿਸ ਵਿਚ ਵੱਖ-ਵੱਖ ਸੇਵਾਦਾਰਾਂ ਨੇ ਤਰ੍ਹਾਂ-ਤਰ੍ਹਾਂ ਦੇ ਲੰਗਰ ਲਗਾਏ ਹੋਏ ਸਨ। ਜਿਨ੍ਹਾਂ ਵਿਚ ਮਿਲਕ ਬਦਾਮ, ਵੈਜ ਬਰਗਰ, ਗਰਮ ਜਲੇਬੀ, ਗਰਮ ਚਾਹ, ਪਕੌੜੇ, ਦੁੱਧ, ਆਈ ਕਰੀਮ, ਤਾਜ਼ੇ ਗੰਨੇ ਦਾ ਰਸ। ਇਸ ਸਮੇਂ ਕਮਿਊਨਿਟੀ ਦੇ ਉਘੇ ਆਗੂ ਪਹੁੰਚੇ ਹੋਏ ਸਨ। 'ਸਾਡੇ ਲੋਕ' ਅਖ਼ਬਾਰ ਅਤੇ 'ਖਾਲਸਾ ਅਫੇਅਰ ਟੀਵੀ ਚੈਨਲ' ਨਾਲ ਗੱਲਬਾਤ ਕਰਦਿਆਂ ਕੁਝ ਯਾਦਗਾਰੀ ਝਲਕੀਆਂ।**














ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ,
ਮੁਗ਼ਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ


# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁਗ਼ਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

# 300
## ਸਾਲਾ ਸ਼ਤਾਬਦੀ 'ਤੇ
## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

## ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

**ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ**

## 18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## 1723-2023

# 300 ਸਾਲਾ ਸ਼ਤਾਬਦੀ 'ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ



VANCO TRUCK & AUTO PLAZA 76

# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



# 300

## ਸਾਲਾ ਸ਼ਤਾਬਦੀ 'ਤੇ

## ਸਮੁੱਚੇ ਭਾਰਤ ਨੂੰ ਲੱਖ ਲੱਖ ਵਧਾਈ

**ਸ੍ਰ. ਦਵਿੰਦਰ ਸਿੰਘ ਚਾਨਾ**

**510-376-9428**



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



# 300

## ਸਾਲਾ ਸ਼ਤਾਬਦੀ 'ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ

ਸ੍ਰ. ਨਰਿੰਦਰ ਸਿੰਘ

510-755-0661



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ ’ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਦਿੱਲੀ ਦੇ ਤਖਤ ਨੂੰ ਘੋੜਿਆਂ ’ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ,
ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ’ਤੇ ਕੇਸਰੀ ਲਹਿਰਾਉਣ ਵਾਲੇ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



# 300

## ਸਾਲਾ ਸ਼ਤਾਬਦੀ ’ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ

ਸ੍ਰ. ਨਿਰਮਲ ਸਿੰਘ ਮੂਧਰ

510-754-9805



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

## ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



# 300

## ਸਾਲਾ ਸ਼ਤਾਬਦੀ 'ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ

**ਸ੍ਰ.ਗੁਰਮੀਤ ਸਿੰਘ ਭੋਗਲ**

**510-386-2084**



ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ



ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ, ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ ਉਪਰ ਕੇਸਰੀ ਲਹਿਰਾਉਣ ਵਾਲੇ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਦਿੱਲੀ ਦੇ ਤਖਤ ਨੂੰ ਘੋੜਿਆਂ 'ਤੇ ਘਸੀਟਕੇ ਦਰਬਾਰ ਸਾਹਿਬ ਲੈ ਕੇ ਆਉਣ ਵਾਲੇ,
ਮੁ.ਗਲ ਹਕੂਮਤ ਦੇ ਜਬਰ ਨੂੰ ਠੱਲ ਪਾ ਕੇ ਲਾਲ ਕਿਲ੍ਹੇ 'ਤੇ ਕੇਸਰੀ ਲਹਿਰਾਉਣ ਵਾਲੇ

18ਵੀਂ ਸਦੀ ਦੇ ਮਹਾਨ ਸਿਰਲੱਥ ਯੋਧੇ

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

1723-2023



# 300

## ਸਾਲਾ ਸ਼ਤਾਬਦੀ 'ਤੇ

## ਸਮੱਚੇ ਭਾਰਤ ਨੂੰ ਲੱਖ ਲੱਖ ਵਧਾਈ

ਸ੍ਰ. ਸੁਖਦੇਵ ਸਿੰਘ ਕਲਸੀ

510-438-9102

# ਪੰਜਾਬ ਦੇ ਅਮੀਰ ਸੱਭਿਆਚਾਰ 'ਚ ਵੱਖਰੀ ਪਹਿਚਾਣ ਹੈ ਗੁਰੂਆਂ ਵੱਲੋਂ ਬਖ਼ਸ਼ੀ 'ਦਸਤਾਰ'

*ਪੁਰਾਣੇ ਸਮੇਂ ਵਿਚ ਬਜ਼ੁਰਗ ਮੁੰਡਾ ਜਾਂ ਕੁੜੀ ਦਾ ਨੰਗੇ ਸਿਰ ਘਰੋਂ ਬਾਹਰ ਜਾਣਾ ਚੰਗਾ ਨਹੀਂ ਮੰਨਦੇ ਸਨ। ਅਜੋਕੇ ਦੌਰ ਵਿਚ ਨੌਜਵਾਨ ਕਲੱਬ ਤੇ ਸਿੱਖ ਸੰਸਥਾਵਾਂ ਪੱਗ ਬੰਨਣ ਦੇ ਮੁਕਾਬਲੇ ਕਰਵਾਉਂਦੇ ਹਨ ਤਾਂ ਜੋ ਨਵੀਂ ਪੀੜ੍ਹੀ ਇਸ ਪ੍ਰਤੀ ਆਕਰਸ਼ਿਤ ਹੋ ਜਾਵੇ। ਇਹਨਾਂ ਮੁਕਾਬਲਿਆਂ ਦੀ ਨੀਂਹ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਸ਼ੁਰੂ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਹ ਮੁਕਾਬਲੇ ਹੁੰਦੇ ਰਹੇ ਅਤੇ ਸੋਹਣੀ ਦਸਤਾਰ ਵਾਲੇ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ।*




**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**

ਪੰਜਾਬ ਦੇ ਅਮੀਰ ਸੱਭਿਆਚਾਰ ਦੀ ਸੰਸਾਰ ਵਿਚ ਵੱਖਰੀ ਪਹਿਚਾਣ ਹੈ ਜਿਸ ਨੂੰ ਦੂਸਰੇ ਰਾਜਾਂ ਤੇ ਦੇਸ਼ਾਂ ਦੇ ਵਸਨੀਕ ਬੜੇ ਚਾਂਵਾਂ ਨਾਲ ਮਾਣਦੇ ਹਨ। ਵਿਰਸੇ 'ਚ ਮਿਲੇ ਸੰਸਕਾਰਾਂ ਕਾਰਨ ਮਿਹਨਤੀ ਸੁਭਾਅ, ਖਾਣ-ਪੀਣ, ਰਹਿਣ-ਸਹਿਣ ਤੇ ਸਜਣ-ਫੱਬਣ ਦੀ ਸ਼ੌਕੀਨਾਂ ਦਾ ਦੁਨੀਆ ਵਿਚ ਕੋਈ ਸਾਨੀ ਨਹੀਂ। ਇਹਨਾਂ ਦੀ ਸ਼ਾਨ ਨੂੰ ਗੁਰੂਆਂ ਵਲੋਂ ਬਖ਼ਸ਼ੀ ਅਲੌਕਿਕ ਸੌਗਾਤ 'ਦਸਤਾਰ' ਹੋਰ ਵਧਾ ਦਿੰਦੀ ਹੈ ਜਿਸ ਨੂੰ ਦੁਨੀਆ ਵਿਚ ਵੱਖ-ਵੱਖ ਨਾਵਾਂ ਨਾਲ ਜਿਵੇਂ ਫਰੈਂਚ ਵਿਚ ਟਰਬਨ ਜਾਂ ਟਲਬੈਂਡ, ਲਤੀਨੀ ਵਿਚ ਮਈਟਰ, ਤੁਰਕੀ ਵਿਚ ਸਾਰਿਕ, ਰੋਮਾਨੀ ਵਿਚ ਟੂਲੀਪਨ ਅਤੇ ਜਰਮਨ ਜਾਂ ਇੰਗਲਿਸ਼ ਵਿਚ ਟਰਬਨ ਤੇ ਠੇਠ ਪੰਜਾਬੀ ਵਿਚ ਪੱਗ ਜਾ ਦਸਤਾਰ ਕਿਹਾ ਜਾਂਦਾ ਹੈ। ਜਦ ਵੀ ਪੱਗ ਵੱਲ ਉਂਗਲ ਉਠੀ ਤਾਂ ਪੰਜਾਬੀ ਕੌਮ ਨੇ ਏਕਤਾ ਨਾਲ ਉਸਦਾ ਮੂੰਹ ਤੋੜਵਾਂ ਜਵਾਬ ਦਿੱਤਾ। ਫਰਵਰੀ 2016 'ਚ ਫਰਾਂਸ ਸਰਕਾਰ ਨੇ ਜਨਤਕ ਥਾਂਵਾਂ 'ਤੇ ਦਸਤਾਰ ਸਜਾ ਕੇ ਜਾਣ ਦੀ ਮਨਾਹੀ ਕੀਤੀ ਪਰ ਸਥਾਨਕ ਅਤੇ ਦੁਨੀਆ ਭਰ ਤੋਂ ਪੰਜਾਬੀਆਂ ਦੇ ਰੋਹ ਅੱਗੇ ਝੁੱਕਦੀ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਚਿੰਨਾਂ ਦੀ ਆਜ਼ਾਦੀ ਸਬੰਧੀ ਕਾਨੂੰਨ ਬਣਾਉਣੇ ਪਏ।

ਇਸੇ ਤਰ੍ਹਾਂ ਯੂਐਸਏ ਏਅਰਫੋਰਸ ਵਿਚ ਹਰਪ੍ਰੀਤਇੰਦਰ ਸਿਘ ਬਾਜਵਾ ਫਸਟ ਕਲਾਸ ਏਅਰਮੈਨ ਭਰਤੀ ਹੋਏ ਪਰ ਅਮਰੀਕੀ ਕਨੂੰਨ ਅਨੁਸਾਰ ਸਾਬਤ ਸਬੂਤ ਸਿੱਖ ਨੂੰ ਨੌਕਰੀ ਕਰਨ ਦੀ ਮਨਾਹੀ ਜਾ ਧਰਮ ਤਿਆਗ ਕੇ ਨੌਕਰੀ ਦੀ ਸ਼ਰਤ ਸੀ। ਸਾਲ ਭਰ ਚੱਲੇ ਲੰਬੇ ਕਾਨੂੰਨੀ ਸੰਘਰਸ਼ ਜਿੱਤਣ ਤੋਂ ਬਾਅਦ 2018 ਨੂੰ ਅਮਰੀਕੀ ਇਤਿਹਾਸ ਵਿਚ ਪਹਿਲੀ ਵਾਪਰਿਆ ਜਦੋਂ ਦਸਤਾਰ, ਕੇਸ ਤੇ ਦਾੜ੍ਹੀ ਸੰਪੂਰਨ ਸਿੱਖ ਸੇਵਾਵਾਂ ਨਿਭਾ ਰਿਹਾ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਪੱਗ ਨੂੰ ਸਿੱਖਾਂ ਦੇ ਸਿਰ ਦਾ ਤਾਜ ਆਖ ਪ੍ਰਸ਼ੰਸਾ ਕੀਤੀ।

ਸਿੱਖ ਧਰਮ ਦਾ ਅਨਿੱਖੜਵਾਂ ਅੰਗ : ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਈਸਵੀ ਨੂੰ ਖਾਲਸਾ ਪੰਥ ਦੀ ਸਾਜਨਾ ਕਰ ਪੰਜ ਕਕਾਰਾਂ ਨੂੰ ਪਹਿਨਣ ਤੇ ਸਿਰ ਢੱਕ ਕੇ ਰੱਖਣ ਦੀ ਪਾਲਣਾ ਨਾਲ ਕੇਸਕੀ ਜਾਂ ਦਸਤਾਰ ਵੀ ਸਿੱਖਾਂ ਦਾ ਅਨਿੱਖੜਵਾਂ ਅੰਗ ਬਣ ਗਈ। ਸਭ ਧਰਮਾਂ ਦੇ ਗੁਰੂਆਂ ਨੇ ਦਸਤਾਰ ਨੂੰ ਬੜੇ ਸਤਿਕਾਰ ਤੇ ਅਦਬ ਨਾਲ ਸਜਾਇਆ ਪਰ ਸਿੱਖ ਧਰਮ ਵਿਚ ਇਸਦਾ ਆਪਣਾ ਹੀ ਇਕ ਵੱਖਰਾ ਹੀ ਮੁਕਾਮ ਹੈ। ਪੰਜਾਬ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਸੱਭਿਆਚਾਰ ਖੇਤਰ ਵਿਚ ਵੀ ਦਸਤਾਰ ਦਾ ਅਹਿਮ ਯੋਗਦਾਨ ਹੈ। ਸਿੱਖ ਕੌਮ ਲਈ ਇਕ ਧਾਰਮਿਕ ਚਿੰਨ੍ਹ ਹੈ ਪਰ ਨਾਲੋ-ਨਾਲ ਨੀਲਾ ਤੇ ਕੇਸਰੀ ਰੰਗ ਵੀ ਇਸ ਧਰਮ ਨਾਲ ਜੁੜੇ ਹੋਏ ਹਨ।

ਨਿਹੰਗ ਸਿੰਘ ਨੀਲੇ ਬਾਣਿਆਂ ਦੇ ਨਾਲ 30 ਤੋਂ 70 ਮੀਟਰ ਦੇ ਦੁਮਾਲੇ ਸਜਾਉਂਦੇ ਪਰ ਹੋਲੇ-ਮਹੱਲੇ ਸਮੇਂ ਨਿਹੰਗ ਬਸੰਤੀ ਦਸਤਾਰ ਜਾ ਖਾਲਸਾਈ ਨਿਸ਼ਾਨੀਆਂ ਨਾਲ ਸਜਾਏ ਵੱਡ-ਅਕਾਰੀ ਦੁਮਾਲੇ ਤੇ ਘੋਟੇ ਦੇ ਰਗੜੇ ਲਗਾ ਖੁਸ਼ੀਆਂ ਵਿਚ ਮਦਮਸਤ ਹੁੰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫ਼ੌਜਾਂ ਯੁੱਧ ਦੌਰਾਨ ਕੇਸਰੀ ਦਸਤਾਰਾਂ ਸਜਾ ਕੇ ਬੇਖੌਫ਼ ਵੈਰੀਆਂ ਨੂੰ ਢੇਰ ਕਰਦੀਆਂ ਸਨ। ਸਿੱਖਾਂ ਲਈ ਕੇਸਰੀ ਸ਼ਹਾਦਤ ਦਾ ਰੰਗ ਹੈ। ਕੁਲ ਦੁਨੀਆ ਵਿਚ ਦਸਤਾਰ ਨੇ ਸਰਦਾਰਾਂ ਨੂੰ ਨੇਕ ਦਿਲ, ਜ਼ੁਲਮ ਖ਼ਿਲਾਫ਼ ਡੱਟਣ ਤੇ ਮਦਦਗਾਰ ਹੋਣ ਵਾਲੀ ਕੌਮ ਦੀ ਪਹਿਚਾਣ ਦਿੱਤੀ। ਇਹ ਆਮ ਧਾਰਨਾ ਹੈ ਕਿ ਵਿਦੇਸ਼ਾਂ ਜਾਂ ਭਾਰਤ ਵਿਚ ਬਸ ਜਾ ਕੈਬ ਸਫ਼ਰ ਅਤੇ ਭੀੜ ਵਾਲੇ ਥਾਂਵਾਂ 'ਤੇ ਔਰਤਾਂ ਸਰਦਾਰ ਵਿਅਕਤੀ ਦੇ ਹੁੰਦਿਆਂ ਸੁਰੱਖਿਅਤ ਸਮਝਦੀਆਂ ਹਨ ਜੋ ਬਿਨ ਬੋਲੇ ਹੀ ਫਖ਼ਰ ਤੇ ਰਖਵਾਲੇ ਹੋਣ ਦੀ ਗਵਾਹੀ ਹੈ। ਰਾਜਨੀਤੀ ਵਿਚ ਦਸਤਾਰ ਦਾ ਬਾਕਮਾਲ ਰੂਪ ਹੈ ਵਿਸਵਾਸ਼, ਦ੍ਰਿੜਤਾ, ਸੁੱਚਤਾ ਤੇ ਨਿਰਵੈਰ ਦੇ ਜੜੇ ਪੇਚ-ਦਰ-ਪੇਚ ਵਰਗੇ ਗੁਣਾਂ ਦੇ ਕਾਰਨ ਕੁਝ ਪਗੜੀਧਾਰੀ ਸਿਆਸੀ ਲੀਡਰ ਲੋਕਾਂ ਨੂੰ ਜਲਦੀ ਭਰਮਾ ਲੈਂਦੇ ਹਨ। ਬਦਲੇ ਦੌਰ ਵਿਚ ਪਾਰਟੀਆਂ ਨੇ ਆਪਣਾ ਸੰਵਿਧਾਨ ਤੇ ਝੰਡੇ ਵਾਂਗ ਪੱਗਾਂ ਦੇ ਰੰਗ ਵੀ ਤੈਅ ਕਰ ਲਏ ਹਨ।

ਭਾਰਤੀ ਫ਼ੌਜ 'ਚ ਵੱਖਰੀ ਰੈਜਮੈਂਟ : ਭਾਰਤੀ ਫ਼ੌਜ ਵਿਚ ਸਿੱਖਾਂ ਦੇ ਨਿਡਰ ਜਜ਼ਬੇ ਤੇ ਧਾਰਮਿਕ ਸ਼ਰਧਾ ਦਾ ਮਾਣ ਸਤਿਕਾਰ ਕਰਦਿਆਂ ਸਰਕਾਰ ਨੇ ਵੱਖਰੀ ਰੈਜਮੈਂਟ ਸਥਾਪਤ ਕੀਤੀ ਹੋਈ ਹੈ ਜਿਸ ਵਿਚ ਜਵਾਨ ਧਾਰਮਿਕ ਮਰਿਆਦਾ ਵਿਚ ਰਹਿ ਕੇ ਦੇਸ਼ ਦਾ ਰਖਵਾਲੀ ਕਰਦੇ ਹਨ। ਅੱਜ ਵੀ ਕਈ ਚੇਲੇ ਗੁਣੀ ਗੁਰੂ ਧਾਰਨ ਸਮੇਂ ਪੱਗ ਭੇਟ ਕਰਕੇ ਸ਼ਗਿਰਦੀ ਹਾਸਿਲ ਕਰਦੇ ਹਨ। ਪੁਰਾਣੇ ਸਮੇਂ ਵਿਚ ਇਹ ਮਾਣ-ਤਾਣ ਜ਼ਿਆਦਾਤਰ ਗਾਇਕੀ ਤੇ ਪਹਿਲਵਾਨੀ ਅਖਾੜੇ ਦੀ ਪ੍ਰਚੱਲਿਤ ਰਵਾਇਤ ਸੀ।


ਕੁਝ ਵਿਰਲੇ ਹੀ ਇਕੱਠੇ ਪੜ੍ਹਾਈ ਜਾ ਕੰਮ ਕਰਦੇ ਮਿੱਤਰ ਆਪਣੀ ਦੋਸਤੀ ਨੂੰ ਉਮਰਾਂ ਦੀ ਸਾਂਝ ਵਿਚ ਬਦਲਦਿਆਂ ਦਸਤਾਰਾਂ ਵਟਾ ਭਰਾਵਾਂ ਦੇ ਰਿਸ਼ਤੇ ਬਣਾਉਂਦੇ ਹਨ ਤੇ ਇਹ ਪੱਗ ਵੱਟ ਭਰਾ ਹਰ ਖੁਸ਼ੀ ਗਮੀ ਨੂੰ ਖਿੜ੍ਹੇ ਮੱਥੇ ਸਿੰਝਦਿਆਂ ਦਸਤਾਰ ਦਾ ਰੁਤਬਾ ਕਾਇਮ ਰੱਖਦੇ ਜੋ ਰਿਸ਼ਤਿਆਂ ਦੀ ਅਟੁੱਟ ਸਾਂਝ ਦਾ ਪ੍ਰਗਟਾਵਾ ਕਰਦੀ ਹੈ। ਇਥੋਂ ਤੱਕ ਗੁਰਬਾਣੀ ਵਿਚ ਵੀ ਦਸਤਾਰ ਦੀ ਉਸਤਤ ਕਰਦੇ ਹੋਏ ਸੱਚੇ ਦਸਤਾਰਧਾਰੀ ਸਿੱਖ ਨੂੰ ਨਿਮਰ, ਸਾਦਾ ਤੇ ਮਿੱਠੀ ਬੋਲੀ ਦਾ ਧਾਰਨੀ ਦੱਸ ਉਸਤਤ ਕੀਤੀ-ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ। ਦਵਾਰਿਕਾ ਨਗਰੀ ਕਾਹੇ ਕੇ ਮਗੋਲ॥ ਬਚਪਨ ਤੋਂ ਲੈ ਕੇ ਮਰਨ ਤੱਕ ਪੱਗ ਨਾਲ ਰਹਿੰਦੀ ਹੈ। ਘਰ ਵਿਚ ਬਜ਼ੁਰਗ ਦੀ ਮੌਤ ਤੋਂ ਬਾਅਦ ਵੱਡੇ ਪੁੱਤਰ ਨੂੰ ਪੱਗ ਦੇ ਕੇ ਅੱਗੇ ਕਬੀਲਦਾਰੀ ਸੰਭਾਲਣ ਜੁੰਮਾ ਦਿੰਦੇ ਹਨ। ਘਰੇਲੂ ਸਮਾਗਮਾਂ ਅਤੇ ਸੱਭਿਆਚਾਰ ਮੇਲਿਆਂ ਵਿਚ ਇਸ ਨਾਲ ਕੀਤਾ ਸਨਮਾਨ ਵੱਡਾ ਮੰਨਿਆ ਜਾਂਦਾ ਹੈ। ਪੰਜਾਬੀਆਂ ਦੇ ਸਭ ਰੰਗਾਂ ਵਿਚ ਰੰਗੀ ਦਸਤਾਰ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਲੱਖਾਂ ਕੁਰਬਾਨੀਆਂ ਝੱਲੀਆਂ ਤੇ ਝੱਲ ਰਹੇ ਪਰ ਹਮੇਸ਼ਾ ਜੇਤੂ ਬਣ ਕੇ ਨਿੱਤਰੇ। ਆਓ ! ਇਸ ਦੀ ਸ਼ਾਨ ਦਾ ਘੇਰਾ ਬਰਕਰਾਰ ਅਤੇ ਵਿਸ਼ਾਲ ਕਰਦੇ ਹੋਏ ਨਿਰਵੈਰ ਤੇ ਸਰਬੱਤ ਦੇ ਭਲੇ ਵਾਲੇ ਗੁਣਾਂ ਦਾ ਸੁਨੇਹਾ ਵੰਡੀਏ ਤਾਂ ਜੋ ਇਹ ਰੱਬੀ ਦਾਤ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

ਪੱਗਾਂ ਰੰਗੀਲੀਆਂ : ਬਹੁਭਾਤੀ ਸੱਭਿਆਚਾਰ ਨੂੰ ਹੋਰ ਰੰਗੀਲਾ ਬਣਾਉਣ ਲਈ ਵੀ ਪੱਗਾਂ ਦੇ ਰੰਗਾਂ ਨੇ ਕੋਈ ਕਸਰ ਨਹੀਂ ਛੱਡੀ ਜਿਵੇਂ ਭੰਗੜਾ ਗੂੜ੍ਹੇ ਰੰਗ ਦੀਆਂ ਜੈਕਟਾਂ ਨਾਲ ਮੇਲ ਖਾਂਦੀਆਂ ਟੇਡੀਆਂ ਸ਼ਮਲੇ ਤੇ ਫੁਰਲੇ ਵਾਲੀਆਂ ਪੱਗਾਂ ਤੋਂ ਬਿਨਾਂ ਨਹੀਂ ਸੋਭਦਾ ਉਸੇ ਤਰ੍ਹਾਂ ਪੁਰਾਣੇ ਸਮੇਂ ਦੌਰਾਨ ਮੰਗਣੇ ਵਾਲੇ ਦਿਨ ਗੁਲਾਬੀ ਤੇ ਵਿਆਹ ਨੂੰ ਉਨਾਭੀ ਰੰਗ ਨੂੰ ਹੀ ਸ਼ੁਭ ਮੰਨਿਆ ਜਾਂਦਾ ਸੀ। ਨਵੇਂ ਜ਼ਮਾਨੇ ਦੇ ਫੈਸ਼ਨ ਵਿਚ ਪੱਗ ਨਾਲ ਸ਼ਰਟ ਜਾ ਟਾਈ ਦਾ ਮੇਲ (ਮੈਚਿੰਗ) ਪੂਰੀ ਦੁਨੀਆ ਵਿਚ ਮਸ਼ਹੂਰ ਹੈ । ਵਿਆਹ ਸਾਦੀ ਵਿਚ ਨਵੇਂ ਜੋੜੇ ਸਮੇਤ ਬਾਕੀ ਜੋੜਿਆਂ ਦੀਆਂ ਚੁੰਨੀਆਂ, ਸੂਟ ਤੇ ਲਹਿੰਗੇ ਵੀ ਪੱਗ ਨਾਲ ਮੇਲ ਖਾਂਦੇ ਆਮ ਹੀ ਦਿੱਖ ਜਾਂਦੇ ਹਨ।

'ਚੁੰਨੀ ਰੰਗਦੇ ਲਲਾਰੀਆ ਮੇਰੀ, ਵੇ ਸੱਜਣਾਂ ਦੀ ਪੱਗ ਨਾਲ ਦੀ' ਖੁਸ਼ੀ ਸਮੇਂ ਗੂੜ੍ਹੇ ਤੇ ਗਮੀ ਸਮੇਂ ਫਿੱਕੇ ਰੰਗਾਂ ਦੀ ਰੀਤ ਅੱਜ ਵੀ ਨਿਰਵਿਘਨ ਪੁਗਾਈ ਜਾਂਦੀ ਹੈ। ਉਮਰ ਦੇ ਪੜਾਵਾਂ ਨਾਲ ਇਹ ਦਸਤਾਰਾਂ ਦੇ ਰੰਗ ਕੁਦਰਤੀ ਬਦਲ ਜਾਂਦੇ ਜਿਵੇਂ ਜਵਾਨੀ ਪਹਿਰੇ ਗੂੜ੍ਹੀਆਂ, ਢੱਲਦੀ ਉਮਰੇ ਵਿਚ ਸਫ਼ੈਦ, ਮੋਤੀਆ ਜਾ ਫਿੱਕੇ ਰੰਗ ਹੀ ਸੋਭਦੇ ਹਨ। ਇਹ ਰੰਗ ਸ਼ਖ਼ਸੀਅਤ ਨਿਖਾਰਦੇ।

ਪੱਗ ਦੇ ਆਕਾਰ ਜਾ ਅੰਦਾਜ਼ ਨਿਸ਼ਚਿਤ ਨਹੀਂ : ਪਹਿਲ਼ਾ ਮਾਵੇ ਵਾਲੀਆਂ ਨੋਕਦਾਰ, ਪੋਚਵੀਂ ਤੇ ਪਟਿਆਲਾ ਸ਼ਾਹੀ ਪੱਗਾਂ ਦਾ ਦੌਰ ਰਿਹਾ, ਹੁਣ ਪਰਤ ਕੇ ਪੁਰਾਣੇ ਸਮੇਂ ਦੀ ਵੱਟਾਂ ਵਾਲੀ ਦਸਤਾਰ ਨੂੰ ਨੌਜਵਾਨ ਤਰਜੀਹ ਦਿੰਦੇ ਹਨ। ਉਂਜ ਵੀ ਪੱਗ ਦੇ ਆਕਾਰ ਜਾਂ ਅੰਦਾਜ਼ ਕੋਈ ਨਿਸ਼ਚਿਤ ਨਹੀਂ। ਸਭ ਦਾ ਆਪਣਾ ਹੀ ਉੱਤਮ ਤੇ ਮਨਭਾਉਂਦਾ ਸਟਾਈਲ ਹੁੰਦਾ ਹੈ। ਦਸਤਾਰ ਚੜ੍ਹਦੀ ਕਲਾ ਦੀ ਨਿਸ਼ਾਨੀ ਹੈ। ਸੋ ਹਮੇਸ਼ਾ ਸਾਫ਼ ਸੁੱਥਰੀ ਰੱਖਣਾ ਤੇ ਰੋਜ਼ ਸਜਾਉਣਾ ਜ਼ਰੂਰੀ ਪਰ ਪਹਿਲਾਂ ਸਜਾਈ ਪੱਗ ਨੂੰ ਟੋਪੀ ਵਾਂਗ ਸਿਰ ਉਪਰ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

'ਦਸਤਾਰ ਬੰਦੀ' : ਬੱਚਾ ਦਸਤਾਰ ਸਾਂਭਣ ਤੇ ਸਜਾਉਣ ਲਾਇਕ ਹੋ ਜਾਵੇ ਤਾਂ ਬਾਕਾਇਦਾ ਦਾ ਸਮਾਗਮ ਰੱਖ ਕੇ ਖੁਸ਼ੀ ਮਨਾਈ ਜਾਂਦੀ ਹੈ। ਇਸ ਰਸਮ ਨੂੰ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾਨਕੇ ਬੱਚੇ ਨੂੰ ਪਹਿਲੀ ਪੱਗ ਭੇਟ ਕਰਦੇ ਹਨ। ਦਸਤਾਰ ਸਜਾਉਣ ਵਾਲਾ ਕਦੇ ਨੰਗੇ ਸਿਰ ਘਰੋਂ ਬਾਹਰ ਨਹੀਂ ਜਾਂਦਾ ਸਗੋਂ ਪਰਨੇ ਜਾਂ ਕੇਸਕੀ ਨਾਲ ਹਮੇਸ਼ਾ ਸਿਰ ਢੱਕ ਕੇ ਰੱਖਦਾ ਹੈ। ਪੁਰਾਣੇ ਸਮੇਂ ਵਿਚ ਬਜ਼ੁਰਗ ਮੁੰਡਾ ਜਾਂ ਕੁੜੀ ਦਾ ਨੰਗੇ ਸਿਰ ਘਰੋਂ ਬਾਹਰ ਜਾਣਾ ਚੰਗਾ ਨਹੀਂ ਮੰਨਦੇ ਸਨ। ਅਜੋਕੇ ਦੌਰ ਵਿਚ ਨੌਜਵਾਨ ਕਲੱਬ ਤੇ ਸਿੱਖ ਸੰਸਥਾਵਾਂ ਪੱਗ ਬੰਨਣ ਦੇ ਮੁਕਾਬਲੇ ਕਰਵਾਉਂਦੇ ਹਨ ਤਾਂ ਜੋ ਨਵੀਂ ਪੀੜ੍ਹੀ ਇਸ ਪ੍ਰਤੀ ਆਕਰਸ਼ਿਤ ਹੋ ਜਾਵੇ। ਇਹਨਾਂ ਮੁਕਾਬਲਿਆਂ ਦੀ ਨੀਂਹ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਸ਼ੁਰੂ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਹ ਮੁਕਾਬਲੇ ਹੁੰਦੇ ਰਹੇ ਅਤੇ ਸੋਹਣੀ ਦਸਤਾਰ ਵਾਲੇ ਨੂੰ ਇਨਾਮ ਵੀ ਦਿੱਤੇ ਜਾਂਦੇ ਸਨ। ਅੱਜ ਇਹਨਾਂ ਮੁਕਬਲਿਆਂ ਦਾ ਘੇਰਾ ਪੂਰੀ ਦੁਨੀਆ ਵਿਚ ਫ਼ੈਲਿਆ ਹੋਇਆ ਹੈ।




# ਸਿੱਖ ਇਤਿਹਾਸ ਦਾ ਚਮਕਦਾ ਸਿਤਾਰਾ ਜੱਸਾ ਸਿੰਘ ਰਾਮਗੜ੍ਹੀਆ



## *5 ਮਈ 1723 ਨੂੰ ਗਿਆਨੀ ਭਗਵਾਨ ਸਿੰਘ ਦੇ ਘਰ ਪਿੰਡ ਸੁਰ ਸਿੰਘ ਜ਼ਿਲ੍ਹਾ ਲਾਹੌਰ ਵਿਚ ਜਿਸ ਬਾਲਕ ਨੇ ਜਨਮ ਲਿਆ, ਉਹੀ ਵੱਡਾ ਹੋ ਕੇ ਸ. ਜੱਸਾ ਸਿੰਘ ਰਾਮਗੜ੍ਹੀਆ ਬਣਿਆ*

5 ਮਈ 1723 ਨੂੰ ਗਿਆਨੀ ਭਗਵਾਨ ਸਿੰਘ ਦੇ ਘਰ ਪਿੰਡ ਸੁਰ ਸਿੰਘ ਜ਼ਿਲ੍ਹਾ ਲਾਹੌਰ ਵਿਚ ਜਿਸ ਬਾਲਕ ਨੇ ਜਨਮ ਲਿਆ, ਉਹੀ ਵੱਡਾ ਹੋ ਕੇ ਸ. ਜੱਸਾ ਸਿੰਘ ਰਾਮਗੜ੍ਹੀਆ ਬਣਿਆ ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਦੇ ਬਾਬਾ ਜੀ ਸ. ਹਰਦਾਸ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਹੀ ਰਹਿੰਦੇ ਰਹੇ ਹਨ ਤੇ ਯੁੱਧ ਦੇ ਹਥਿਆਰ ਬੰਦੂਕਾਂ, ਤਲਵਾਰਾਂ, ਭਾਲੇ ਆਦਿ ਬਣਾਉਂਦੇ ਹੁੰਦੇ ਸਨ ਜਿਨ੍ਹਾਂ ਨੂੰ ਚਲਾਉਣ ਵਿਚ ਉਹ ਮਾਹਰ ਵੀ ਸਨ।

ਗੁਰੂ ਜੀ ਕੋਲ ਜੋ ਨਾਗਣੀ ਹੁੰਦੀ ਸੀ, ਉਹ ਸ. ਹਰਦਾਸ ਸਿੰਘ ਨੇ ਹੀ ਤਿਆਰ ਕੀਤੀ ਸੀ। ਉਨ੍ਹਾਂ ਨੂੰ ਗੁਰੂ ਜੀ ਦੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਸੰਨ 1710 ਵਿਚ ਉਹ ਦੋ ਹਜ਼ਾਰ ਸਿਪਾਹੀਆਂ ਨਾਲ ਬਜਵਾੜੇ ਵਿਚ ਦਲੇਰ ਖਾਂ ਨਾਲ ਲੜਦਿਆਂ ਸਖ਼ਤ ਜ਼ਖ਼ਮੀ ਹੋ ਗਏ ਅਤੇ ਬਾਅਦ ਵਿਚ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਨੇ ਹੀ ਅਪਣੇ ਪੁਤਰ ਸ. ਭਗਵਾਨ ਸਿੰਘ ਨੂੰ ਹਥਿਆਰ ਬਣਾਉਣ ਅਤੇ ਚਲਾਉਣ ਦੀ ਕਲਾ ਸਿਖਾਈ, ਜੋ ਅੱਗੇ ਗਿਆਨੀ ਭਗਵਾਨ ਸਿੰਘ ਨੇ ਅਪਣੇ ਪੁੱਤਰ ਜੱਸਾ ਸਿੰਘ ਨੂੰ ਸਿਖਾਈ।

ਸ. ਭਗਵਾਨ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਅਪਣੀ ਇਕ ਦੋ ਸੌ ਸਿੱਖਾਂ ਦੀ ਫ਼ੌਜੀ ਟੁਕੜੀ ਵੀ ਤਿਆਰ ਕਰ ਲਈ ਸੀ। ਉਹ 1738 ਵਿਚ ਵਜ਼ੀਰਾਬਾਦ ਵਾਲੀ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਕੇ ਬਾਅਦ ਵਿਚ ਸ਼ਹੀਦੀ ਪਾ ਗਏ। ਇਸ ਲੜਾਈ ਵਿਚ ਉਨ੍ਹਾਂ ਦਾ ਪੁੱਤਰ ਜੱਸਾ ਸਿੰਘ ਵੀ ਸ਼ਾਮਲ ਸੀ ਜਿਸ ਦੀ ਉਮਰ ਉਸ ਵੇਲੇ 15 ਸਾਲ ਦੀ ਹੀ ਸੀ। ਇੰਜ ਸ. ਜੱਸਾ ਸਿੰਘ ਨੂੰ ਬਚਪਨ ਵਿਚ ਹੀ ਪਿਉ ਦਾਦੇ ਤੋਂ ਹੀ ਹਥਿਆਰ ਬਣਾਉਣੇ ਤੇ ਚਲਾਉਣੇ ਗੁੜ੍ਹਤੀ ਵਿਚ ਮਿਲੇ ਸਨ।

ਸ. ਜੱਸਾ ਸਿੰਘ ਨੇ ਮੁਢਲੀ ਵਿਦਿਆ ਅਪਣੇ ਪਿਉ ਕੋਲੋਂ ਹੀ ਪ੍ਰਾਪਤ ਕੀਤੀ ਅਤੇ ਅਪਣੇ ਹੀ ਪਿੰਡ ਦੇ ਸ. ਗੁਰਦਿਆਲ ਸਿੰਘ ਕੋਲੋਂ ਅੰਮ੍ਰਿਤਪਾਨ ਕੀਤਾ। ਅਪਣੇ ਪਿਤਾ ਦੀ ਦੇਖ ਰੇਖ ਵਿਚ ਹੀ ਉਹ ਦਿਨਾਂ ਵਿਚ ਹੀ ਉੱਚੇ ਲੰਮੇ ਕੱਦ, ਚੌੜਾ ਮੱਥਾ, ਚੌੜੀ ਛਾਤੀ, ਖੁਲ੍ਹੀ ਦਾੜ੍ਹੀ ਤੇ ਰੋਹਬਦਾਰ ਚਿਹਰੇ ਵਾਲਾ ਗੱਭਰੂ ਨਿਕਲ ਆਇਆ।

ਇਹ ਉਹ ਦਿਨ ਸਨ ਜਦੋਂ ਪੰਜਾਬ ਵਿਚ ਕੋਈ ਪੱਕੀ ਮਜ਼ਬੂਤ ਸਰਕਾਰ ਨਹੀਂ ਸੀ। ਜਰਵਾਣੇ ਕਬਜ਼ੇ ਦੀ ਲਾਲਸਾ ਵਿਚ ਲਗਾਤਾਰ ਹਮਲੇ ਕਰਦੇ ਰਹਿੰਦੇ ਸਨ। ਨਾਦਰ ਸ਼ਾਹ ਨੇ ਤਾਂ ਅੱਤ ਹੀ ਮਚਾ ਰੱਖੀ ਸੀ। ਬਿਖਰੇ ਹੋਏ ਸਿੱਖ ਵੀ ਅਪਣੀ ਤਾਕਤ ਵਧਾਉਣ ਲਈ ਮਸ਼ਕਾਂ ਕਰਦੇ ਰਹਿੰਦੇ ਸਨ। ਜੰਗਲਾਂ ਵਿਚੋਂ ਨਿਕਲ ਇਕੱਤਰ ਹੋ ਕੇ ਮਤੇ ਵੀ ਪਾਸ ਕਰਦੇ ਰਹਿੰਦੇ ਸਨ। 1748 ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੀ ਰਹਿਨੁਮਾਈ ਵਿਚ 'ਦਲ ਖ਼ਾਲਸਾ' ਦੀ ਸਥਾਪਤੀ ਹੋਈ। ਸਮੁੱਚਾ ਸਿੱਖ ਪੰਥ 11 ਮਿਸਲਾਂ ਵਿਚ ਵੰਡ ਦਿਤਾ ਗਿਆ। ਹਰ ਇਕ ਮਿਸਲ ਅਪਣੇ ਆਪ ਵਿਚ ਖ਼ੁਦ ਮੁਖਤਿਆਰ ਵੀ ਸੀ ਪਰ ਸਿੱਖ ਪੰਥ ਦੇ ਹਿੱਤ ਦੇ ਫ਼ੈਸਲੇ ਸਮੁੱਚੇ ਤੌਰ ਉਤੇ ਕੀਤੇ ਜਾਂਦੇ ਸਨ।

1747 ਵਿਚ ਵਿਸਾਖੀ ਦਾ ਮਤਾ ਪਾਸ ਕੀਤਾ ਗਿਆ ਜਿਸ ਅਨੁਸਾਰ ਦਰਬਾਰ ਸਾਹਿਬ ਦੀ ਹਿਫ਼ਾਜ਼ਤ ਲਈ ਇਕ ਕਿਲ੍ਹਾ ਉਸਾਰਨਾ ਸੀ। ਪੰਜ ਸੌ ਘੁੜ ਸਵਾਰਾਂ ਵਾਲਾ ਇਕ ਕਿਲ੍ਹਾ ਉਸਾਰਿਆ ਗਿਆ ਜਿਸ ਦਾ ਨਾਂ ਗੁਰੂ ਰਾਮ ਦਾਸ ਦੇ ਨਾਂ ਤੇ 'ਰਾਮ ਰੌਣੀ' ਰਖਿਆ ਗਿਆ। ਇਸ ਦੇ ਬਣਨ ਨਾਲ ਸਿੱਖਾਂ ਦੀ ਤਾਕਤ ਵਿਚ ਕਾਫ਼ੀ ਵਾਧਾ ਹੋਇਆ ਜਿਸ ਤੋਂ ਲਾਹੌਰ ਦਾ ਗਵਰਨਰ ਮੀਰ ਮੰਨੂ ਘਬਰਾ ਗਿਆ। ਉਸ ਦਾ ਮੰਨਣਾ ਸੀ ਕਿ ਸਿੱਖਾਂ ਦੇ ਖ਼ਾਤਮੇ ਤੋਂ ਬਿਨਾਂ ਮੁਗ਼ਲ ਰਾਜ ਸੰਭਵ ਨਹੀਂ। ਉਨ੍ਹਾਂ ਨੇ ਅਪਣੀ ਗ਼ਸ਼ਤੀ ਫ਼ੌਜ ਸਿੱਖਾਂ ਨੂੰ ਖ਼ਤਮ ਕਰਨ ਲਈ ਭੇਜ ਦਿਤੀ। ਸਿੱਖਾਂ ਨੇ ਪੈਂਤੜੇ ਦੇ ਤੌਰ ਤੇ ਪਹਿਲਾਂ ਦੀ ਤਰ੍ਹਾਂ ਹੀ ਜੰਗਲਾਂ ਵਿਚ ਜਾ ਡੇਰੇ ਲਗਾਏ। ਕੁੱਝ ਸਿੱਖ ਜਲੰਧਰ ਵਲ ਨੂੰ ਨਿਕਲ ਗਏ। ਉਥੋਂ ਦਾ ਫ਼ੌਜਦਾਰ ਅਦੀਨਾ ਬੇਗ਼ ਸੀ।

ਉਸ ਨੂੰ ਵੀ ਗਵਰਨਰ ਵਲੋਂ ਸਿੱਖਾਂ ਨੂੰ ਮਾਰਨ ਦਾ ਹੁਕਮ ਮਿਲ ਚੁਕਿਆ ਸੀ। ਉਸ ਨੇ ਸੋਚਿਆ ਕਿ ਸਿੱਖਾਂ ਨੂੰ ਮਾਰ ਕੇ ਤਾਂ ਮੀਰ ਮੰਨੂ ਦੀ ਤਾਕਤ ਵਿਚ ਅਥਾਹ ਵਾਧਾ ਹੋ ਜਾਵੇਗਾ ਜਿਸ ਅੱਗੇ ਉਹ ਖ਼ੁਦ ਕਮਜ਼ੋਰ ਪੈ ਜਾਵੇਗਾ। ਇਹ ਸੋਚ ਕੇ ਉਸ ਨੇ ਸਿੱਖਾਂ ਨਾਲ ਮੇਲ ਮਿਲਾਪ ਕਰ ਲਿਆ ਅਤੇ ਕੁੱਝ ਨੂੰ ਅਪਣੀ ਫ਼ੌਜ ਵਿਚ ਭਰਤੀ ਵੀ ਕਰ ਲਿਆ। ਸ. ਜੱਸਾ ਸਿੰਘ ਦੀ ਤਾਕਤ ਨੂੰ ਉਹ ਪਛਾਣਦਾ ਸੀ। ਇਸ ਲਈ ਉਸ ਨੂੰ ਫ਼ੌਜ ਵਿਚ ਵੱਡੇ ਅਹੁਦੇ ਤੇ ਰੱਖ ਲਿਆ। ਸ. ਜੱਸਾ ਸਿੰਘ ਦਾ ਵੀ ਅਪਣਾ ਨਿਸ਼ਾਨਾ ਸੀ, ਉਹ ਮੁਗ਼ਲ ਫ਼ੌਜ ਵਿਚ ਰਹਿ ਕੇ ਸਿੱਖਾਂ ਦੇ ਭਲੇ ਲਈ ਕੁੱਝ ਕਰਨਾ ਚਾਹੁੰਦਾ ਸੀ ਅਤੇ ਨਾਲ ਹੀ ਰਾਜਨੀਤਕ ਭੇਦਾਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਇਹ ਉਨ੍ਹਾਂ ਦੀ ਦੂਰ ਅੰਦੇਸ਼ੀ ਹੀ ਸੀ। ਉਧਰ ਮੀਰ ਮੰਨੂ ਦਾ ਵਜ਼ੀਰ ਦੀਵਾਨ ਕੌੜਾ ਮੱਲ ਵੀ ਅੰਦਰੋਂ ਸਿੱਖਾਂ ਦਾ ਹਿਤੈਸ਼ੀ ਸੀ।

ਅਦੀਨਾ ਬੇਗ ਨੇ ਜੱਸਾ ਸਿੰਘ ਦਾ ਜੁੱਸਾ ਤੇ ਉਸ ਦੀ ਸਮਝ ਵੇਖ ਕੇ ਉਸ ਨੂੰ ਇਕ ਪਲਟਣ ਦਾ ਮੁਖੀ ਬਣਾ ਦਿਤਾ ਜਿਸ ਵਿਚ 100 ਸਿੱਖ ਤੇ 60 ਹਿੰਦੂ ਸਨ। ਮੀਰ ਮੰਨੂ ਨੇ ਸਿੱਖਾਂ ਦੇ ਕਿਲ੍ਹੇ 'ਰਾਮ ਰੌਣੀ' ਨੂੰ ਢਾਹੁਣ ਦੀ ਯੋਜਨਾ ਬਣਾ ਰੱਖੀ ਸੀ ਜਿਸ ਦੀ ਪੂਰਤੀ ਲਈ ਉਹ ਅੰਮ੍ਰਿਤਸਰ ਲਈ ਰਵਾਨਾਂ ਹੋ ਚੁੱਕਾ ਸੀ। ਉਧਰ ਅਦੀਨਾ ਬੇਗ਼ ਨੇ ਵੀ ਉਸ ਦੀ ਮਦਦ ਲਈ ਸ. ਜੱਸਾ ਸਿੰਘ ਨੂੰ ਫ਼ੌਜ ਦੀ ਇਕ ਟੁਕੜੀ ਦੇ ਕੇ ਅੰਮ੍ਰਿਤਸਰ ਭੇਜ ਦਿਤਾ। 'ਰਾਮ ਰੌਣੀ' ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਗਿਆ। ਕੁੱਝ ਦਿਨਾਂ ਬਾਅਦ ਘੇਰੇ ਕਾਰਨ ਕਿਲ੍ਹੇ ਅੰਦਰ ਰਸਦ ਪਾਣੀ ਦੀ ਥੁੜ ਹੋ ਗਈ। ਭੁੱਖ ਨਾਲ ਸਿੱਖ ਖ਼ਤਮ ਹੋਣੇ ਸ਼ੁਰੂ ਹੋ ਗਏ। ਇਹ ਵੇਖ ਜੱਸਾ ਸਿੰਘ ਤੋਂ ਰਿਹਾ ਨਾ ਗਿਆ। ਉਹ ਬਾਗ਼ੀ ਹੋ ਗਿਆ ਅਤੇ ਅਪਣੀ ਫ਼ੌਜੀ ਟੁਕੜੀ ਸਮੇਤ ਕਿਲ੍ਹੇ ਦੇ ਸਿੱਖਾਂ ਨਾਲ ਜਾ ਸੁਲਾਹ ਕੀਤੀ।

ਸਿੱਖਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਮੀਰ ਮੰਨੂ ਘਬਰਾ ਗਿਆ। ਜੱਸਾ ਸਿੰਘ ਨੇ ਦੀਵਾਨ ਕੌੜਾ ਮੱਲ ਨੂੰ ਵੀ ਸੁਨੇਹਾ ਭੇਜ ਦਿਤਾ ਕਿ ਉਹ ਸਿੱਖਾਂ ਦੀ ਮਦਦ ਕਰੇ ਤੇ ਮੀਰ ਮੰਨੂ ਨੂੰ ਘੇਰਾ ਖ਼ਤਮ ਕਰਨ ਲਈ ਮਨਾਵੇ। ਕੌੜਾ ਮੱਲ ਨੇ ਮੀਰ ਮੰਨੂ ਨੂੰ ਸਲਾਹ ਦਿਤੀ ਕਿ ਹੁਣ ਸਿੱਖਾਂ ਨਾਲ ਸੁਲਾਹ ਕਰਨ ਵਿਚ ਹੀ ਭਲਾ ਹੈ ਕਿਉਂਕਿ ਦੂਜੇ ਪਾਸਿਉਂ ਅਹਿਮਦ ਸ਼ਾਹ ਅਬਦਾਲੀ ਦੂਜੀ ਵਾਰ ਹਮਲਾ ਕਰਨ ਲਈ ਚੜਿ?ਹਆ ਆ ਰਿਹਾ ਹੈ। ਮੀਰ ਮੰਨੂ ਹਾਲਾਤ ਭਾਂਪਦਿਆਂ ਮੰਨ ਗਿਆ ਅਤੇ ਘੇਰਾਬੰਦੀ ਚੁੱਕ ਲਈ। ਜੱਸਾ ਸਿੰਘ ਦੀ ਜਿੱਤ ਹੋ ਗਈ ਤੇ ਉਸ ਨੂੰ ਕਿਲ੍ਹੇ ਦਾ ਮੁਖੀ ਥਾਪ ਦਿਤਾ। ਕਿਲ੍ਹੇ ਦਾ ਨਾਂ ਵੀ ਬਦਲ ਕੇ 'ਰਾਮਗੜ੍ਹ' ਰੱਖ ਦਿਤਾ। ਜੱਸਾ ਸਿੰਘ ਹੁਣ ਸ. ਜੱਸਾ ਸਿੰਘ 'ਰਾਮਗੜ੍ਹੀਆ' ਬਣ ਗਿਆ। ਇਹ ਖ਼ਿਤਾਬ ਉਨ੍ਹਾਂ ਨੂੰ ਬਹਾਦੁਰੀ, ਮਿਹਨਤ ਤੇ ਦੂਰ ਅੰਦੇਸ਼ੀ ਸੋਚ ਕਾਰਨ ਦਿਤਾ ਗਿਆ, ਜੋ ਬੜੇ ਫ਼ਖ਼ਰ ਵਾਲੀ ਗੱਲ ਸੀ। ਅੱਜ ਵੀ ਸਾਰੇ ਲੁਹਾਰੇ ਤਰਖਾਣੇ ਦਾ ਕੰਮ ਕਰਨ ਵਾਲੇ ਕਿਰਤੀ ਅਪਣੇ ਆਪ ਨੂੰ 'ਰਾਮਗੜ੍ਹੀਆ' ਅਖਵਾ ਕੇ ਬੜਾ ਮਾਣ ਮਹਿਸੂਸ ਕਰਦੇ ਹਨ।

ਸ. ਜੱਸਾ ਸਿੰਘ ਰਾਮਗੜ੍ਹੀਆ ਹੁਣ ਹੋਰ ਵੀ ਵੱਡੇ ਕਾਰਨਾਮੇ ਕਰਨ ਲਈ ਤਿਆਰ ਬਰ ਤਿਆਰ ਹੋ ਗਿਆ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਵੱਡੀ ਲੜਾਈ ਲੜੀ। ਇਸ ਵਿਚ ਹਿੰਦੂ ਰਾਜੇ ਜਸਪਤ ਰਾਏ ਦਾ ਭਰਾ ਲਖਪਤ ਰਾਏ ਵੀ ਅਬਦਾਲੀ ਨਾਲ ਰਲ ਗਿਆ ਸੀ। ਇਸ ਯੁੱਧ ਵਿਚ ਜਾਨੀ ਤੇ ਮਾਲੀ ਬਹੁਤ ਨੁਕਸਾਨ ਹੋਇਆ। ਲਗਭਗ 30 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਕੁੱਝ ਜੰਗਲਾਂ ਨੂੰ ਚਲੇ ਗਏ। ਲਖਪਤ ਰਾਏ ਦਾ ਕਹਿਣਾ ਸੀ ਕਿ ਇਕ ਖਤਰੀ ਨੇ ਸਿੱਖਾਂ ਨੂੰ ਸਾਜਿਆ ਸੀ ਤੇ ਹੁਣ ਇਕ ਖ਼ਤਰੀ (ਖ਼ੁਦ) ਹੀ ਇਨ੍ਹਾਂ ਨੂੰ ਖ਼ਤਮ ਕਰੇਗਾ। ਉਸ ਨੇ ਜੰਗਲਾਂ ਨੂੰ ਅੱਗ ਲੁਆ ਦਿਤੀ ਜਿਸ ਨਾਲ ਕਿੰਨੇ ਹੀ ਸਿੱਖ ਨੌਜੁਆਨ, ਬਜ਼ੁਰਗ, ਔਰਤਾਂ ਤੇ ਬੱਚੇ ਸੜ ਗਏ। ਇਸ ਨੂੰ ਇਤਿਹਾਸ ਵਿਚ ਵੱਡੇ ਘਲੂਘਾਰੇ ਦਾ ਨਾਂ ਦਿਤਾ ਜਾਂਦਾ ਹੈ। ਇਸ ਵਿਚ ਹਰ ਸਿੱਖ ਸਰਦਾਰ ਜ਼ਖ਼ਮੀ ਹੋਇਆ ਸੀ। ਜੱਸਾ ਸਿੰਘ ਰਾਮਗੜ੍ਹੀਆ ਨੂੰ 14, ਜੱਸਾ ਸਿੰਘ ਅਹਲੂਵਾਲੀਆ ਨੂੰ 22, ਚੜ੍ਹਤ ਸਿੰਘ ਸ਼ੁਕਰਚੱਕੀਆ ਨੂੰ 16 ਜ਼ਖ਼ਮਾਂ ਦੇ ਨਿਸ਼ਾਨ ਸਨ।

1759 ਵਿਚ ਅਬਦਾਲੀ ਨੇ ਪਾਣੀਪੱਤ ਵਿਚ ਮਰਾਠਿਆਂ ਨੂੰ ਹਰਾ ਕੇ ਦਿੱਲੀ ਵਿਚ ਬਹੁਤ ਬੁਰੀ ਤਰ੍ਹਾਂ ਲੁੱਟ ਮਚਾਈ। ਲੁੱਟ ਦੇ ਮਾਲ ਨਾਲ ਉਹ ਦੋ ਹਜ਼ਾਰ ਹਿੰਦੂ ਲੜਕੀਆਂ ਵੀ ਨਾਲ ਲੈ ਕੇ ਕਾਬਲ ਵਲ ਚੱਲ ਪਿਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਨੂੰ ਜਾ ਘੇਰਿਆ। ਉਸ ਨੇ ਲੁੱਟ ਦਾ ਮਾਲ ਖੋਹ ਲਿਆ ਅਤੇ

# ਜਦੋਂ ਖਾਲਸੇ ਨੇ ਦਿੱਲੀ ਦੇ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ

ਹਿੰਦੁਸਤਾਨ ਦੀ ਸਰਜ਼ਮੀਨ 'ਤੇ ਮੁਗਲ ਸਾਮਰਾਜ ਦੌਰਾਨ ਸੰਨ 1783 ਨੂੰ ਸਿੱਖਾਂ ਵੱਲੋਂ ਤਿੰਨ ਬਹਾਦਰ ਜਰਨੈਲਾਂ ਦੀ ਅਗਵਾਈ ਹੇਠ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਸਿੱਖਾਂ ਉੱਪਰ ਜ਼ੁਲਮ ਢਾਹੁਣ ਵਾਲੇ ਹਾਕਮਾਂ ਨੂੰ ਵੰਗਾਰਨਾ ਵੀ ਇਕ ਵੱਡੀ ਇਤਿਹਾਸਕ ਘਟਨਾ ਹੈ, ਜੋ ਲੰਮਾ ਸਮਾਂ ਅਣਗੌਲਿਆ ਹੀ ਰਹੀ।



ਜੇਕਰ ਇਤਿਹਾਸ ਨੂੰ ਫਰੋਲੀਏ ਤਾਂ ਸਿੱਖ ਕੌਮ ਦੇ ਬਹਾਦਰ ਜਰਨੈਲ ਜਥੇਦਾਰ ਬਘੇਲ ਸਿੰਘ ਦੁਆਰਾ ਪਾਈਆਂ ਅਜਿਹੀਆਂ ਨਿਵੇਕਲੀਆਂ ਪੈੜਾਂ ਸਬੰਧੀ ਜਾਣਕਾਰੀ ਮਿਲਦੀ ਹੈ। ਸੰਨ 1730 ਨੂੰ ਬਘੇਲ ਸਿੰਘ ਦਾ ਜਨਮ ਇਤਿਹਾਸਕ ਕਸਬੇ ਝਬਾਲ (ਅੰਮ੍ਰਿਤਸਰ) ਵਿਚ ਹੋਇਆ। ਪਰ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਬਘੇਲ ਸਿੰਘ ਧਾਲੀਵਾਲ ਦਾ ਅਸਲ ਪਿੰਡ ਮੋਗਾ ਜ਼ਿਲ੍ਹੇ ਵਿਚ ਰਾਊਕੇ ਕਲਾਂ ਹੈ।

ਨਵਾਬ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਬਘੇਲ ਸਿੰਘ ਦੀ ਅਗਵਾਈ ਵਾਲੀਆਂ ਸੰਗਠਿਤ ਫੌਜਾਂ ਨੇ 20 ਫਰਵਰੀ 1764 ਨੂੰ ਸਹਾਰਨਪੁਰ, ਮੁਜ਼ੱਫਰਨਗਰ ਅਤੇ ਮੇਰਠ ਜਿੱਤ ਕੇ ਨਜੀਬਾਵਾਦ, ਮੁਰਾਦਾਬਾਦ ਅਤੇ ਅਨੂਪ ਸ਼ਹਿਰ 'ਤੇ ਜਿੱਤ ਹਾਸਲ ਕੀਤੀ। 22 ਅਪ੍ਰੈਲ 1775 ਨੂੰ ਜਮਨਾ ਨਦੀ ਪਾਰ ਕਰਕੇ 15 ਜੁਲਾਈ 1775 ਨੂੰ ਦਿੱਲੀ ਦੇ ਹੀ ਪਹਾੜਗੰਜ ਅਤੇ ਜੈ ਸਿੰਘਪੁਰਾ ਨੂੰ ਜਿੱਤਿਆ।

ਇਸ ਤੋਂ ਬਾਅਦ 50,000 ਦੀ ਗਿਣਤੀ ਵਾਲੇ ਦਲ ਖਾਲਸਾ ਨੇ ਦਿੱਲੀ ਵੱਲ ਕੂਚ ਕੀਤਾ। ਫਰਵਰੀ 1783 ਨੂੰ ਗਾਜ਼ੀਆਬਾਦ, ਸ਼ਿਕੋਹਾਬਾਦ, ਅਲੀਗੜ੍ਹ ਅਤੇ ਬੁਲੰਦ ਸ਼ਹਿਰ ਨੂੰ ਆਪਣੇ ਕਬਜ਼ੇ 'ਚ ਕੀਤਾ। ਦਿੱਲੀ ਵਿਚ ਦਾਖਲੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਜਥੇਦਾਰ ਬਘੇਲ ਸਿੰਘ ਨੇ ਆਪਣੀ 50,000 ਦੇ ਕਰੀਬ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਬਘੇਲ ਸਿੰਘ ਨੇ ਆਪਣੀ 30,000 ਫੌਜ ਨੂੰ ਤੀਸ ਹਜ਼ਾਰੀ ਵਾਲੇ ਸਥਾਨ 'ਤੇ ਰੱਖਿਆ। 8 ਮਾਰਚ 1783 ਨੂੰ ਮਲਕਾ ਗੰਜ, ਸਬਜ਼ੀ ਮੰਡੀ, ਮੁਗਲਪੁਰਾ ਅਤੇ ਅਜਮੇਰੀ ਦਰਵਾਜ਼ੇ ਅਤੇ ਹੌਜ ਕਾਜੀ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰਕੇ ਸਿੱਖ ਫੌਜਾਂ ਅੱਗੇ ਵਧਣ ਲੱਗੀਆਂ।

ਉਧਰ ਮੁਗਲ ਹਾਕਮ ਦੁਆਰਾ ਮੇਰਠ ਤੋਂ ਬੇਗਮ ਸਮਰੂ ਨੂੰ ਮਦਦ ਲਈ ਬੁਲਾਇਆ। ਇਸ ਦੌਰਾਨ ਸਿੰਘਾਂ ਦਾ ਦਿੱਲੀ ਦੇ ਵੱਖ-ਵੱਖ ਖੇਤਰਾਂ 'ਤੇ ਜਿੱਤਾਂ ਹਾਸਲ ਕਰਨ ਦਾ ਸਿਲਸਿਲਾ ਜਾਰੀ ਰਿਹਾ। ਦੂਜੇ ਪਾਸਿਓਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ 10 ਹਜ਼ਾਰ ਸੈਨਿਕਾਂ ਨਾਲ ਹਿਸਾਰ ਵਾਲੇ ਪਾਸਿਓਂ ਦਿੱਲੀ ਪੁੱਜਾ। 11 ਮਾਰਚ, 1783 ਨੂੰ ਸਮੁੱਚੇ ਸ਼ਹਿਰ ਉੱਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਿੱਖ ਕੌਮ ਦੇ ਤਿੰਨੇ ਪ੍ਰਸਿੱਧ ਜਰਨੈਲਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ਉਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਦੁਨੀਆ ਦੇ ਇਤਿਹਾਸ ਵਿਚ ਇਕ ਹੋਰ ਸੁਨਹਿਰੀ ਪੰਨਾ ਜੋੜ ਦਿੱਤਾ।

ਕਰੀਬ 9-10 ਮਹੀਨੇ ਵਿਚ ਹੀ ਸਿੱਖ ਫੌਜਾਂ ਵੱਲੋਂ ਦਿੱਲੀ ਵਿਚ 7 ਇਤਿਹਾਸਕ ਗੁਰਦੁਆਰਿਆਂ ਦਾ ਨਿਰਮਾਣ ਕਰਨ ਤੋਂ ਬਾਅਦ ਦਸੰਬਰ, 1783 ਵਿਚ ਹੀ ਜਥੇਦਾਰ ਬਘੇਲ ਸਿੰਘ ਤੇ ਹੋਰ ਸਿੱਖ ਜਰਨੈਲਾਂ ਨੇ ਦਿੱਲੀ ਨੂੰ ਛੱਡ ਦਿੱਤਾ। ਜਥੇਦਾਰ ਬਘੇਲ ਸਿੰਘ ਧਾਲੀਵਾਲ ਸੰਨ 1802 ਨੂੰ ਹਰਿਆਣਾ (ਹੁਸ਼ਿਆਰਪੁਰ) ਵਿਖੇ ਚਲਾਣਾ ਕਰ ਗਏ।

ਲੜਕੀਆਂ ਨੂੰ ਛੁਡਵਾ ਕੇ ਉਨ੍ਹਾਂ ਦੇ ਘਰੋਂ ਘਰੀਂ ਪਹੁੰਚਾਇਆ। ਇਸੇ ਤਰ੍ਹਾਂ 1761 ਵਿਚ ਕਸੂਰ ਦੇ ਐਸ਼ਪ੍ਰਸਤ ਜਮਾਲ ਖ਼ਾਂ ਤੇ ਹੁਸੈਨ ਖਾਂ ਨਵਾਬਾਂ ਨੇ ਜਦੋਂ ਬ੍ਰਾਹਮਣਾਂ ਤੇ ਖਤਰੀਆਂ ਦੀਆਂ ਲੜਕੀਆਂ ਨੂੰ ਉਧਾਲ ਕੇ ਮਹਿਲਾਂ ਵਿਚ ਲੈ ਗਏ ਤਾਂ ਉਨ੍ਹਾਂ ਦੇ ਦੁਖੀ ਮਾਪਿਆਂ ਨੇ ਅਕਾਲ ਤਖ਼ਤ ਤੇ ਚੱਲ ਰਹੇ ਦੀਵਾਨ ਵਿਚ ਜਾ ਫ਼ਰਿਆਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਸੁਣ ਕੇ ਜਾਹੋ-ਜਲਾਲ ਵਿਚ ਆ ਗਏ ਅਤੇ ਉਨ੍ਹਾਂ ਤੁਰਤ ਕਸੂਰ ਨੂੰ ਜਾ ਘੇਰਿਆ। ਲੜਕੀਆਂ ਨੂੰ ਛੁਡਵਾ ਕੇ ਘਰੋਂ ਘਰੀ ਪਹੁੰਚਾਇਆ ਤੇ ਕਸੂਰ ਉਤੇ ਕਬਜ਼ਾ ਕਰ ਲਿਆ ਜੋ ਪਠਾਣਾਂ ਦਾ ਸੱਭ ਤੋਂ ਵੱਡਾ ਥੰਮ੍ਹ ਸੀ।

1762 ਵਿਚ ਮੁਗ਼ਲ ਫ਼ੌਜਾਂ ਨੇ ਦਰਬਾਰ ਸਾਹਿਬ ਉਤੇ ਹਮਲਾ ਕਰ ਕੇ ਉਸ ਨੂੰ ਬਾਰੂਦ ਨਾਲ ਉਡਾ ਦਿਤਾ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ। ਇਹ ਸਿੱਖਾਂ ਨੂੰ ਸਿੱਧੀ ਵੰਗਾਰ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਬਦਲਾ ਲੈਣ ਲਈ 60 ਹਜ਼ਾਰ ਸਿੱਖ ਇਕੱਤਰ ਕਰ ਲਏ ਤਾਂ ਅਬਦਾਲੀ ਨੂੰ ਇਸ ਦਾ ਪਤਾ ਚੱਲ ਗਿਆ। ਉਸ ਨੇ ਤੁਰਤ ਹਮਲਾ ਕਰ ਦਿੱਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਦੀ ਤਾਕਤ ਅੱਗੇ ਉਸ ਨੂੰ ਮੂੰਹ ਦੀ ਖਾਣੀ ਪਈ। ਅਬਦਾਲੀ ਲਾਹੌਰ ਛੱਡ ਕੇ ਕਾਬਲ ਚਲਾ ਗਿਆ। ਸਿੱਖਾਂ ਨੇ ਪਿੱਛੋਂ ਮਾਲਵੇ ਤੇ ਦੁਆਬੇ ਸਮੇਤ ਸਰਹੰਦ ਤੇ ਵੀ ਕਬਜ਼ਾ ਕਰ ਲਿਆ। ਅਬਦਾਲੀ ਨੇ ਫਿਰ ਗੁੱਸਾ ਖਾ ਕੇ 1764 ਵਿਚ ਸਿੱਖਾਂ ਨੂੰ ਖ਼ਤਮ ਕਰਨ ਲਈ ਹਮਲਾ ਕਰ ਦਿਤਾ। ਸਿੱਖ ਅਪਣੇ ਪੈਂਤੜੇ ਅਨੁਸਾਰ ਜੰਗਲਾਂ ਵਿਚ ਜਾ ਛਿਪੇ ਤੇ ਗੁਰੀਲਾ ਯੁੱਧ ਕਰਦੇ ਰਹੇ। ਅਬਦਾਲੀ ਦੇ ਵਾਪਸ ਮੁੜ ਜਾਣ ਤੇ ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਹੁਣ ਸਤਲੁਜ ਤੋਂ ਅਟਕ ਤਕ ਸਿੱਖਾਂ ਦਾ ਕਬਜ਼ਾ ਹੋ ਗਿਆ।

ਅਬਦਾਲੀ ਨੂੰ ਇਸ ਦੀ ਖ਼ਬਰ ਲੱਗੀ ਤਾਂ ਉਸ ਨੇ 1767 ਵਿਚ ਫਿਰ ਪੰਜਾਬ ਤੇ ਹਮਲਾ ਬੋਲ ਦਿਤਾ ਪਰ ਜੱਸਾ ਸਿੰਘ ਰਾਮਗੜ੍ਹੀਆ ਤੇ ਜੱਸਾ ਸਿੰਘ ਆਹਲੂਵਾਲੀਆ ਨੇ ਪਾਰ ਕਰਦਿਆਂ ਹੀ ਉਸ ਨੂੰ ਘੇਰ ਲਿਆ ਅਤੇ ਅਬਦਾਲੀ ਫਿਰ ਭੱਜ ਗਿਆ। ਇਸ ਜੰਗ ਵਿਚ ਜੱਸਾ ਸਿੰਘ ਆਹਲੂਵਾਲੀਆ ਸਖ਼ਤ ਜ਼ਖ਼ਮੀ ਹੋ ਗਏ ਸਨ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸਿੱਖ ਸੰਘਰਸ਼ ਦੀ ਪੂਰੀ ਤਰ੍ਹਾਂ ਕਮਾਨ ਸੰਭਾਲ ਲਈ ਸੀ। ਉਸ ਦੀ ਚੜ੍ਹਤ ਵੇਖ ਕੇ ਗੁਆਂਢੀ ਰਾਜੇ ਤੇ ਕੁੱਝ ਮਿਸਲਾਂ ਦੇ ਸਰਦਾਰ ਅੰਦਰੋਂ ਅੰਦਰੀ ਈਰਖਾ ਖਾਣ ਲੱਗ ਪਏ ਸਨ ਪਰ ਜੱਸਾ ਸਿੰਘ ਕਾਮਯਾਬੀ ਦੀਆਂ ਪੌੜੀਆਂ ਲਗਾਤਾਰ ਚੜ੍ਹਦਾ ਜਾ ਰਿਹਾ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ 11 ਮਾਰਚ 1783 ਨੂੰ ਜੱਸਾ ਸਿੰਘ ਆਹਲੂਵਾਲੀਆ ਤੇ ਬਘੇਲ ਸਿੰਘ ਸਮੇਤ ਦਿੱਲੀ ਤੇ ਧਾਵਾ ਬੋਲ ਦਿਤਾ ਅਤੇ ਲਾਲ ਕਿਲ੍ਹੇ ਤੇ ਖ਼ਾਲਸਾਈ ਝੰਡਾ ਝੁਲਾ ਦਿਤਾ। ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਤਖ਼ਤ ਤੇ ਬਿਠਾਇਆ ਗਿਆ ਤਾਂ ਇਸ ਨਾਲ ਸਿੱਖਾਂ ਵਿਚ ਰੋਸ ਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੋਈ ਮਨੁੱਖੀ ਸਰੀਰ ਤਖ਼ਤ ਕਿਵੇਂ ਬੈਠ ਗਿਆ?

ਇਸ ਵੇਲੇ ਜੱਸਾ ਸਿੰਘ ਰਾਮਗੜ੍ਹੀਆ ਕੋਲ 15 ਹਜ਼ਾਰ ਅਪਣੀ ਫ਼ੌਜ ਹੋ ਗਈ ਸੀ। ਬਘੇਲ ਸਿੰਘ ਨੇ ਕਿਸੇ ਵੇਲੇ ਮੇਰਠ ਦੀ ਸਮਰੂ ਬੇਗਮ ਨੂੰ ਬਚਾਇਆ ਸੀ ਜਿਸ ਕਰ ਕੇ ਉਸ ਨਾਲ ਗੂੜ੍ਹੇ ਆਪਸੀ ਸਬੰਧ ਸਨ। ਸਮਰੂ ਬੇਗਮ ਦੇ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ (ਦੂਜੇ) ਨਾਲ ਵੀ ਚੰਗੇ ਸਬੰਧ ਸਨ। ਇਸ ਲਈ ਉਸ ਨੇ ਇਸ ਭਾਵਨਾ ਨਾਲ ਕਿ ਕਿਸੇ ਦਾ ਨੁਕਸਾਨ ਨਾ ਹੋਵੇ ਦਿੱਲੀ ਆ ਕੇ ਤਿੰਨਾਂ ਹੀ ਸਰਦਾਰਾਂ ਦੀ ਬਾਦਸ਼ਾਹ ਨਾਲ ਸੰਧੀ ਕਰਵਾ ਦਿਤੀ। ਸੰਧੀ ਮੁਤਾਬਕ ਬਘੇਲ ਸਿੰਘ ਨੇ ਦਿੱਲੀ ਦੀ ਅਮਨ ਕਾਨੂੰਨ ਦੀ ਜ਼ਿੰਮੇਵਾਰੀ ਸੰਭਾਲੀ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਦਿੱਲੀ ਵਿਚ 7 ਗੁਰਦਵਾਰਿਆਂ ਦੀ ਉਸਾਰੀ ਕਰਵਾਈ ਜਿਨ੍ਹਾਂ ਵਿਚ ਸੀਸ ਗੰਜ, ਰਕਾਬ ਗੰਜ ਤੇ ਬੰਗਲਾ ਸਾਹਿਬ ਦੇ ਗੁਰਦਵਾਰੇ ਸ਼ਾਮਲ ਸਨ। ਜੱਸਾ ਸਿੰਘ ਰਾਮਗੜ੍ਹੀਆ ਅੱਠ ਮਹੀਨੇ ਦਿੱਲੀ ਰਹੇ। ਫਿਰ ਪਤਾ ਚਲਿਆ ਕਿ ਜੱਸਾ ਸਿੰਘ ਆਹਲੂਵਾਲੀਆ ਦੀ ਤਬੀਅਤ ਖ਼ਰਾਬ ਹੈ ਤਾਂ ਉਹ ਵਾਪਸ ਪਰਤ ਗਏ। ਹਾਲੇ ਪਟਿਆਲੇ ਹੀ ਪਹੁੰਚੇ ਸਨ ਕਿ ਪਤਾ ਚਲਿਆ ਕਿ ਉਹ ਚੱਲ ਵਸੇ ਹਨ।

ਇਸ ਦਾ ਉਨ੍ਹਾਂ ਨੂੰ ਡੂੰਘਾ ਸਦਮਾ ਪੁੱਜਾ। ਦਿੱਲੀ ਤੋਂ ਵਾਪਸ ਆਉਂਦਿਆਂ ਜੱਸਾ ਸਿੰਘ ਰਾਮਗੜ੍ਹੀਆ ਨੇ ਔਰੰਗਜ਼ੇਬ ਦੇ ਤਖ਼ਤ ਨੂੰ ਪੁੱਟ ਕੇ ਹਾਥੀ ਤੇ ਲੱਦ ਕੇ ਅੰਮ੍ਰਿਤਸਰ ਲੈ ਆਂਦਾ ਸੀ। ਉਸ ਨੂੰ ਹੁਣ ਰਾਮਗੜ੍ਹੀਆ ਬੁੰਗੇ ਦੇ ਤੌਰ ਉਤੇ ਜਾਣਿਆ ਜਾਂਦਾ ਹੈ। ਪਟਿਆਲੇ ਦੇ ਰਾਜਾ ਅਮਰ ਸਿੰਘ ਉਤੇ ਪਟੌਦੀ ਦੇ ਨਵਾਬ ਨੇ ਹਮਲਾ ਬੋਲਿਆ ਤਾਂ ਜੱਸਾ ਸਿੰਘ ਰਾਮਗੜ੍ਹੀਏ ਨੇ ਰਾਜਾ ਅਮਰ ਸਿੰਘ ਦੀ ਮਦਦ ਕਰ ਕੇ ਪਟੌਦੀ ਨੂੰ ਹਰਾਇਆ। ਅਮਰ ਸਿੰਘ ਨੇ ਕਿਸੇ ਵੇਲੇ ਜੱਸਾ ਸਿੰਘ ਰਾਮਗੜ੍ਹੀਏ ਦੀ ਮਦਦ ਵੀ ਕੀਤੀ ਸੀ ਅਤੇ ਉਸ ਨੂੰ ਨਜ਼ਰਾਨੇ ਦੇ ਤੌਰ ਉਤੇ ਹਾਂਸੀ ਤੇ ਹਿਸਾਰ ਦੇ ਇਲਾਕੇ ਵੀ ਦੇ ਦਿਤੇ ਸਨ। ਜੱਸਾ ਸਿੰਘ ਦਾ ਇਕੋ ਹੀ ਪੁੱਤਰ ਜੋਧ ਸਿੰਘ ਰਾਮਗੜ੍ਹੀਆ ਸੀ, ਜੋ ਇਸ ਵੇਲੇ ਜਵਾਨ ਹੋ ਚੁੱਕਾ ਸੀ ਅਤੇ ਰਾਜਸੀ ਗਤੀਵਿਧੀਆਂ ਵਿਚ ਵੀ ਹਿੱਸਾ ਲੈਂਦਾ ਸੀ। ਜੱਸਾ ਸਿੰਘ ਨੇ ਇਹ ਇਲਾਕੇ ਅਪਣੇ ਪੁੱਤਰ ਨੂੰ ਸੌਂਪ ਦਿਤੇ ਜਿਨ੍ਹਾਂ ਦਾ ਰਾਜ ਪ੍ਰਬੰਧ ਉਹ ਵਧੀਆ ਢੰਗ ਨਾਲ ਚਲਾਉਂਦਾ ਰਿਹਾ ਅਤੇ ਬਾਅਦ ਵਿਚ ਉਹ ਇਲਾਕੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੌਂਪ ਦਿਤੇ ਸਨ। ਜੱਸਾ ਸਿੰਘ ਇਕ ਬਹਾਦਰ ਤੇ ਨਿਡਰ ਯੋਧੇ ਦੇ ਨਾਲ ਨਾਲ ਇਕ ਨਰਮ ਦਿਲ ਇਨਸਾਨ ਵੀ ਸੀ ਜੋ ਲੋੜਵੰਦਾਂ ਦੀ ਮਦਦ ਕਰ ਕੇ ਖ਼ੁਸ਼ ਹੁੰਦਾ ਸੀ। ਇਕ ਸਮੇਂ ਹਿਸਾਰ ਦੇ ਹਾਕਮ ਨੇ ਇਕ ਗ਼ਰੀਬ ਬ੍ਰਾਹਮਣ ਦੀ ਲੜਕੀ ਉਧਾਲ ਲਈ। ਲੜਕੀ ਦਾ ਬਾਪ ਰੋਂਦਾ ਹੋਇਆ, ਜੱਸਾ ਸਿੰਘ ਕੋਲ ਫ਼ਰਿਆਦ ਲੈ ਕੇ ਆਇਆ ਤਾਂ ਉਸ ਕੋਲੋਂ ਪਿਉ ਦਾ ਦੁਖ ਸਹਿਨ ਨਾ ਹੋਇਆ। ਉਹ ਤੁਰਤ ਉਠਿਆ ਤੇ ਲੜਕੀ ਨੂੰ ਆਜ਼ਾਦ ਕਰਵਾ ਲਿਆਇਆ ਤੇ 5 ਹਜ਼ਾਰ ਰੁਪਏ ਸ਼ਗਨ ਦੇ ਕੇ ਉਸ ਦੇ ਘਰ ਤੋਰਿਆ। ਆਖਣ ਲੱਗੇ ਕਿ ਧੀਆਂ ਨੂੰ ਖ਼ਾਲੀ ਹੱਥ ਨਹੀਂ ਤੋਰੀਦਾ।

ਸ. ਜੱਸਾ ਸਿੰਘ ਰਾਮਗੜ੍ਹੀਆ ਦੀ 1776 ਤਕ ਪੂਰੀ ਚੜ੍ਹਤ ਹੋ ਗਈ ਸੀ ਤੇ ਉਨ੍ਹਾਂ ਦਾ ਇਕਬਾਲ ਸਿਖ਼ਰਾਂ ਤੇ ਸੀ। ਉਨ੍ਹਾਂ ਨੇ ਅਪਣੇ ਰਾਜ ਦੀਆਂ ਸਰਹੱਦਾਂ ਦੂਰ ਤਕ ਵਧਾ ਲਈਆਂ ਸਨ। ਕਨ੍ਹਈਆ ਸਰਦਾਰਾਂ ਨੂੰ ਜਿੱਤ ਕੇ ਉਨ੍ਹਾਂ ਨੇ ਬਟਾਲਾ, ਹਰਗੋਬਿੰਦਪੁਰ, ਕਲਾਨੌਰ, ਮੱਤੇਵਾਲ ਤੇ ਦਾਦੂਵਾਲ ਉਤੇ ਕਬਜ਼ਾ ਕਰ ਲਿਆ ਸੀ। ਹਰਗੋਬਿੰਦਪੁਰ ਨੂੰ ਅਪਣੀ ਰਾਜਧਾਨੀ ਬਣਾ ਕੇ ਦੂਜੇ ਪਾਸੇ ਨਿਕਲ ਗਏ ਤੇ ਅੰਮ੍ਰਿਤਸਰ, ਗੁਰਦਾਸਪੁਰ, ਮਹਿਤਾ, ਵੇਰਕਾ, ਦੀਨਾਨਗਰ, ਘੁਮਾਣ, ਸ਼ਾਹਪੁਰ ਕੰਢੀ, ਕਾਦੀਆਂ, ਟਾਂਡਾ ਉੜਮੁੜ, ਮਿਆਣੀ, ਸਰੀਹ, ਗੜ੍ਹਦੀਵਾਲਾ, ਜ਼ਹੂਰਾ, ਕਾਂਗੜਾ, ਹੁਸ਼ਿਆਰਪੁਰ, ਨੂਰਪੁਰ ਤੇ ਚੰਗਾ ਨੂੰ ਨਾਲ ਮਿਲਾ ਲਿਆ। ਫਿਰ ਮੇਰਠ, ਹਿਸਾਰ, ਮੁਜ਼ੱਫ਼ਰਗੜ੍ਹ, ਦਿੱਲੀ ਅਤੇ ਯਮੁਨਾ ਤਕ ਦਾ ਇਲਾਕਾ ਨਾਲ ਮਿਲਾ ਕੇ ਵਿਸ਼ਾਲ ਰਾਜ ਦਾ ਮਹਾਰਾਜਾ ਅਖਵਾਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹੀ ਸੀ। ਉਹ ਗ਼ਰੀਬਾਂ ਦਾ ਮਸੀਹਾ ਵੀ ਬਣਿਆ ਤੇ ਸਿੱਖਾਂ ਦਾ ਸੱਚਾ ਪੈਰੋਕਾਰ ਬਣ ਕੇ ਉਸ ਦੀ ਰਖਿਆ ਵੀ ਕੀਤੀ। ਕਿੰਨੇ ਹੀ ਗੁਰਦਵਾਰੇ ਅਤੇ ਕਿਲ੍ਹੇ ਉਸਾਰੇ। ਉਸ ਨੇ ਜੋ ਰਾਮਗੜ੍ਹੀਆ ਬੁੰਗਾ ਬਣਵਾਇਆ, ਉਹ ਤਖ਼ਤ ਸ੍ਰੀ ਗੁਰੂ ਰਾਮਦਾਸ ਤੋਂ 14 ਫ਼ੁਟ ਹੇਠ ਬਣਵਾਇਆ ਸੀ। ਇਹ ਉਨ੍ਹਾਂ ਦੀ ਸਿੱਖੀ ਪ੍ਰਤੀ ਸ਼ਰਧਾ ਤੇ ਨਿਮਰਤਾ ਦੀ ਲਖਾਇਕ ਹੈ। ਸਿੱਖੀ ਕਾਰਜ ਲਈ ਉਹ ਉਮਰ ਭਰ ਇਕ ਦਿਨ ਵੀ ਚੈਨ ਨਾਲ ਨਹੀਂ ਬੈਠੇ ਅਤੇ ਇੰਜ ਦਿਨ ਰਾਤ ਸੰਘਰਸ਼ ਵਿਚ ਰਹਿੰਦਿਆਂ ਉਹ 80 ਸਾਲ ਦੀ ਉਮਰ ਵਿਚ 1803 ਵਿਚ ਚੱਲ ਵਸੇ।

# ਸਿੱਖ ਕੌਮ ਦੇ ਮਹਾਨ ਜਰਨੈਲ 'ਜੱਸਾ ਸਿੰਘ ਰਾਮਗੜ੍ਹੀਆ'

**ਡਾਕਟਰ ਭੁਪਿੰਦਰ ਸਿੰਘ**



ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦਾ ਉਹ ਜਰਨੈਲ ਹੈ, ਜਿਸਨੇ ਸਿੱਖਾਂ ਦੀ ਖਿਲਰੀ ਤਾਕਤ ਨੂੰ ਇਕ ਮੁੱਠ ਕਰਕੇ ਸਿੱਖ ਕੌਮ ਵਿਚ ਜੋਸ਼ ਭਰ ਕੇ ਪੰਜਾਬ ਤੇ ਦਿੱਲੀ ਦੀ ਧਰਤੀ 'ਤੇ ਖਾਲਸਾਈ ਝੰਡੇ ਝੁਲਾ ਕੇ ਆਪਣੀ ਸਿੱਖ ਰਾਜ ਦੀ ਨੀਂਹ ਸਥਾਪਤ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਸਿੱਖਾਂ ਨੇ ਜ਼ਾਲਮਾਂ ਨੂੰ ਦਿਨ ਵਿਚ ਤਾਰੇ ਦਿਖਾ ਦਿੱਤੇ। ਪੰਜਾਬ 'ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲ੍ਹੇ ਦੇ ( ਈਚੋਗਿਲ ) ਪਿੰਡ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬੰਦਾ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ।

ਆਪ ਦੇ ਪਿਤਾ ਸ: ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਸੰਤ ਸੁਭਾਅ ਵਾਲੇ ਵਿਅਕਤੀ ਸਨ ਅਤੇ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਇਸ ਕਰਕੇ ਉਨ੍ਹਾਂ ਨੂੰ ਗਿਆਨੀ ਭਗਵਾਨ ਸਿੰਘ ਆਖਿਆ ਜਾਂਦਾ ਸੀ। ਆਪ 5 ਭਰਾ ਸਨ ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ।

ਭਾਈ ਕਾਨ੍ਹ ਸਿੰਘ ਅਨੁਸਾਰ ਆਪਣੀ ਕੁੜੀ ਨੂੰ ਮਾਰਨ ਦੇ ਦੋਸ਼ ਵਿਚ ਇਸ ਨੂੰ ਪੰਥ ਤੋਂ ਛੇਕਿਆ ਗਿਆ। ਸੰਨ 1745 ਈ. ਵਿਚ ਇਸ ਦੇ ਜਲੰਧਰ-ਦੁਆਬ ਦੇ ਫ਼ੌਜਦਾਰ ਅਦੀਨਾ ਬੇਗ ਪਾਸ ਨੌਕਰੀ ਕਰ ਲੈਣ 'ਤੇ ਪੰਥ ਵਿਚ ਇਸ ਪ੍ਰਤਿ ਗੁੱਸੇ ਦੀ ਲਹਿਰ ਦੌੜ ਗਈ। ਅਕਤੂਬਰ 1748 ਈ. ਵਿਚ ਜਦੋਂ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਚ ਸਰਬੱਤ ਖ਼ਾਲਸਾ ਜੁੜਿਆ, ਤਾਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ ਨੂੰ ਖਦੇੜਨ ਲਈ ਅੰਮ੍ਰਿਤਸਰ ਉਤੇ ਹਮਲਾ ਕਰ ਦਿੱਤਾ। ਬਹੁਤੇ ਸਿੱਖ ਨੇੜਲੇ ਜੰਗਲ ਵਲ ਖਿਸਕ ਗਏ ਪਰ ਲਗਭਗ 500 ਸਿੱਖਾਂ ਨੇ ਨਵੀਂ ਬਣੀ ਰਾਮ ਰੌਣੀ ਨਾਂ ਦੀ ਕੱਚੀ ਗੜ੍ਹੀ ਵਿਚ ਸ਼ਰਣ ਲੈ ਲਈ। ਮੁਗ਼ਲ ਸੈਨਾ ਨੇ ਚਾਰ ਮਹੀਨੇ ਘੇਰਾ ਪਾਈ ਰਖਿਆ, ਜਿਸ ਵਿਚ ਲਗਭਗ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਅੰਦਰਲਿਆਂ ਸਿੰਘਾਂ ਨੇ ਸ. ਜੱਸਾ ਸਿੰਘ ਨੂੰ ਮਦਦ ਲਈ ਕਿਹਾ। ਜੱਸਾ ਸਿੰਘ ਨੇ ਅਦੀਨਾ ਬੇਗ ਦੀ ਨੌਕਰੀ ਛਡ ਕੇ ਦੀਵਾਨ ਕੌੜਾ ਮੱਲ ਰਾਹੀਂ ਗੜ੍ਹੀ ਦਾ ਘੇਰਾ ਹਟਵਾਇਆ ਅਤੇ ਪੰਥ ਤੋਂ ਮਾਫ਼ੀ ਮੰਗੀ। ਨਵੰਬਰ, 1753 ਈ. ਵਿਚ ਮੀਰ ਮੰਨੂ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਅਰਾਜਕਤਾ ਪਸਰ ਗਈ। 'ਰਾਮ ਰੌਣੀ' ਗੜ੍ਹੀ ਨੂੰ ਫਿਰ ਤੋਂ ਉਸਾਰਨ ਦਾ ਕੰਮ ਜੱਸਾ ਸਿੰਘ ਨੂੰ ਸੌਂਪਿਆ ਗਿਆ। ਇਸ ਨੇ ਗੜ੍ਹੀ ਦਾ ਨਿਰਮਾਣ ਕਰਾ ਕੇ ਉਸ ਦਾ ਨਾਂ 'ਰਾਮਗੜ੍ਹ' ਰਖਿਆ। ਉਸ ਦਿਨ ਤੋਂ ਇਸ ਨੂੰ 'ਰਾਮਗੜ੍ਹੀਆ' ਕਿਹਾ ਜਾਣ ਲਗਾ ।

ਜੱਸਾ ਸਿੰਘ ਰਾਮਗੜ੍ਹੀਆ ਨੇ ਪਹਿਲੀ ਲੜਾਈ 14 ਸਾਲ ਦੀ ਉਮਰ ਵਿਚ ਆਪਣੇ ਪਿਤਾ ਭਗਵਾਨ ਸਿੰਘ ਨਾਲ ਨਾਦਰ ਸ਼ਾਹ ਦੇ ਨਾਲ ਲੜੀ। ਇਸ ਲੜਾਈ ਵਿਚ 14 ਸਾਲਾ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਯੁੱਧ ਕਲਾ ਦੇ ਉਹ ਜ਼ੌਹਰ ਦਿਖਾਏ, ਜਿਸਨੂੰ ਵੇਖ ਕੇ ਵੱਡੇ-ਵੱਡੇ ਜਰਨੈਲ ਹੈਰਾਨ ਰਹਿ ਗਏ ਪਰ ਇਸ ਲੜਾਈ ਵਿਚ ਉਨ੍ਹਾਂ ਦੇ ਪਿਤਾ ਸ: ਭਗਵਾਨ ਸਿੰਘ ਸ਼ਹੀਦ ਹੋ ਗਏ। ਗਿਆਨੀ ਭਗਵਾਨ ਸਿੰਘ ਦੀ ਕੁਰਬਾਨੀ ਤੇ ਜੱਸਾ ਸਿੰਘ ਦੀ ਬਹਾਦੁਰੀ ਤੋਂ ਖੁਸ਼ ਹੋ ਕੇ ਜਕਰੀਆ ਖਾਨ ਨੇ ਉਨ੍ਹਾਂ ਦੇ ਪੁਤਰ ਜੱਸਾ ਸਿੰਘ ਤੇ ਉਸਦੇ ਭਰਾਵਾਂ ਨੂੰ ਪੰਜ ਪਿੰਡ, ਵੱਲਾ, ਚੱਬਾ, ਤੁੰਗ, ਸੁਲਤਾਨਵਿੰਡ ਤੇ ਵੇਰਕਾ, ਜਗੀਰ ਵਜੋਂ ਦਿੱਤੇ।

ਤਰਨ ਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਰੋਵਰ ਦੀ ਪਰਕਰਮਾ ਨੂੰ ਪੱਕਾ ਕਰਨ ਲਈ ਇੱਟਾਂ ਤਿਆਰ ਕੀਤੀਆਂ ਗਈਆਂ ਸਨ ਪਰ ਇਨ੍ਹਾਂ ਇਟਾਂ ਨੂੰ ਨੂਰਦੀਨ ਦਾ ਪੁੱਤਰ ਅਮੀਰਦੀਨ ਜਬਰਦਸਤੀ ਚੁੱਕ ਕੇ ਲੈ ਗਿਆ ਤੇ ਨੂਰਦੀਨ ਦੀ ਸਰਾਂ ਬਣਵਾਈ। ਉਸ ਵਲੇ ਸਿੱਖਾਂ ਨੇ ਜਦ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਗੁਰਵਾਕ ਕੀਤਾ ਸੀ ਕਿ ਸਮਾਂ ਆਉਣ 'ਤੇ ਇਹ ਇੱਟਾਂ ਮੁੜਕੇ ਇਸ ਸਰੋਵਰ 'ਤੇ ਹੀ ਲਗਣਗੀਆਂ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਨੂਰਦੀਨ ਦੀ ਸਰਾਂ ਢਾਹ ਕੇ ਮੁੜ ਸਰੋਵਰ ਦੀ ਪਰਕਰਮਾਂ ਪੱਕੀ ਕਰਵਾ ਕੇ ਗੁਰਵਾਕ ਨੂੰ ਪੂਰਾ ਕੀਤਾ ਸੀ। ਏਸੇ ਤਰ੍ਹਾਂ ਆਪਨੇ ਗੁਰਦੁਆਰਾ ਸ੍ਰੀ ਬਾਬਾ ਅਟੱਲ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ, ਜਿਸਨੂੰ ਬਾਅਦ ਵਿਚ ਆਪ ਜੀ ਦੇ ਸਪੁੱਤਰ ਬਾਬਾ ਜੋਧ ਸਿੰਘ ਜੀ ਨੇ ਪੂਰਾ ਕੀਤਾ। ਆਪਨੇ ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਸਮੇ ਬਾਕੀ ਸਿੱਖ ਸਰਦਾਰਾਂ ਨਾਲ ਮਿਲਕੇ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਕਈ ਪੁਸ਼ਤਾਂ ਤਕ ਯਾਦ ਕਰਦੇ ਰਹੇ ਤੇ ਮੁੜ ਪੰਜਾਬ ਵੱਲ ਮੂੰਹ ਨਹੀਂ ਕੀਤਾ। ਆਪ ਜੀ ਦੀ ਬਹਾਦਰੀ ਦੇ ਕਿਸੇ ਤਾਂ ਦੁਸ਼ਮਨ ਵੀ ਆਪਣੇ ਇਤਹਾਸ ਵਿਚ ਲਿਖਣਾ ਨਹੀਂ ਭੁੱਲੇ। ਮੁਹਸਿਨ ਫਾਨੀ ਨੇ ਆਪਣੀ ਪੁਸਤਕਜੰਗ ਨਾਮੇ ਵਿਚ ਲਿਖਿਆ ਹੈ, "ਉਹ (ਸ. ਜੱਸਾ ਸਿੰਘ ਕਲਾਲ) ਦੇ ਨਾਲ ਇਕ ਸ. ਜੱਸਾ ਸਿੰਘ ਠੋਕਾ (ਤਰਖਾਣ) ਵੀ ਸੀ ਜੋ ਉਨ੍ਹਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਬਿਫਰੇ ਹੋਏ ਸ਼ੇਰ ਵਾਂਗ ਸੀ।

1783 ਨੂੰ ਸਿੱਖ ਫੌਜਾਂ ਨੇ ਦਿੱਲੀ ਤੇ ਹਮਲਾ ਕਰ ਦਿੱਤਾ, ਇਕ ਪਾਸਿਉਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫੌਜਾਂ ਨਾਲ ਤੇ ਦੂਸਰੇ ਪਾਸੇ ਤੋਂ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਬਘੇਲ ਸਿੰਘ ਵੀ ਆਪਣੀਆਂ ਫੌਜਾਂ ਸਮੇਤ ਪਹੁੰਚ ਗਏ। ਸਾਰੀਆਂ ਸਿੱਖ ਫੌਜਾਂ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਦਾਖਲ ਹੋ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਅਤੇ ਇਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖਾਂ ਦੀਆਂ ਜਿੱਤਾਂ ਦੇ ਝੰਡੇ ਗੱਡ ਦਿੱਤੇ।

ਇਸ ਲਈ ਉਸ ਨੇ ਸਿੱਖਾਂ ਦਾ ਸੁਆਗਤ ਕੀਤਾ ਅਤੇ ਕੀਮਤੀ ਤੋਹਫ਼ੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿੱਤੇ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲ ਸਾਮਰਾਜ ਦਾ ਤਖਤ ਪੁੱਟ ਕੇ ਗੁਰੂ ਰਾਮ ਦਾਸ ਜੀ ਦੇ ਸਥਾਨ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਰੱਖ ਦਿੱਤਾ ਸੀ ।

ਦਿੱਲੀ ਦੇ ਆਸ-ਪਾਸ ਦੇ ਮੁਸਲਮਾਨ ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਰਨ ਵਿਚ ਆਏ। ਮੇਰਠ ਦੇ ਨਵਾਬ ਨੇ ਜੱਸਾ ਸਿੰਘ ਨੂੰ 10,000 ਰੁਪਏ ਨਜ਼ਰਾਨੇ ਵਿਚ ਦਿੱਤੇ, ਜਿਸ ਦੇ ਇਵਜ਼ ਵਿਚ ਜੱਸਾ ਸਿੰਘ ਨੇ ਉਸ ਦੇ ਇਲਾਕੇ ਉਸ ਨੂੰ ਵਾਪਸ ਦੇ ਦਿੱਤੇ। 1783 ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਵਾਪਸ ਆ ਗਿਆ ਅਤੇ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਦੋਬਾਰਾ ਕਬਜ਼ਾ ਕਰ ਲਿਆ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ੁਕਰਚਕੀਆ ਮਿਸਲ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਦੋਹਾਂ ਨੇ ਮਿਲ ਕੇ ਕਨ੍ਹਈਆ ਮਿਸਲ ਦੀ ਤਾਕਤ ਦਾ ਖ਼ਾਤਮਾ ਕਰ ਦਿੱਤਾ। ਰਾਮਗੜ੍ਹੀਆ ਕੋਲ ਆਪਣੀ ਚੜ੍ਹਤ ਦੇ ਦਿਨਾ ਵਿਚ ਬਾਰੀ ਦੋਆਬ ਵਿਚ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਨ, ਮੱਤੇਵਾਲ, ਅਤੇ ਜਲੰਧਰ ਵਿਚ ਉੜਮੁੜ ਟਾਂਡਾ, ਮਿਆਣੀ, ਗੜ੍ਹਦੀਵਾਲ ਅਤੇ ਜ਼ਹੂਰਾ ਸਨ। ਪਹਾੜੀ ਇਲਾਕਿਆਂ ਵਿਚ ਇਸ ਮਿਸਲ ਕੋਲ ਕਾਂਗੜਾ, ਨੂਰਪੁਰ, ਮੰਡੀ ਸਨ ਅਤੇ ਚੰਬਾ ਦਾ ਹਿੰਦੂ ਰਾਜ ਉਸ ਨੂੰ ਨਜ਼ਰਾਨਾ ਪੇਸ਼ ਕਰਦਾ ਸੀ। 80 ਸਾਲ ਦੀ ਉਮਰ ਵਿਚ ਜੱਸਾ ਸਿੰਘ ਰਾਮਗੜ੍ਹੀਆ ਦਾ 1803 ਵਿਚ ਦੇਹਾਂਤ ਹੋ ਗਿਆ।



# ਰਾਮਗੜ੍ਹੀਆ ਮਿਸਲ ਦਾ ਬਾਨੀ - ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਜੱਸਾ ਸਿੰਘ ਰਾਮਗੜ੍ਹੀਆ ਸਿੱਖ ਇਤਿਹਾਸ ਦਾ ਉਹ ਨਾਇਕ ਹੈ ਜਿਸਨੇ ਸਿੱਖਾਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕੱਠਾ ਕਰਕੇ ਸਿੱਖ ਫੌਜ ਵਿਚ ਅਜਿਹਾ ਜੋਸ਼ ਭਰਿਆ ਜਿਸਦੇ ਸਦਕਾ ਸਿੱਖਾਂ ਨੇ ਪੰਜਾਬ ਤੇ ਦਿਲੀ ਦੀ ਧਰਤੀ ’ਤੇ ਖਾਲਸਾਈ ਝੰਡੇ ਝੁਲਾਏ ਤੇ ਆਪਣੀ ਹਕੂਮਤ ਸਥਾਪਤ ਕੀਤੀ ਹੈ। ਉਸ ਦੀ ਅਗਵਾਈ ਵਿਚ ਸਿੱਖਾਂ ਨੇ ਜ਼ਾਲਮਾਂ ਨੂੰ ਆਪਣੇ ਕਹਿਰ ਦਾ ਨਿਸ਼ਾਨਾ ਬਣਾਇਆ ਅਤੇ ਪੰਜਾਬ ’ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਨਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖਾਂ ਨੇ ਆਪਣੀ ਅਣਖ ਅਤੇ ਹੋਂਦ ਕਾਇਮ ਰਖਣ ਲਈ ਉਸਦੀ ਅਗਵਾਈ ਹੇਠ ਜੋ ਜਿੱਤਾਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨਾਲ ਸਿੱਖ ਕੌਮ ਮਾਨਸਿਕ ਅਤੇ ਸਮਾਜਕ ਪੱਖ ਤੋਂ ਬਲਵਾਨ ਹੋਈ ।

ਜੱਸਾ ਸਿੰਘ ਰਾਮਗੜ੍ਹੀਆ ਦੇ ਪਰਿਵਾਰ ਦਾ ਪਿਛੋਕੜ ਪੰਜਾਬ ਦੇ ਇਤਿਹਾਸ ਪਿੰਡ ਸੁਰ ਸਿੰਘ ਨਾਲ ਜੁੜਦਾ ਹੈ। ਅੰਮ੍ਰਿਤਸਰ ਜਿਲ੍ਹੇ ਦੀ ਤਹਿਸੀਲ ਪੱਟੀ ਵਿਚ ਪੈਂਦੇ ਇਸ ਪਿੰਡ ਨੂੰ ਸ਼ਹੀਦਾਂ ਅਤੇ ਫਕੀਰਾਂ ਦਾ ਪਿੰਡ ਕਿਹਾ ਜਾਂਦਾ ਹੈ। ਇਸ ਪਿੰਡ ਦੇ ਲੋਕਾਂ ਨੇ ਪੰਜਾਬ ਦੀ ਲੱਗਪਗ ਹਰ ਰਾਜਸੀ ਅਤੇ ਧਾਰਮਕ ਲਹਿਰ ਵਿਚ ਵੱਧ ਚੜ੍ਹ ਕੇ ਹਿਸਾ ਲਿਆ ਹੈ। ਇਸ ਧਰਤੀ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ, ਬਾਬਾ ਬਿਧੀ ਚੰਦ ਤੇ ਗੁਰੂ ਜੀ ਦੇ ਸਮੇਂ ਸਿੱਖਾਂ ਵਿਚ ਬਹਾਦਰੀ ਦਾ ਜ਼ੋਸ਼ ਭਰਨ ਲਈ ਵਾਰਾਂ ਗਾਉਣ ਵਾਲੇ ਢਾਡੀ ਅਬਦੁੱਲਾ ਅਤੇ ਨੱਥ ਮੱਲ ਦੀ ਜਨਮ -ਭੂਮੀ ਇਸ ਪਿੰਡ ਦਾ ਮਾਣ ਹੈ। ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਭਾਈ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਸਿੰਘ ਸਜੇ ਅਤੇ ਗੁਰੂ-ਸਨੇਹਾ ਪਿੰਡ ਪਿੰਡ ਵਿਚ ਪਹੁੰਚਾਇਆ। ਉਹ ਗੁਰੂ ਸਾਹਿਬ ਦੀ ਖਾਲਸਾ ਫੌਜ ਦੇ ਮੈਂਬਰ ਸਨ ਅਤੇ ਫੋਜ ਲਈ ਹੱਥਿਆਰ ਆਦਿ ਬਣਾਉਣ ਦਾ ਕੰਮ ਵੀ ਕਰਦੇ ਸਨ। ਕਿਹਾ ਜਾਂਦਾ ਹੈ ਕਿ ਭਾਈ ਬਚਿੱਤਰ ਸਿੰਘ ਨੇ ਜਿਸ ਨੇਜੇ ਨਾਲ ਸ਼ਰਾਬੀ ਹਾਥੀ ਨੂੰ ਜ਼ਖਮੀ ਕੀਤਾ ਸੀ ਉਹ ਭਾਈ ਹਰਦਾਸ ਸਿੰਘ ਨੇ ਬਣਾਇਆ ਸੀ। ਹਰਦਾਸ ਸਿੰਘ ਦੇ ਦੋ ਪੁੱਤਰ ਸਨ ਭਗਵਾਨ ਸਿੰਘ ਅਤੇ ਦਾਨ ਸਿੰਘ। ਜੱਸਾ ਸਿੰਘ, ਭਗਵਾਨ ਸਿੰਘ ਦਾ ਪੁੱਤਰ ਸੀ। ਜੱਸਾ ਸਿੰਘ ਦਾ ਜਨਮ ਭਾਵੇਂ ਪਿੰਡ ਈਚੋਵਾਲ ਵਿਚ ਹੋਇਆ ਸੀ ਪਰ ਉਸਦੀ ਸ਼ਖਸੀਅਤ ’ਤੇ ਉਸਦੇ ਰਵਾਇਤੀ ਪਰਿਵਾਰਕ ਪਿਛੋਕੜ ਦੀ ਗੂੜ੍ਹੀ ਮੋਹਰ ਲੱਗੀ ਹੋਈ ਸੀ। ਆਪ ਦੇ ਪਿਤਾ ਸ: ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ ਨਾਲ ਸੰਤ ਸੁਭਾਅ ਵਾਲੇ ਵਿਅਕਤੀ ਸਨ ਤੇ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਇਸ ਕਰਕੇ ਉਹਨਾਂ ਨੂੰ ਗਿਆਨੀ ਭਗਵਾਨ ਸਿੰਘ ਆਖਿਆ ਜਾਂਦਾ ਸੀ। ਆਪ 5 ਭਰਾ ਸਨ ਜੱਸਾ ਸਿੰਘ ,ਜੈ ਸਿੰਘ ,ਖ਼ੁਸ਼ਹਾਲ ਸਿੰਘ ,ਮਾਲੀ ਸਿੰਘ ਤੇ ਤਾਰਾ ਸਿੰਘ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਂ ਤੋਂ ਬਾਅਦ ਸਰਦਾਰ ਭਗਵਾਨ ਸਿੰਘ ਬੰਦਾ ਬਹਾਦਰ ਦੀ ਫੌਜ਼ ਵਿਚ ਸ਼ਾਮਲ ਹੋਕੇ ਉਨ੍ਹਾ ਨੇ ਸਰਹੰਦ, ਸਢੋਰਾ, ਬਜਵਾੜਾ ਤੇ ਰਾਹੋਂ ਦੀ ਲੜਾਈ ਵਿਚ ਹਿੱਸਾ ਲਿਆ ਬੰਦਾ ਸਿੰਘ ਬਹਾਦਰ ਦੀ ਸਹੀਦੀ ਤੋਂ ਮਗਰੋਂ ਇਹ ਪਰਿਵਾਰ ਨਵਾਬ ਕਪੂਰ ਸਿੰਘ ਜੀ ਦੀ ਕਾਇਮ ਕੀਤੀ ਪਹਿਲੀ ਸਿੱਖ ਜੱਥੇਬੰਦੀ ਦਲ ਖਾਲਸਾ ਵਿੱਚ ਸ਼ਾਮਲ ਹੋ ਕੇ ਜੱਥੇਬੰਦੀ ਦਾ ਹਿੱਸਾ ਬਣ ਗਏ। ਜੱਥੇਬੰਦੀ ਵਿੱਚ ਮਿਹਨਤ ਅਤੇ ਲਗਨ ਦੁਆਰਾ ਇਹਨਾਂ ਦਾ ਰੁਤਬਾ ਬਹੁਤ ਉੱਚਾ ਚਲਾ ਗਿਆ। ਭਾਵੇਂ ਨਵਾਬ ਕਪੂਰ ਸਿੰਘ ਮਗਰੋਂ ਦਲ ਖਾਲਸਾ ਦੀ ਕਮਾਨ ਸ: ਜੱਸਾ ਸਿੰਘ ਆਹਲੂਵਾਲੀਆ ਕੋਲ ਆ ਗਈ ਪਰ ਸ: ਜੱਸਾ ਸਿੰਘ ਰਾਮਗੜ੍ਹੀਆ ਪ੍ਰਮੁੱਖ ਜਰਨੈਲ ਬਣੇ ਰਹੇ।

ਜੱਸਾ ਸਿੰਘ ਦੇ ਬਚਪਨ ਤੋਂ ਹੀ ਮੁਗਲ ਹਕੂਮਤ ਵਲੋਂ ਸਿੱਖਾਂ ’ਤੇ ਵਾਪਰ ਰਹੇ ਅਣਮਨੁੱਖੀ ਕਹਿਰ ਦਾ ਅਸਰ ਪੈਣਾ ਸੁਭਾਵਿਕ ਸੀ। ਜਿਥੇ ਆਪਣੇ ਪੁਰਖਾਂ ਦੀ ਬਹਾਦਰੀ ਭਰੇ ਕਾਰਨਾਮਿਆਂ ਦੀ ਦਾਸਤਾਨ ਨੇ ਜੱਸਾ ਸਿੰਘ ਤੇ ਗਹਿਰੀ ਛਾਪ ਛੋੜੀ ਉਥੇ ਉਸਦੇ ਸਿੱਖੀ ਅਤੇ ਸਿੱਖ-ਪੰਥ ਲਈ ਪਿਆਰ ਨੇ ਵੀ ਉਸ ਅੰਦਰ ਸਿਖੀ ਲਈ ਕੁਰਬਾਨ ਹੋਣ ਦਾ ਜਜ਼ਬਾ ਭਰਿਆ ਤੇ ਉਸਨੇ ਨਿੱਤ ਮੁਹਿੰਮਾਂ’ ਨੂੰ ਆਪਣੀ ਜਿੰਦਗੀ ਦਾ ਅੰਗ ਬਣਾ ਲਿਆ ਤੇ ਮਰਦੇ ਦਮ ਤੱਕ ਜੰਗ ਦਰ ਜੰਗ ਦੇ ਅਮਲ ਵਿਚੋਂ ਗੁਜ਼ਰਦਾ ਗਿਆ ਅਤੇ ਜਿੱਤਾਂ ਦੇ ਝੰਡੇ ਗੱਡਦਾ ਗਿਆ ਸੀ। ਸ: ਜੱਸਾ ਸਿੰਘ ਰਾਮਗੜ੍ਹੀਆ ਗੁਰੀਲਾ ਯੁੱਧ ਦੇ ਮਾਹਿਰ ਸਨ। ਪਹਾੜੀ ਇਲਾਕਿਆਂ ਵਿੱਚ ਕੋਈ ਵੀ ਜਰਨੈਲ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਿਆ।

ਭਗਵਾਨ ਸਿੰਘ ਜੀ ਆਪਣੇ ਪਿਤਾ ਨਾਲ ਜੰਗਾਂ ਵਿਚ ਹਿੱਸਾ ਲੈਂਦੇ ਰਹੇ। ਆਪ ਜੀ ਵੀ ਅੰਮ੍ਰਿਤਧਾਰੀ ਸਿੰਘ ਸਨ ਅਤੇ ਬਾਕੀ ਸਿੰਘਾਂ ਨੂੰ ਗੁਰਬਾਣੀ ਪੜ੍ਹਾਉਂਦੇ ਸਨ ਇਸ ਲਈ ਸਿੰਘ ਆਪਜੀ ਨੂੰ ਸਤਕਾਰ ਵਜੋਂ ਗਿਆਨੀ ਜੀ ਕਹਿੰਦੇ ਸਨ। ਜੱਸਾ ਸਿੰਘ ਰਾਮਗੜ੍ਹੀਆ ਨੇ ਪਹਿਲੀ ਲੜਾਈ 14 ਸਾਲ ਦੀ ਉਮਰ ਵਿਚ ਆਪਣੇ ਪਿਤਾ ਭਗਵਾਨ ਦਾਸ ਨਾਲ ਏਸ਼ੀਆ ਦੇ ਪ੍ਰਸਿੱਧ ਜੇਤੂ ਨਾਦਰ ਸ਼ਾਹ ਦੇ ਨਾਲ ਲੜੀ। ਇਸ ਲੜਾਈ ਵਿੱਚ 14 ਸਾਲਾ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਯੁੱਧ ਕਲਾ ਦੇ ਉਹ ਜੋਹਰ ਦਿਖਾਏ ਜਿਸਨੂੰ ਵੇਖ ਕੇ ਵੱਡੇ ਵੱਡੇ ਜਰਨੈਲ ਹੈਰਾਨ ਰਹਿ ਗਏ ਪਰ ਇਸ ਲੜਾਈ ਵਿੱਚ ਉਹਨਾਂ ਦੇ ਪਿਤਾ ਸ: ਭਗਵਾਨ ਸਿੰਘ ਸ਼ਹੀਦ ਹੋ ਗਾਏ । ਗਿਆਨੀ ਭਗਵਾਨ ਸਿੰਘ ਦੀ ਕੁਰਬਾਨੀ ਤੇ ਜੱਸਾ ਸਿੰਘ ਦੀ ਬਹਾਦੁਰੀ ਤੋਂ ਖੁਸ਼ ਹੋ ਕੇ ਜਕਰੀਆ ਖਾਨ ਨੇ ਉਨ੍ਹਾ ਦੇ ਪੁਤਰ ਜੱਸਾ ਸਿੰਘ ਤੇ ਉਸਦੇ ਭਰਾਵਾਂ ਨੂੰ ਪੰਜ ਪਿੰਡ, ਵੱਲਾ, ਚੱਬਾ, ਤੁੰਗ, ਸੁਲਤਾਨਵਿੰਡ ਤੇ ਵੇਰਕਾ, ਜਗੀਰ ਵਜੋ ਦਿੱਤੇ।

ਇਸਤੋਂ ਪਿਛੋਂ ਵੀ ਨਾਦਰ ਸ਼ਾਹ ਨਾਲ ਵੇਲਾ ਪਾ ਕੇ ਸਿਖ ਦੋ ਹੱਥ ਕਰਦੇ ਰਹਿੰਦੇ ਸਨ। ਜੱਸਾ ਸਿੰਘ ਨੇ ਇਸ ਸਮੇਂ ਦਾ ਸਭ ਤੋਂ ਵਧੇਰੇ ਲਾਭ ਉਠਾਇਆ ਸੀ। ਨਾਦਰ ਸ਼ਾਹ ਜਦੋਂ ਵੀ ਭਾਰਤ ’ਤੇ ਹਮਲਾ ਕਰਕੇ ਇਕੱਠੇ ਕੀਤੇ ਲੁੱਟ-ਮਾਰ ਦੇ ਸਮਾਨ ਨੂੰ ਲੈ ਕੇ ਲੰਘਦਾ ਸੀ ਤਾਂ ਸਿੱਖ ਉਸ ’ਤੇ ਟੁੱਟ ਪੈਂਦੇ ਸਨ। ਸਿੱਖਾਂ ਦੇ ਅਚਾਨਕ ਹਮਲਿਆਂ ਤੋਂ ਉਹ ਬੁਰੀ ਤਰ੍ਹਾਂ ਤੰਗ ਆ ਚੁੱਕਾ ਸੀ। ਦੁੱਖੀ ਹੋਏ ਨਾਦਰ ਸ਼ਾਹ ਨੇ ਸਿੱਖਾਂ ਬਾਰੇ ਜ਼ਕਰੀਆ ਖਾਨ ਤੋਂ ਪੁੱਛਿਆ ਸੀ ਕਿ ਮੇਰੇ ਵਰਗੇ ਲੁਟੇਰੇ ਨੂੰ ਲੁਟਣ ਵਾਲੇ ਇਹ ਲੋਕ ਕੌਣ ਹਨ? ਤਾਂ ਜ਼ਕਰੀਆ ਖਾਨ ਨੇ ਕਿਹਾ ਸੀ “ਕਿ ਇਹ ਫਕੀਰਾਂ ਦਾ ਟੋਲਾ ਹੈ ਜੋ ਸਾਲ ਵਿਚ ਦੋ ਵਾਰ ਗੁਰੂ ਦੇ ਤਲਾਬ ਵਿਚ ਨਹਾਉਂਦੇ ਹਨ”ਜਦ ਨਾਦਰ ਸ਼ਾਹ ਨੇ ਪੁਛਿਆ ਕੀ ਇਨ੍ਹਾ ਦਾ ਘਰ ਘਾਟ ਕਿਥੇ ਹੈ? ਤੇ ਜਕਰੀਆਂ ਖਾਨ ਨੇ ਕਿਹਾ, ਇਨ੍ਹਾਂ ਦਾ ਕੋਈ ਘਰ ਘਟ ਨਹੀਂ 1 ਘੋੜਿਆ ਦੀ ਕਾਠੀਆਂ ਤੇ ਇਹ ਸੌਂਦੇ ਹਨ ਜੰਗਲਾਂ ਵਿਚ ਸਭ ਪਿਆਰ ਨਾਲ ਰਹਿੰਦੇ ਹਨ ,ਘਾਹ ਪਤੇ ਖਾਕੇ ਗੁਜਾਰਾ ਕਰਦੇ ਹਨ ਤੇ ਜਦੋਂ ਕਦੀ ਲੰਗਰ ਪਕਦਾ ਹੈ ਪਹਿਲੇ ਭੁਖੇ ਤੇ ਲੋੜਵੰਦ ਨੂੰ ਖੁਆਕੇ ,ਬਚੇ ਤਾਂ ਆਪ ਖਾ ਲੈਂਦੇ ਹਨ। ਨਾਦਰ ਸ਼ਾਹ ਨੇ ਕਿਹਾ ਕੀ ਇਹ ਇਕ ਦਿਨ ਮੁਲਕ ਤੇ ਰਾਜ ਕਰਨਗੇ ਤੇ ਉਸਦੀ ਇਹ ਭਵਿਖ ਬਾਣੀ ਸਚ ਨਿਕਲੀ।

ਸੰਨ 1747 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਲੇ ਮਹੱਲੇ ਦਾ ਮੇਲਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਇਸੇ ਸਾਲ ਹੀ ਵਿਸਾਖੀ ਤੇ ਸ਼੍ਰੀ ਅੰਮ੍ਰਿਤਸਰ ਵਿਖੇ ਭਾਰੀ ਇਕੱਠ ਹੋਇਆ। ਇਸ ਇਕੱਠ ਵਿਚ ਉਘੇ ਸਿੱਖ ਆਗੂਆਂ ਨੇ ਸਰਬ ਸੰਮਤੀ ਨਾਲ ਆਪਣੀ ਤਾਕਤ ਵਧਾਉਣ ਤੇ ਅੰਮ੍ਰਿਤਸਰ ਸ਼ਹਿਰ ਤੇ ਸ੍ਰੀ ਹਰਿ ਮੰਦਰ ਸ਼ਾਹਿਬ ਦੀ ਰਾਖੀ ਲਈ ਆਪਣੇ ਕਿਲ੍ਹੇ ਉਸਾਰਨ ਦਾ ਫ਼ੈਸਲਾ ਕੀਤਾ। ਕਿਉਂਕਿ ਜਦੋਂ ਵੀ ਸਿੱਖਾਂ ਦੇ ਪਵਿੱਤਰ ਗੁਰ ਅਸਥਾਨਾਂ ਅਤੇ ਸ਼ਹਿਰਾਂ ਤੇ ਮੁਗਲਾਂ ਦੇ ਹਮਲੇ ਹੁੰਦੇ ਤਾਂ ਸਿੰਘਾਂ ਨੂੰ ਜੰਗਲਾਂ ’ਚੋਂ ਨਿਕਲ ਕੇ ਉਹਨਾਂ ਦਾ ਟਾਕਰਾ ਕਰਨ ਲਈ ਆਉਣਾ ਪੈਂਦਾ ਹੈ ਪਰ ਤਦ ਤੱਕ ਕੌਮ ਦਾ ਜਾਨ ਮਾਲ ਦਾ ਬਹੁਤ ਵਡਾ ਨੁਕਸਾਨ ਹੋ ਜਾਂਦਾ। ਭਾਈ ਸੁੱਖਾ ਸਿੰਘ ਕਲਸੀ, ਮਾੜੀ ਕੰਬੋਕੀ ਦੀ ਅਗਵਾਈ ਹੇਠ ਸਰਬ-ਸੰਮਤੀ ਨਾਲ ਇਹ ਫੇਸਲਾ ਕੀਤਾ ਗਿਆ ਕਿ ਪਹਿਲਾ ਕਿਲ੍ਹਾ ਅੰਮ੍ਰਿਤਸਰ ਦੀ ਧਰਤੀ ਤੇ ਉਸਾਰਿਆ ਜਾਵੇ। ਇਸਦੀ ਦੀ ਜਿਮੇਵਾਰੀ ਜੱਸਾ ਸਿੰਘ ਰਾਮਗੜੀਆ ਨੂੰ ਦਿਤੀ ਗਈ। ਕੁਝ ਹੀ ਸਮੇਂ ਵਿੱਚ ਸਿੰਘਾਂ ਨੇ 500 ਯੋਧਿਆਂ ਦੇ ਰਹਿਣ ਲਈ ਇਹ ਗੜ੍ਹੀ ਤਿਆਰ ਕਰ ਦਿੱਤੀ।

25 ਸਾਲ ਦੀ ਉਮਰ ਵਿਚ ਆਪਦੀ ਸ਼ਾਦੀ ਬੀਬੀ ਦਿਆਲ ਕੌਰ ਨਾਲ ਹੋਈ ਜਿਸਤੋਂ ਆਪਜੀ ਦੇ ਦੋ ਸਪੁੱਤਰ ਜੋਧ ਸਿੰਘ ਅਤੇ ਵੀਰ ਸਿੰਘ ਪੈਦਾ ਹੋਏ ਸਨ। ਆਪਜੀ ਲਈ ਪੰਜ ਪਿੰਡਾਂ ਦੀ ਜਗੀਰ ਦੀ ਦੇਖ ਭਾਲ, ਰਿਸਾਲਦਾਰ ਦੀ ਅਹੁਦੇਦਾਰੀ ਤੇ ਸਿਖ ਕੌਮ ਦੀ ਅਗਵਾਈ ਬਹੁਤ ਵਡੀ ਜਿਮੇਦਾਰੀ ਸੀ ਸੋ ਆਪਨੇ ਵੱਲਾ ਪਿੰਡ ਆਪਣੇ ਪਾਸ ਰੱਖਕੇ ਬਾਕੀ ਚਾਰ ਪਿੰਡ ਆਪਣੇ ਚਾਰਾਂ ਭਰਾਵਾਂ ਨੂੰ ਦੇ ਦਿੱਤੇ ਤੇ ਬਾਕੀ ਵਕਤ ਸਿਖੀ ਨੂੰ ਸੁਆਰਨ ਤੇ ਲਗਾ ਦਿਤਾ1

1748 ਈ: ਵਿੱਚ ਸ: ਜੱਸਾ ਸਿੰਘ ’ਤੇ ਇਹ ਦੋਸ਼ ਲਗਾਇਆ ਗਿਆ ਕਿ ਉਨ੍ਹਾਂ ਆਪਣੀ ਨਵ-ਜਨਮੀ ਕੰਨਿਆ ਦੀ ਹੱਤਿਆ ਕੀਤੀ ਹੈ ਪਰ ਸਿਖ ਇਤਿਹਾਸ ਇਹ ਨਹੀਂ ਮੰਨਦਾ ਕਿਓਂਕਿ ਪੁਰਾਣੇ ਇਤਿਹਾਸ ਵਿਚ ਇਸਦਾ ਕੋਈ ਜਿਕਰ ਨਹੀਂ ਹੈ। ਕੋਈ ਹੋਰ ਕਾਰਣ ਹੋ ਸਕਦਾ ਹੈ ਪਰ ਇਨ੍ਹਾਂ ਦੀਆਂ ਤਿਨ ਪੀੜੀਆਂ ਸਿਖੀ ਦੇ ਰੰਗ ਵਿਚ ਰੰਗੀਆਂ ਹੋਈਆਂ ਸੀ ਜਿਸ ਕਰਕੇ ਇਹ ਗਲ ਸਮਝ ਨਹੀਂ ਆਉਂਦੀ। ਹਾਂ ਉਸ ਵੇਲੇ ਸਿੱਖਾਂ ਦੇ ਜੋ ਹਾਲਤ ਸੀ ਤੇ ਜਿਸ ਕਦਰ ਮੁਗਲਾਂ ਦੇ ਜ਼ੁਲਮ ਸਿਖਾਂ ਤੇ ਹੋ ਰਹੇ ਸੀ ਜਿਸਤਰਾਂ ਭਾਰਤ ਦੇ ਬਚੇ ਬਚੀਆਂ ਨੂੰ ਬੇਆਬਰੂ ਕੀਤਾ ਜਾ ਰਿਹਾ ਸੀ ਹੋ ਵੀ ਸਕਦਾ ਹੈ ਪਰ ਫਿਰ ਵੀ ਇਤਨਾ ਦਲੇਰ ਤੇ ਬਹਾਦਰ ਸਿਪਾਹੀ ਹੁੰਦੀਆਂ ਇਸ ਦਾ ਜਥ ਇਸ ਵਿਚ ਹੋਵੇ ਮਨਿਆ ਨਹੀਂ ਜਾ ਸਕਦਾ ਹੈ ਜਿਸਦੇ ਦੋਸ਼ ਬਦਲੇ ਪੰਥ ਨੇ ਉਨ੍ਹਾਂ ਨੂੰ ਛੇਕ ਦਿੱਤਾ। ਹਾਂ ਪੰਥ ਨਾਲ ਕੋਈ ਹੋਰ ਨਰਾਜਗੀ ਹੋ ਸਕਦੀ ਹੈ।

ਕੁਝ ਇਸ ਸਮੇਂ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਵੀ ਆਪੋ ਆਪਣੇ ਇਲਾਕਿਆਂ ਵਿਚ ਸਰਗਰਮ ਸਨ ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਇਨ੍ਹਾਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਜੱਸਾ ਸਿੰਘ ਦੇ ਨਾਂ ’ਤੇ ਰਾਮਗੜ੍ਹੀਆ ਮਿਸਲ ਵਜੋਂ ਜਾਣੀ ਜਾਂਦੀ ਹੈ। ਮਿਸਲਾਂ ਭਾਵੇਂ ਸਾਂਝੇ ਦੁਸ਼ਮਣ ਵਿਰੁੱਧ ਇਕੱਠੀਆਂ ਹੋ ਜਾਂਦੀਆਂ ਸਨ ਪਰ ਇਲਾਕਿਆ ’ਤੇ ਕਬਜੇ ਕਰਨ ਲਈ ਇਨ੍ਹਾਂ ਵਿਚ ਆਪਸੀ ਲੜਾਈਆਂ ਵੀ ਹੁੰਦੀਆਂ ਰਹਿੰਦੀਆਂ। ਜੱਸਾ ਸਿੰਘ ਰਾਮਗੜ੍ਹੀਆ ਦੀ ਮਿਸਲ ਦੀ ਲੜਾਈ ਜੱਸਾ ਸਿੰਘ ਆਹਲੂਵਾਲੀਆ ਦੀ ਮਿਸਲ ਨਾਲ ਅਕਸਰ ਹੁੰਦੀ ਰਹਿੰਦੀ ਸੀ। ਆਪਸੀ ਲੜਾਈ ਦਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਕਈ ਵਾਰ ਖਮਿਆਜ਼ਾ ਵੀ ਭੁਗਤਣਾ ਪਿਆ ਸੀ ਪਰ ਦ੍ਰਿੜ ਇਰਾਦੇ ਕਰਕੇ ਇਹ ਵੱਡੇ ਸੰਕਟਾਂ ਵਿਚੋਂ ਵੀ ਨਿਕਲ ਜਾਂਦਾ ਸੀ।

ਜੱਸਾ ਸਿੰਘ ਹੌਸਲਾ ਨਹੀਂ ਹਾਰਿਆ ਸਗੋਂ ਆਪਣੇ ਪੰਥ ਨਾਲ ਸਾਂਝ ਦੀਆਂ ਤੰਦਾਂ ਨੂੰ ਆਪਣੇ ਸੀਨੇ ਅੰਦਰ ਸਮੋ ਕੇ ਅੱਗੇ ਵਧਿਆ। ਉਹ ਆਪਣੇ ਤਿੰਨ ਭਰਾਵਾਂ ਸਮੇਤ ਜਲੰਧਰ ਦੇ ਹਾਕਮ ਅਦੀਨਾ ਬੇਗ ਪਾਸ ਚਲਾ ਗਿਆ। ਅਦੀਨਾ ਬੇਗ ਬਹੁਤ ਚਲਾਕ ਹਾਕਮ ਸੀ। ਉਸ ਵੇਲੇ ਮੁਗਲ ਹਕੂਮਤ ਕਮਜ਼ੋਰ ਹੋ ਚੁਕੀ ਸੀ ਤੇ ਉਹ ਸਿੰਘਾਂ ਦੀ ਮਦਤ ਨਾਲ ਪੰਜਾਬ ਤੇ ਰਾਜ ਕਰਨਾ ਚਾਹੁੰਦਾ ਸੀ। ਉਹ ਜੱਸਾ ਸਿੰਘ ਦੀ ਬਹਾਦਰੀ ਦਾ ਵੀ ਕਾਇਲ ਸੀ ਅਤੇ ਉਸਨੂੰ ਇਹ ਵੀ ਪਤਾ ਲਗਾ ਕਿ ਸਿੱਖਾਂ ਨੇ ਉਸਨੂੰ ਆਪਣੇ ਪੰਥ ਵਿਚੋਂ ਛੇਕਿਆ ਹੈ, ਤਾਂ ਉਸ ਨੇ ਸੋਚਿਆ ਕੀ ਲੋੜ ਪੈਣ ਤੇ ਇਸ ਨੂੰ ਮੁਗਲਾਂ ਤੇ ਸਿੱਖਾਂ ਖਿਲਾਫ ਵਰਤਿਆ ਜਾ ਸਕਦਾ ਹੈ। ਵਕਤ ਤੇ ਹਾਲਾਤਾਂ ਦਾ ਪੂਰਾ ਪੂਰਾ ਫਾਇਦਾ ਉਠਾਣ ਲਈ ਜੱਸਾ ਸਿੰਘ ਨੂੰ ਉਸਦੇ ਤਿੰਨ ਭਰਾਵਾਂ ਸਮੇਤ ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਨੂੰ 100 ਸਿਪਾਹੀਆਂ ਸਣੇ ਆਪਣੀ ਫੌਜ਼ ਵਿਚ ਨੌਕਰੀ ਦੇ ਦਿਤੀ ਤੇ ਜੱਸਾ ਸਿੰਘ ਨੂੰ 500 ਘੋੜ ਸਵਾਰਾਂ ਦਾ ਆਗੂ ਨਿਯੁਕਤ ਕਰ ਦਿੱਤਾ। ਇਧਰੋਂ ਜੱਸਾ ਸਿੰਘ ਨੇ ਵੀ ਵਕਤ ਦੀ ਨਜ਼ਾਕਤ ਨੂ ਸਮਝ ਕੇ, ਮੁਗਲਾਂ ਦੇ ਅੰਦਰੂਨੀ ਰਾਜ਼ ਜਾਣਨ ਤੇ ਸਿਖ ਪੰਥ ਦੀ ਸੇਵਾ ਕਰਨ ਲਈ ਉਸਨੇ ਇਹ ਨੌਕਰੀ ਕਬੂਲ ਕਰ ਲਈ ।

1748 ਨੂੰ ਹੀ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉਤੇ ਪਹਿਲੀ ਵਾਰ ਹਮਲਾ ਕੀਤਾ, ਜਿਸ ਨੂੰ ਮੁਈਨ-ਉਲ-ਮੁਲਕ ਨੇ ਮਨੂੰਪੁਰ ਦੇ ਅਸਥਾਨ ਤੇ ਭਾਰੀ ਹਾਰ ਦਿੱਤੀ ਜਿਸ ਤੋਂ ਬਾਦਸ਼ਾਹ ਨੇ ਖੁਸ਼ ਹੋ ਕਿ ਉਸਨੂੰ ਮੀਰ-ਮੰਨੂ ਦਾ ਖਿਤਾਬ ਦਿੱਤਾ ਤੇ ਨਾਲ ਹੀ ਪੰਜਾਬ ਦਾ ਗਵਰਨਰ ਥਾਪ ਦਿੱਤਾ। ਮੀਰ ਮਨੂੰ ਸਿੱਖਾਂ ਦੀ ਵਧਦੀ ਤਾਕਤ ਤੇ ਰਾਮ ਰੌਣੀ ਨੂੰ ਦੇਖਕੇ ਬਹੁਤ ਘਬਰਾ ਗਿਆ ਤੇ ਆਪਣੀ ਗੱਦੀ ਨੂੰ ਕਾਇਮ ਰੱਖਣ ਲਈ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਅਪਨਾਉਣ ਲਈ ਆਪਣੀਆਂ ਗਸ਼ਤੀ ਫੌਜਾਂ ਨੂੰ ਸਿਖਾਂ ਦਾ ਕਤਲੇਆਮ ਦਾ ਹੁਕਮ ਦੇ ਦਿਤਾ ਬਹੁਤ ਸਾਰੇ ਸਿੰਘ ਫਿਰ ਜੰਗਲਾਂ ਵਲ ਚਲੇ ਗਏ ਤੇ ਕੁਝ ਚੋਣਵੇਂ ਸਿੰਘ ਯੋਧੇ ਹਰਮੰਦਰ ਸਾਹਿਬ ਦੀ ਰਾਖੀ ਹਿਤ ਰਾਮ ਰੌਣੀ ਵਿਚ ਜਮਾਂ ਹੋ ਗਏ। ਮੀਰ ਮਨੂੰ ਨੂੰ ਜਦ ਇਸ ਗਲ ਦੀ ਖਬਰ ਮਿਲੀ ਤਾਂ ਉਸਨੇ ਆਪਣੀਆਂ ਫੋਜਾਂ ਨੂੰ ਰਾਮ ਰੌਣੀ ਨੂੰ ਘੇਰਨ ਦਾ ਹੁਕਮ ਦੇ ਦਿੱਤਾ ਤੇ ਅਦੀਨਾ ਬੇਗ ਨੂੰ ਵੀ ਫੋਜਾਂ ਨਾਲ ਅੰਮ੍ਰਿਤਸਰ ਪਹੁੰਚਣ ਲਈ ਕਿਹਾ। ਅਦੀਨਾ ਬੇਗ ਨੇ ਸ੍ਰ: ਜੱਸਾ ਸਿੰਘ ਨੂੰ ਨਾਲ ਲੈਕੇ ਰਾਮ ਰੌਣੀ ਦੇ ਘੇਰੇ ਵਿਚ ਸ਼ਾਮਲ ਹੋਣਾ ਪਿਆ।ਤਕਰੀਬਨ ? ਮਹੀਨੇ ਘੇਰਾ ਪਿਆ ਰਿਹਾ, ਰਾਮ ਰੌਣੀ ਅੰਦਰ ਰਾਸ਼ਨ ਵਗੈਰਾ ਮੁੱਕਣ ਨਾਲ ਸਿੰਘਾਂ ਦੀ ਹਾਲਤ ਮਾੜੀ ਹੋ ਗਈ। ਜਦ ਜੱਸਾ ਸਿੰਘ ਨੂੰ ਇਸ ਗਲ ਦਾ ਪਤਾ ਲਗਿਆ ਤਾ ਉਹ ਮੁਗਲ ਫੋਜਾਂ ਦਾ ਸਾਥ ਛੱਡਕੇ ਆਪਣੇ ਸਾਰੇ ਸਾਥੀਆਂ ਸਮੇਤ ਰਾਮ ਰੌਣੀ ਵਿਚ ਆ ਗਿਆ। ਇਸ ਤਰਾਂ ਕਰਨ ਨਾਲ ਸਿੱਖ ਫੋਜਾਂ ਦੇ ਹੌਸਲੇ ਬੁਲੰਦ ਹੋ ਗਏ1ਉਧਰੋਂ ਅਹਿਮਦ ਸ਼ਾਹ ਅਬਦਾਲ਼ੀ ਦੇ ਮੁੜ ਹਮਲੇ ਦੀ ਖਬਰ ਸੁਣਕੇ ਮੀਰ ਮੰਨੂ ਨੂੰ ਸਿੱਖਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ। ਸੋ ਦੀਵਾਨ ਕੌੜਾ ਮੱਲ ਰਾਹੀਂ ਸਿੱਖਾਂ ਨਾਲ ਸੁਲਹ ਕਰਕੇ ਰਾਮ ਰੌਣੀ ਦਾ ਘੇਰਾ ਚੁੱਕ ਲਿਆ।

ਉਸ ਦਿਨ ਤੋਂ ਇਹ ਕਿਲ੍ਹਾ ਸਿੱਖਾਂ ਦਾ ਗੜ੍ਹ ਬਣ ਗਿਆ। ਸ: ਜੱਸਾ ਸਿੰਘ ਨੂੰ ਇਸ ਕਿਲ੍ਹੇ ਦਾ ਕਿਲੇਦਾਰ ਥਾਪਿਆ ਗਿਆ। ਕਿਲੇਦਾਰੀ ਮਿਲਣ ਤੋਂ ਬਾਅਦ ਜੱਸਾ ਸਿੰਘ ਨੇ ਰਾਮ ਰੌਣੀ ਨੂੰ ਇਕ ਵਿਸ਼ਾਲ ਪੱਕੇ ਕਿਲ੍ਹੇ ਦੀ ਸ਼ਕਲ ਦੇ ਦਿੱਤੀ ਤੇ ਇਸਦਾ ਨਾਮ ‘ਰਾਮਗੜ੍ਹ’ਰੱਖ ਦਿੱਤਾ। ਜੱਸਾ ਸਿੰਘ ਰਾਮਗੜ੍ਹੀਆ ਦੇ ਦਿਲ ਵਿੱਚ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਜੀ ਦਾ ਬਹੁਤ ਸਤਿਕਾਰ ਸੀ,ਉਸਨੇ, ਆਪਣੀਆਂ ਬਣਾਈਆਂ ਤੋਪਾਂ ਦਾ ਨਾਮ ਰਾਮਜੰਗੇ, ਰਾਮਬਾਣ ਆਦਿ ਰੱਖਿਆ। ਲੰਗਰ ਦਾ ਨਾਮ ਰਾਮ ਰੋਟੀ ਅਤੇ ਖ਼ਜ਼ਾਨੇ ਦਾ ਨਾਮ ਰਾਮਸਰ ਰੱਖਿਆ। ਗਲ ਕੀ , ਉਸ ਨੂੰ ਜੋ ਵੀ ਚੰਗਾ ਲਗਿਆਂ। ਉਸ ਨੂੰ ਗੁਰੂ ਰਾਮਦਾਸ ਦੇ ਨਾਮ ਨਾਲ ਜੋੜ ਦਿੱਤਾ।

ਹੁਣ ਇਹ ਸਿੱਖਾਂ ਦਾ ਕਿਲ੍ਹਾ 'ਰਾਮਗੜ੍ਹ' ਮੁਗਲਾਂ ਦੀਆਂ ਅੱਖਾਂ ਦਾ ਰੋੜਾ ਬਣ ਗਿਆ ਅਤੇ ਉਹ ਜਦ ਵੀ ਲਾਹੌਰ ਜਾਂ ਅੰਮ੍ਰਿਤਸਰ ਤੇ ਹਮਲਾ ਕਰਦੇ ਤਾਂ ਸੱਭ ਤੋਂ ਪਹਿਲਾਂ ਰਾਮਗੜ੍ਹ ਕਿਲ੍ਹੇ ਨੂੰ ਘੇਰਾ ਪਾ ਕੇ ਇਸਤੇ ਕਬਜਾ ਕਰਦੇ ਤੇ ਇਸਨੂੰ ਢਾਹ ਕੇ ਮਲੀਆ ਮੇਟ ਕਰ ਦੇਂਦੇ। ਸਾਰੇ ਸਿੱਖ ਇਸ ਨੂੰ ਹਰ ਵਾਰ ਜੱਸਾ ਸਿੰਘ ਦੀ ਜੱਥੇਦਾਰੀ ਹੇਠ ਮੁੜ ਉਸਾਰ ਕੇ ਮੁਗਲਾਂ ਦਾ ਮੂੰਹ ਚਿੜਾਉਂਦੇ। ਇਸਤਰਾਂ ਇਸ ਰਾਮਗੜ੍ਹ ਕਿਲ੍ਹੇ ਨੂੰ ਬਾਰ ਬਾਰ ਉਸਾਰਨ ਅਤੇ ਇਸਦੀ ਰਖਸ਼ਾ ਲਈ ਲੜਦਿਆਂ ਸ੍ਰ: ਜੱਸਾ ਸਿੰਘ ਤੇ ਬਾਕੀ ਸਾਰੇ ਸਿੰਘਾਂ ਨੂੰ ਰਾਮਗੜ੍ਹ ਕਿਲ੍ਹੇ ਵਾਲੇ ਕਹਿ ਕੇ ਮਾਣ ਦਿੱਤਾ ਜਾਣ ਲੱਗ ਪਿਆ। ਇਸ ਤਰ੍ਹਾਂ ਜੱਸਾ ਸਿੰਘ ਹੁਣ ਰਾਮਗੜ੍ਹੀਆ ਵਜੋਂ ਜਾਣਿਆ ਜਾਣ ਲਗ ਪਿਆ। ਜਦੋਂ ਸਿੱਖ ਬਾਰਾਂ ਮਿਸਲਾਂ ਵਿਚ ਵੰਡੇ ਗਏ ਤਾਂ ਜੱਸਾ ਸਿੰਘ ਉਸ ਵੇਲੇ ਸੰਘਾਣੀਆਂ ਦੀ ਮਿਸਲ ਵਿਚ ਸੀ ਜੋ ਬਾਅਦ ਵਿਚ 'ਰਾਮਗੜ੍ਹੀਆ ਮਿਸਲ' ਵਜੋਂ ਮਸ਼ਹੂਰ ਹੋਈ।

ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਬਹਾਦੁਰੀ, ਸਿਆਣਪ, ਦੂਰਅੰਦੇਸ਼ੀ ਅਤੇ ਯੁੱਧ ਕੌਸ਼ਲ ਨਾਲ ਇਸ ਮਿਸਲ ਨੂੰ ਬਾਕੀ ਸਾਰੀਆਂ ਮਿਸਲਾਂ ਨਾਲੋਂ ਤਾਕਤਵਰ ਅਤੇ ਅਮੀਰ ਮਿਸਲ ਬਣਾ ਦਿੱਤਾ ਅਤੇ ਆਪਣੇ ਇਲਾਕਿਆਂ ਦਾ ਸਭ ਤੋਂ ਵੱਧ ਵਿਸਤਾਰ ਕਰਕੇ ਮਹਾਰਾਜਾ ਦਾ ਦਰਜਾ ਪ੍ਰਾਪਤ ਕੀਤਾ1 ਜੱਸਾ ਸਿੰਘ ਗੁਰੀਲਾ ਯੁੱਧ ਦੇ ਮਾਹਿਰ ਸਨ। ਪਹਾੜੀ ਇਲਾਕਿਆਂ ਵਿੱਚ ਕੋਈ ਵੀ ਜਰਨੈਲ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਇਸ ਲਈ ਇਸਦੇ ਜਿਤਿਆਂ ਇਲਾਕਿਆਂ ਵਿਚ ਬਹੁਤ ਸਾਰੇ ਪਹਾੜੀ ਇਲਾਕੇ ਸਨ ਜਿਸਦਾ ਵੇਰਵਾ:- ਪੱਟੀ, ਲਾਹੌਰ, ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਕਲਾਨੌਰ, ਦੀਨਾਨਗਰ, ਮੁਕੇਰੀਆਂ, ਹਾਜੀਪੁਰ, ਤਲਵਾੜਾ, ਸਿੰਘਪੁਰ ਬਰਨਾਲਾ, ਉੜਮੁੜ ਟਾਂਡਾ, ਬੇਗੋਵਾਲ, ਦਾਤਾਰਪੁਰ, ਦੀਪਾਲਪੁਰ, ਮਿਆਨੀ, ਹਾਜੀਪੁਰ, ਕਾਂਗੜਾ, ਨੂਰਪੁਰ, ਸਰੋਹੀ, ਰੋਹਿਲਾ, ਸਮੋਹਾ ਜੰਗ, ਦਿੱਲੀ, ਸਹਾਰਨਪੁਰ, ਮੁਜੱਫਰਨਗਰ, ਮੇਰਠ, ਹਿਸਾਰ, ਰੋਹਤਕ, ਹਾਂਸੀ ਤੇ ਸਿਰਸਾ ਆਦਿਕ ਸਨ। ਇਹ ਪਹਿਲਾ ਸਿੱਖ ਰਾਜਾ ਸੀ ਜਿਸਨੇ ਪਹਾੜੀ ਰਿਆਸਤਾਂ ਜਿੱਤ ਕੇ ਉਹਨਾਂ ਨੂੰ ਆਪਣੇ ਅਧੀਨ ਕੀਤਾ ਜਿਸ ਨਾਲ ਇਸਦੀ ਸਲਾਨਾ ਆਮਦਨ ਦਸ ਤੋਂ ਪੰਦਰਾਂ ਲੱਖ ਰੁਪਏ ਤੋਂ ਵੀ ਵੱਧ ਹੋ ਗਈ ਸੀ। ਆਪਣੇ ਰਾਜ ਵਿੱਚ ਛੋਟੇ-ਵੱਡੇ ਮਿਲਾ ਕੇ ਤਕਰੀਬਨ 360 ਕਿਲ੍ਹੇ ਬਣਵਾਏ । ਹਰਿਮੰਦਰ ਸਾਹਿਬ ਦੀ ਰਾਖੀ ਲਈ ਚਾਰ ਮੰਜਲਾ ਰਾਮਗੜ੍ਹੀਆ ਬੁੰਗਾ ਤੇ ਦੋ ਮਿਨਾਰ ਜੋ ਅੱਜ ਵੀ ਮੌਜੂਦ ਹਨ1 ਅਮ੍ਰਿਤਸਰ ਸ਼ਹਿਰ ਦੇ ਚੌਥੇ ਹਿੱਸੇ ਵਿਚ ਰਾਮਗੜ੍ਹੀਆ ਕਟੜਾ ਵਸਾਇਆ ਜਿਸ ਵਿਚ ਖਾਲਸਾ ਫੌਜਾਂ ਲਈ ਹਥਿਆਰ ਬਨਾਉਣ ਲਈ ਕਾਰਖਾਨੇ ਲਾਏ ਗਏ। ਬਟਾਲਾ ਤੇ ਅੰਮ੍ਰਿਤਸਰ ਸ਼ਹਿਰ ਦੀਆਂ ਫਸੀਲਾਂ ਤੇ ਹਰਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਵਜੋਂ ਵਿਕਸਿਤ ਕੀਤਾ ਤੇ ਲਾਗੇ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਦਮਦਮਾ ਸਾਹਿਬ ਬਣਵਾਇਆ।

ਤਰਨ ਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਰੋਵਰ ਦੀ ਪਰਕਰਮਾ ਨੂੰ ਪਕਿਆਂ ਕਰਨ ਲਈ ਇੱਟਾਂ ਤਿਆਰ ਕੀਤੀਆਂ ਗਈਆਂ ਸਨ ਪਰ ਇਨ੍ਹਾ ਇਟਾਂ ਨੂੰ ਨੂਰਦੀਨ ਦਾ ਪੁੱਤਰ ਅਮੀਰਦੀਨ ਜਬਰਦਸਤੀ ਚੁੱਕ ਕੇ ਲੈ ਗਿਆ ਤੇ ਨੂਰਦੀਨ ਦੀ ਸਰਾਂ ਬਣਵਾਈ। ਉਸ ਵਲੇ ਸਿਖਾਂ ਨੇ ਜਦ ਗੁਰੂ ਸਾਹਿਬ ਨੂੰ ਸ਼ਕਾਇਤ ਕੀਤੀ ਤਾਂ ਗੁਰੂ ਜੀ ਨੇ ਗੁਰਵਾਕ ਕੀਤਾ ਸੀ ਕਿ ਸਮਾਂ ਆਉਣ ਤੇ ਇਹ ਇੱਟਾਂ ਮੁੜਕੇ ਇਸ ਸਰੋਵਰ ਤੇ ਹੀ ਲਗਣਗੀਆਂ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਨੂਰਦੀਨ ਦੀ ਸਰਾਂ ਢੁਵਾ ਕੇ ਮੁੜ ਸਰੋਵਰ ਦੀ ਪਰਕਰਮਾਂ ਪੱਕੀ ਕਰਵਾ ਕੇ ਗੁਰਵਾਕ ਨੂੰ ਪੂਰਾ ਕੀਤਾ ਸੀ। ਏਸੇ ਤਰ੍ਹਾਂ ਆਪਨੇ ਗੁਰਦੁਆਰਾ ਸ੍ਰੀ ਬਾਬਾ ਅਟੱਲ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ ਜਿਸਨੂੰ ਬਾਅਦ ਵਿਚ ਆਪ ਜੀ ਦੇ ਸਪੁਤੱਰ ਬਾਬਾ ਜੋਧ ਸਿੰਘ ਜੀ ਨੇ ਪੂਰਾ ਕੀਤਾ। ਆਪਨੇ ਛੋਟਾ ਘਲੂਘਾਰਾ ਤੇ ਵੱਡਾ ਘੱਲੂਘਾਰਾ ਸਮੇ ਬਾਕੀ ਸਿੱਖ ਸਰਦਾਰਾਂ ਨਾਲ ਮਿਲਕੇ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਕਈ ਪੁਸ਼ਤਾਂ ਤਕ ਯਾਦ ਕਰਦੇ ਰਹੇ ਤੇ ਮੁੜ ਪੰਜਾਬ ਵੱਲ ਮੂੰਹ ਨਹੀਂ ਕੀਤਾ। ਆਪ ਜੀ ਦੀ ਬਹਾਦਰੀ ਦੇ ਕਿਸੇ ਤਾਂ ਦੁਸ਼ਮਨ ਵੀ ਆਪਣੇ ਇਤਹਾਸ ਵਿਚ ਲਿਖਣਾ ਨਹੀਂ ਭੁੱਲੇ।ਮੁਹਸਿਨ ਫਾਨੀ ਨੇ ਆਪਣੀ ਪੁਸਤਕ ਜੰਗ ਨਾਮੇ ਵਿਚ ਲਿਖਿਆ ਹੈ , ਉਹ (ਸ. ਜੱਸਾ ਸਿੰਘ ਕਲਾਲ) ਦੇ ਨਾਲ ਇਕ ਸ. ਜੱਸਾ ਸਿੰਘ ਠੋਕਾ (ਤਰਖਾਣ) ਵੀ ਸੀ ਜੋ ਉਹਨਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਬਿਫਰੇ ਹੋਏ ਸ਼ੇਰ ਵਾਂਗ ਸੀ।

ਜਦ ਖਾਲਸਾ ਪੰਥ ਦੇ ਸਾਂਝੇ ਮੁੱਦੇ ਖਤਮ ਹੋ ਗਏ ਹਾਲਾਤ ਸੁਧਰ ਗਏ ਤਾਂ ਮਿਸਲਾ ਆਪਣੀਆਂ ਆਪਣੀਆ ਹੱਦਾਂ ਵਧਾਣ ਲਈ ਇਕ ਦੂਜੇ ਨਾਲ ਲੜਨ ਲਗੀਆਂ ਆਪਸੀ ਈਰਖਾ ਕਾਰਨ ਸਿੱਖ ਸਰਦਾਰਾਂ ਦਰਮਿਆਨ ਲੜਾਈਆਂ ਰੋਜ਼ ਦਿਹਾੜੇ ਦਾ ਕੰਮ ਹੀ ਬਣ ਗਿਆ ਸੀ। ਮਹਾਰਾਜਾ ਜੱਸਾ ਸਿੰਘ ਰਾਮਗੜੀਆ ਦੀਆਂ ਲਗਾਤਾਰ ਜਿੱਤਾਂ ਅੱਤੇ ਰਾਜ ਦੀ ਵਿਸ਼ਾਲਤਾ ਨਾਲ ਸਲਾਨਾ ਆਮਦਨ ਵਿੱਚ ਚੋਖਾ ਵਾਧਾ ਹੋ ਗਿਆ ਸੀ ਜਿਸਤੋਂ ਬਾਕੀ ਮਿਸਲਾ ਉਸ ਨਾਲ ਈਰਖਾ ਕਰਨ ਲਗ ਪਈਆਂ। ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੀ ਰਾਮਗੜ੍ਹੀਆਂ ਹੱਥੋਂ ਗਿਰਫਤਾਰੀ ਅਤੇ ਸ੍ਰ: ਚੜ੍ਹਤ ਸਿੰਘ ਸ਼ੁਕਰਚਕੀਏ ਦੀ ਹਾਰ ਨੇ ਬਾਕੀ ਮਿਸਲਾਂ ਦੇ ਗਠਜੋੜ ਦਾ ਮੁੱਢ ਬੰਨ ਦਿੱਤਾ। 1776 ਵਿੱਚ ਭੰਗੀ ਮਿਸਲ ਨੇ ਕਨ੍ਹਈਆ ਮਿਸਲ ਨਾਲ ਗੱਠਜੋੜ ਕਰ ਲਿਆ ਅਤੇ ਜੱਸਾ ਸਿੰਘ ਨੂੰ ਉਸ ਦੀ ਰਾਜਧਾਨੀ ਹਰਗੋਬਿੰਦਪੁਰ ਵਿੱਚੋਂ ਖਦੇੜ ਦਿੱਤਾ। ਉਸ ਨੂੰ ਆਪਣੇ ਸਾਰੇ ਇਲਾਕੇ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਸਤਲੁੱਜ ਦਰਿਆ ਪਾਰ ਕਰ ਕੇ ਪਟਿਆਲਾ ਦੇ ਹਾਕਮ ਅਮਰ ਸਿੰਘ ਕੋਲ ਪਨਾਹ ਲਈ। ਉਸਨੇ ਹਾਂਸੀ ਤੇ ਹਿਸਾਰ ਦਾ ਇਲਾਕਾ ਜਗੀਰ ਵਜੋਂ ਜੱਸਾ ਸਿੰਘ ਨੂੰ ਦੇ ਦਿਤੀ ਜੋ ਇਸਨੇ ਬਾਅਦ ਵਿਚ ਆਪਣੇ ਪੁੱਤਰ ਸ੍ਰ: ਜੋਧ ਸਿੰਘ ਦੇ ਹਵਾਲੇ ਕਰ ਦਿੱਤੀ ਤੇ ਆਪ ਜਮੁਨਾ-ਗੰਗਾ ਦੇ ਵਿਚਲੇ ਇਲਾਕਿਆਂ ਨੂੰ ਆਪਣੇ ਅਧੀਨ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਹਾਰਨਪੁਰ, ਮੁਜਫਰਪੁਰ, ਮੀਰਪੁਰ, ਸਾਂਬਲ, ਕਾਸਗੰਜ, ਕੋਸੀ, ਖੁਰਜਾ, ਸਿਕੰਦਰਾ ਤੇ ਦਾਰਾ ਆਦਿ ਸ਼ਹਿਰਾਂ ਨੂੰ ਮੁਗਲਾਂ ਪਾਸੋਂ ਖੋਹ ਲਿਆ1 1755 ਵਿੱਚ ਹੀ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਸ੍ਰੀ ਹਰਿਮੰਦਰ ਦੇ ਪੂਰਬ ਵੱਲ ਬੁੰਗੇ ਦਾ ਨਿਰਮਾਣ ਕਰਵਾਇਆ। ਜਦੋਂ ਉਨ੍ਹਾਂ ਇਸ ਬੁੰਗੇ ਦਾ ਨਿਰਮਾਣ ਕਰਵਾਇਆ ਤਾਂ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਿਰਫ 3 ਜਾਂ 4 ਹੋਰ ਬੁੰਗੇ ਸਨ। ਇਸ ਬੁੰਗੇ 'ਤੇ ਸ: ਜੱਸਾ ਸਿੰਘ ਦੇ ਸਮੇਂ 2,75,000 ਰੁਪਏ ਖਰਚ ਹੋਏ। ਇਹ ਬੁੰਗਾ ਦੋ-ਮੰਜ਼ਿਲਾ ਧਰਤੀ ਦੇ ਉੱਪਰ ਅਤੇ ਤਿੰਨ-ਮੰਜ਼ਲਾ ਜ਼ਮੀਨ ਦੇ ਹੇਠਾਂ ਹੈ। ਬੁੰਗੇ ਦਾ ਮੱਥਾ 150 ਫੁੱਟ ਹੈ। ਬੁੰਗੇ ਵਿੱਚ ਵੜਦਿਆਂ ਹੀ ਸਾਹਮਣੇ ਹਾਲ ਵਿੱਚ ਲਾਲ ਕਿਲ੍ਹੇ ਦੇ ਸਤੰਭ ਅਤੇ ਇੱਕ ਇਤਿਹਾਸਕ ਸਿਲ੍ਹ ਪਈ ਹੋਈ ਹੈ, ਜਿਸ ਦਾ ਆਕਾਰ ਇਸ ਪ੍ਰਕਾਰ ਹੈ-ਲੰਬਾਈ 6 ਫੁੱਟ 3 ਇੰਚ, ਚੌੜਾਈ 4 ਫੁੱਟ 6 ਇੰਚ ਅਤੇ ਉਚਾਈ 9 ਇੰਚ ਹੈ। ਇਹ ਸਿਲ੍ਹ ਅਤੇ ਲਾਲ ਕਿਲ੍ਹੇ ਦੇ ਸ਼ਾਹੀ ਸਤੰਭ ਰਾਮਗੜ੍ਹੀਆ ਦੀ ਸਫਲਤਾ ਦਾ ਪ੍ਰਤੀਕ ਹੋਣ ਦੇ ਨਾਲ-ਨਾਲ ਮੁਗਲ ਸਰਕਾਰ ਦੇ ਮੂੰਹ 'ਤੇ ਵੱਜੇ ਥੱਪੜ ਦੀ ਮੋਹਰ ਹਨ। ਦੱਸਿਆ ਜਾਂਦਾ ਹੈ ਕਿ ਉਪਰੋਕਤ ਸ਼ਾਹੀ ਸਿਲ ਉੱਪਰ ਬਿਠਾ ਕੇ ਹੀ ਸਾਰੇ ਮੁਗਲ ਸਮਰਾਟਾਂ ਦੀ ਤਖ਼ਤਪੋਸ਼ੀ ਕੀਤੀ ਜਾਂਦੀ ਸੀ।

ਜੱਸਾ ਸਿੰਘ ਨੇ ਆਪਣੇ ਹੱਥੀ ਹਾਸਲ ਕੀਤੀ ਹਕੂਮਤ ਨੂੰ ਗੁਰੂ ਦੀ ਮਿਹਰ ਸਮਝ ਕੇ ਗੁਰੂ ਦੇ ਨਾਂ 'ਤੇ ਆਪਣੀ ਹਕੂਮਤ ਚਲਾਈ। ਉਸਦੀ ਇਹ ਹਕੂਮਤ ਭਾਵੇਂ ਥੋੜ੍ਹਾ ਚਿਰ ਹੀ ਰਹਿ ਸਕੀ ਪਰੰਤੂ ਇਹ ਦੁਨਿਆਵੀ ਹਕੂਮਤ ਦੇ ਬਰਾਬਰ ਸਿੱਖ ਹਕੂਮਤ ਦਾ ਇਕ ਛੋਟਾ ਜਿਹਾ ਨਮੂਨਾ ਸੀ ਜੋ ਅਗੋਂ ਸਿੱਖ ਰਾਜ ਦੇ ਰੂਪ ਵਿਚ ਵਿਕਸਤ ਹੋਇਆ। 1767 ਈ. ਵਿੱਚ ਉਹਨਾਂ ਦੀ ਲੜਾਈ ਬਿਆਸ ਦਰਿਆ ਦੇ ਕੋਲ ਅਹਿਮਦਸ਼ਾਹ ਅਬਦਾਲੀ ਨਾਲ ਹੋਈ। ਸ: ਜੱਸਾ ਸਿੰਘ ਨੇ ਏਨੀ ਬਹਾਦਰੀ ਨਾਲ ਟਾਕਰਾ ਕੀਤਾ ਕਿ ਅਹਿਮਦਸ਼ਾਹ ਅਬਦਾਲੀ ਨੂੰ ਪਿਛੇ ਹਟਨਾ ਪਿਆ। ਮੁਗਲ ਸਾਮਰਾਜ ਨੂੰ ਖਤਮ ਕਰਨ ਵਾਲਾ, ਰਾਜਪੂਤਾਂ ਤੇ ਮਰਾਠਿਆਂ ਵਿਰੁੱਧ ਜਿੱਤਾਂ ਪ੍ਰਾਪਤ ਕਰਨ ਵਾਲਾ, ਪਾਨੀਪਤ ਦੀ ਲੜਾਈ ਦਾ ਜੇਤੂ ਅਹਿਮਦਸ਼ਾਹ ਅਬਦਾਲੀ ਸ: ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦੇ ਹਥਿਆਰਬੰਦ ਸਿਪਾਹੀਆਂ ਸਾਹਮਣੇ ਬੇਵੱਸ ਹੋ ਗਿਆ ਤੇ ਤੰਗ ਆ ਕੇ ਭਾਰਤ ਉੱਤੇ ਹਮਲੇ ਨਾ ਕਰਨ ਦਾ ਫੈਸਲਾ ਕਰ ਲਿਆ। ਉਸ ਦਿਨ ਤੋਂ ਬਾਅਦ ਸਿੱਖ ਪੰਜਾਬ ਦੇ ਮਾਲਕ ਬਣੇ। ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਗੜ੍ਹੀਆ ਮਿਸਲ ਤਹਿਤ ਆਪਣੀ ਰਿਆਸਤ ਕਾਇਮ ਕੀਤੀ।

1783 ਨੂੰ ਸਿੱਖ ਫੌਜਾਂ ਨੇ ਦਿੱਲੀ ਤੇ ਹਮਲਾ ਕਰ ਦਿੱਤਾ, ਇਕ ਪਾਸਿਉਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫੌਜਾਂ ਨਾਲ ਤੇ ਦੂਸਰੇ ਪਾਸੇ ਤੋਂ ਸ੍ਰ: ਜੱਸਾ ਸਿੰਘ ਆਹਲੂਵਾਲੀਆ ਤੇ ਸ੍ਰ: ਬਘੇਲ ਸਿੰਘ ਵੀ ਆਪਣੀਆਂ ਫੌਜਾਂ ਸਮੇਤ ਪਹੁੰਚ ਗਏ। ਸਾਰੀਆਂ ਸਿੱਖ ਫੌਜਾਂ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਦਾਖਲ ਹੋ ਕੇ ਕਿਲ੍ਹੇ ਤੇ ਕਬਜਾ ਕਰ ਲਿਆ ਅਤੇ ਇਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖਾਂ ਦੀਆਂ ਜਿੱਤਾਂ ਦੇ ਝੰਡੇ ਗੱਡ ਦਿੱਤੇ।ਅਗਰ ਇਸ ਵੇਲੇ ਸਿੱਖ ਸਰਦਾਰਾਂ ਵਿਚ ਆਪਸੀ ਏਕਤਾ ਤੇ ਦੂਰਦਰਸ਼ੀ ਹੰਦੀ ਤਾਂ ਹਿੰਦੁਸਤਾਨ ਤੇ ਸਿੱਖ ਰਾਜ ਕਾਇਮ ਹੋ ਗਿਆ ਹੁੰਦਾ। ਇਥੇ ਵੀ ਜੱਸਾ ਸਿੰਘ ਅਹਲੂਵਾਲਿਆ ਤੇ ਜੱਸਾ ਸਿੰਘ ਰਾਮਗੜ੍ਹੀਆ ਦਾ ਆਪਸੀ ਮਤ-ਭੇਦ ਹੋ ਗਿਆ ਜਿਸ ਕਰਕੇ ਬਘੇਲ ਸਿੰਘ ਨੇ ਦਿਲੀ ਦੇ ਤਖਤ ਤੇ ਕਬਜ਼ੇ ਦਾ ਖ਼ਿਆਲ ਛੋੜ ਕੇ ਕੁਝ ਸ਼ਰਤਾਂ ਨਾਲ ਇਹ ਤਖਤ ਸ਼ਾਹ ਆਲਮ ਨੂੰ ਵਾਪਸ ਕਰ ਦਿਤਾ ਜਿਸਦਾ ਪੂਰਾ ਇਤਿਹਾਸ, ਸਰਦਾਰ ਬਘੇਲ ਸਿੰਘ - ਸੁਲਤਾਨ-ਉਲ-ਕੋਮ ਵਿਚ ਦਿਤਾ ਗਿਆ ਹੈ 1 ਮੁਗਲਾਂ ਦੇ ਰਾਜ ਨੂੰ ਜੜ੍ਹੋਂ ਪੁੱਟਣ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲਾਂ ਦੀ ਤਾਜ-ਪੋਸ਼ੀ ਵਾਲੀ ਪੱਥਰ ਦੀ ਸਿਲ ਜੋ ਕਿ 6'-3" ਲੰਬੀ 4'-6" ਚੌੜੀ 9" ਮੋਟੀ ਹੈ ਅਤੇ ਕੁਰਾਨ ਦੀਆਂ ਕਲਾਮਾਂ ਨਾਲ ਪਵਿਤੱਰ ਕੀਤੀ ਗਈ ਸੀ, ਨੂੰ ਪੁੱਟਕੇ ਅਤੇ ਬਾਰਾਂਦਰੀ ਦੇ 44 ਥੰਮ ਆਪਣੇ ਨਾਲ ਲੈਕੇ ਆਂਦੇ ਜੋ ਕਿ ਅੱਜ ਵੀ ਰਾਮਗੜੀਆ ਬੁੰਗਾ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਲਗੇ ਹੋਏ ਦੇਖੇ ਜਾ ਸਕਦੇ ਹਨ।

1783 ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਵਾਪਸ ਆ ਗਿਆ ਅਤੇ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਦੋਬਾਰਾ ਕਬਜ਼ਾ ਕਰ ਲਿਆ। ਹੁਣ ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ੁਕਰਚਕੀਆ ਮਿਸਲ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਦੋਹਾਂ ਨੇ ਮਿਲ ਕੇ ਕਨ੍ਹਈਆ ਮਿਸਲ ਦੀ ਤਾਕਤ ਦਾ ਖ਼ਾਤਮਾ ਕਰ ਦਿੱਤਾ। ਰਾਮਗੜ੍ਹੀਆ ਕੋਲ ਆਪਣੀ ਚੜ੍ਹਤ ਦੇ ਦਿਨਾ ਵਿੱਚ ਬਾਰੀ ਦੋਆਬ ਵਿੱਚ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਨ, ਮੱਤੇਵਾਲ, ਅਤੇ ਜਲੰਧਰ ਵਿੱਚ ਉੜਮੁੜ ਟਾਂਡਾ, ਮਿਆਣੀ, ਗੜ੍ਹਦੀਵਾਲ ਅਤੇ ਜ਼ਹੂਰਾ ਸਨ। ਪਹਾੜੀ ਇਲਾਕਿਆਂ ਵਿੱਚ ਇਸ ਮਿਸਲ ਕੋਲ ਕਾਂਗੜਾ, ਨੂਰਪੁਰ, ਮੰਡੀ ਸਨ। ਉਸ ਮਹਾਨ ਜਰਨੈਲ ਨੇ 14 ਸਾਲ ਦੀ ਉਮਰ ਤੋਂ 80 ਸਾਲ ਦੀ ਉਮਰ ਤੱਕ ਰੱਜ ਕੇ ਤਲਵਾਰ ਵਾਹੀ ਤੇ ਪੰਜਾਬ ਵਿੱਚ ਪੰਜਾਬੀਆਂ ਅਤੇ ਸਿੱਖਾਂ ਦਾ ਰਾਜ ਕਾਇਮ ਕੀਤਾ। ਆਪ ਨੇ ਆਖਰੀ ਸਮੇਂ ਵਿੱਚ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਲਾਹੌਰ ਉੱਤੇ ਕਬਜਾ ਕਰਨ ਵਿੱਚ ਵੀ ਮੱਦਦ ਕੀਤੀ ਅਤੇ ਪੰਜਾਬ ਵਿੱਚ ਖਾਲਸਾ ਰਾਜ ਕਾਇਮ ਹੁੰਦਾ ਆਪਣੀਆਂ ਅੱਖਾਂ ਨਾਲ ਵੇਖਿਆ। ਉਹ ਮਹਾਨ ਯੋਧਾ ਸੱਚਾ ਸੁੱਚਾ ਦੇਸ਼ ਭਗਤੀ ਦਾ ਜੀਵਨ ਬਤੀਤ ਆਪਣੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ, ਬਿਆਸ ਦਰਿਆ ਦੇ ਕੰਢੇ, ਕੁਛ ਚਿਰ ਬਿਮਾਰ ਰਹਿਣ ਮਗਰੋਂ 8 ਅਗਸਤ 1803 ਈ. ਨੂੰ ਇਸ ਸੰਸਾਰ ਤੋਂ ਰੁਖਸਤ ਹੋ ਗਿਆ। ਆਪਜੀ ਤੋਂ ਮਗਰੋਂ ਆਪਜੀ ਦਾ ਸਪੁੱਤਰ ਜੋਧ ਸਿੰਘ ਰਾਮਗੜ੍ਹੀਆ ਮਿਸਲ ਦਾ ਵਾਰਸ ਬਣਿਆਂ। 1808 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਰਾਮਗੜ੍ਹੀਆ ਮਿਸਲ ਦੇ ਇਲਾਕਿਆਂ ਨੂੰ ਆਪਣੀ ਬਾਦਸ਼ਾਹਤ ਵਿੱਚ ਸ਼ਾਮਲ ਕਰ ਲਿਆ। ਉਸੇ ਸਾਲ ਹੀ ਮਹਾਰਾਜੇ ਨੇ ਰਾਮਗੜ੍ਹ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਜੱਸਾ ਸਿੰਘ ਰਾਮਗੜ੍ਹੀਆ ਦੇ ਵਾਰਸਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪੈਨਸ਼ਨਾਂ ਨਾਲ ਨਿਵਾਜਿਆ। ਇਸ ਕੌਮੀ ਜਰਨੈਲ ਨੇ ਦਿੱਲੀ ਫ਼ਤਹਿ ਕਰਕੇ ਸਾਰੇ ਭਾਰਤ ਵਰਸ਼ ਵਿੱਚ ਉਹ ਧਾਕ ਬਣਾਈ ਕਿ ਮੁਗਲੀਆ ਸਲਤਨਤ, ਮਰਹੱਟੇ, ਪਠਾਣ, ਰਾਜਪੂਤ ਤੇ ਰੁਹੇਲੇ ਉਸ ਸਮੇਂ ਦੀਆਂ ਮਹਾਨ ਤਾਕਤਾਂ ਖ਼ਾਲਸੇ ਦੀ ਸ਼ਾਨ ਤੇ ਤਾਕਤ ਦਾ ਲੋਹਾ ਮੰਨਣ ਲੱਗ ਪਈਆਂ ।



ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ



ਭਾਈ ਸਾਹਿਬ ਭਾਈ ਪ੍ਰਮਜੀਤ ਸਿੰਘ ਪੰਜਵੜ

ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਭਾਈ ਸਾਹਿਬ ਭਾਈ ਪ੍ਰਮਜੀਤ ਸਿੰਘ ਪੰਜਵੜ ਨੂੰ ਪਾਕਿਸਤਾਨ 'ਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ। ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।



**ਸ:ਹਰਮਿੰਦਰ ਸਿੰਘ ਸਮਾਣਾ**

Law office of Anthony Nwosu

**(209) 481-7750**

# Kings Sports Club Sacramento

# 8th World ਕਬੱਡੀ ਕੱਪ




KINGS SPORTS CULTURE CLUB of SACRAMENTO

EST. 2010

KINGS OF KABADDI

## ਸਮੂਹ ਸੰਗਤ ਨੂੰ

## 27 ਮਈ 2023 ਦਿਨ ਸ਼ਨੀਵਾਰ

## ਨੂੰ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ

ਸੈਕਰਾਮੈਂਟੋ ਵਿਖੇ 8th World ਕਬੱਡੀ ਕੱਪ

ਦੇਖਣ ਲਈ ਪਹੁੰਚਣ ਦੀ ਬੇਨਤੀ

8th World Kabbddi Cup - Saturday May 27th 2023

**Kings sports Club-Sacramento**

Gurdwara Dashmesh Darbar Sahib

7733 ELK Grove Florin Rd. Sacramento 95829

ਗੁਰੂ ਘਰ ਦੀ ਗਰਾਊਂਡ ਵਿਚ ਹਥਿਆਰ ਲੈ ਕੇ ਆਉਣਾ, ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਜਾਂ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।

ਬੀਬੀਆਂ ਅਤੇ ਪਰਿਵਾਰ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ।

• ਗੁਰੂ ਕੇ ਲੰਗਰ ਅਤੁੱਟ ਵਰਤਣਗੇ। • ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।

## ਇਸ ਵਾਰ ਕਬੱਡੀ ਦੀ ਗਰਾਊਂਡ ਦੇ ਵਿਚ ਸ਼ਾਨਦਾਰ ਘਾਹ ਲੱਗੇ ਹੋਏ ਹਨ



# ਮਾਂ ਬਾਰੇ ਕੁਝ ਖ਼ਿਆਲ



*ਮੈਂ ਮਨ ਵਿੱਚ ਮਾਂ ਦੀ ਗੁਰਦੁਆਰੇ ਜਾਂਦੀ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿੱਚ ਸਵੱਲਾ ਜਿਹਾ ਅਹਿਸਾਸ ਉਤਪੰਨ ਹੁੰਦਾ ਹੈ ਕਿ ਇਹ ਗੁਰਦੁਆਰੇ ਵੀ ਸਾਡੇ ਲਈ ਹੀ ਜਾਂਦੀ ਹੈ। ਆਪਣੇ ਲਈ ਤਾਂ ਮਾਂ ਗੁਰਦੁਆਰੇ ਵੀ ਕਦੇ ਨਹੀਂ ਗਈ। ਰੱਬ ਨਾਲ ਉਸ ਦਾ ਬਹੁਤ ਪਿਆਰ ਹੈ। ਰੱਬ ਨੂੰ ਉਹ ਬਹੁਤ ਮੰਨਦੀ ਹੈ। ਉਸ ਕੋਲੋਂ ਡਰਦੀ ਵੀ ਬਹੁਤ ਹੈ ਤੇ ਡਰਦੀ ਵੀ ਸਾਡੇ ਕਰਕੇ ਹੀ ਹੈ।*

**ਗੋਪਾਲ ਸਿੰਘ ਸਿੱਧੂ**

ਮੈਨੂੰ ਕਿਸੇ ਐਸੀ ਔਰਤ ਬਾਰੇ ਸੋਚਣ ਲਈ ਕਿਹਾ ਗਿਆ ਜਿਸ ਦੀ ਮੇਰੀ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਅਹਿਮੀਅਤ ਹੈ।

ਮੈਂ ਆਪਣੀ ਮਾਂ ਬਾਰੇ ਸੋਚਿਆ। ਮੈਨੂੰ ਕਿਹਾ ਗਿਆ ਕਿ ਆਪਣੀ ਮਾਂ ਦੀ ਤਸਵੀਰ ਨੂੰ ਵੇਖ ਕੇ ਤੇਰੇ ਮਨ ਵਿੱਚ ਆਉਂਦੇ ਪਹਿਲੇ ਖ਼ਿਆਲ ਨੂੰ ਤੂੰ ਲਿਖਣਾ ਹੈ। ਉਸੇ ਖ਼ਿਆਲ ਨੂੰ ਹੁਣ ਮੈਂ ਪੰਨੇ ਉੱਤੇ ਉਤਾਰਨ ਦੀ ਕੋਸ਼ਿਸ਼ ਕਰਨ ਲੱਗਿਆ ਹਾਂ। ਮੈਂ ਆਪਣੇ ਮੋਬਾਈਲ ਫ਼ੋਨ ’ਤੇ ਆਪਣੀ ਮਾਂ ਦੀ ਤਸਵੀਰ ਵੇਖ ਰਿਹਾ ਹਾਂ ਅਤੇ ਸੱਜੇ ਹੱਥ ਨਾਲ ਲਿਖ ਰਿਹਾ ਹਾਂ। ਪਿਛਲੇ ਤਿੰਨ-ਚਾਰ ਮਿੰਟ ਮੈਂ ਮਾਂ ਦੀ ਤਸਵੀਰ ਵੇਖਦਾ ਅਤੇ ਸੋਚਦਾ ਰਿਹਾ ਕਿ ਇਸ ਨੂੰ ਵੇਖ ਕੇ ਮਨ ਵਿੱਚ ਕਿਹੜਾ ਖ਼ਿਆਲ ਪੈਦਾ ਹੋ ਰਿਹਾ ਹੈ? ਸੱਚ ਇਹ ਹੈ ਕਿ ਤਿੰਨ-ਚਾਰ ਮਿੰਟ ਮਾਂ ਦੀ ਤਸਵੀਰ ਸਿਰਫ਼ ਵੇਖਦਾ ਹੀ ਰਿਹਾ, ਮਨ ਵਿੱਚ ਕੋਈ ਖ਼ਿਆਲ ਪੈਦਾ ਨਹੀਂ ਹੋਇਆ। ਬਸ ਤਸਵੀਰ ਨੂੰ ਵੇਖੀ ਜਾ ਰਿਹਾ ਸੀ। ਕੁਝ ਸਮੇਂ ਲਈ ਭੁੱਲ ਗਿਆ ਕਿ ਤਸਵੀਰ ਨੂੰ ਵੇਖ ਕੇ ਮੈਂ ਕੁਝ ਲਿਖਣਾ ਵੀ ਹੈ। ਹੱਥ ਅਤੇ ਦਿਮਾਗ਼ ਜਿਉਂ ਕੰਮ ਕਰਨਾ ਬੰਦ ਕਰ ਗਏ ਹੋਣ। ਪਲਕਾਂ ਵੀ ਝਪਕ ਨਹੀਂ ਰਹੀਆਂ ਸਨ, ਮੈਂ ਟਿਕਟਿਕੀ ਲਾ ਕੇ ਸਿਰਫ਼ ਤਸਵੀਰ ਨੂੰ ਵੇਖੀ ਜਾ ਰਿਹਾ ਸੀ।

ਹੁਣ ਮੈਂ ਤਸਵੀਰ ਨੂੰ ਦੂਜੀ ਵਾਰ ਵੇਖ ਰਿਹਾ ਹਾਂ ਅਤੇ ਮਨ ਵਿੱਚ ਇੱਕ ਸਵਾਲ ਪੈਦਾ ਹੋਇਆ ਕਿ ਇਹ ਮੇਰੀ ਮਾਂ ਕੈਸੀ ਹੈ। ਰੱਬ ਨੇ ਇਸ ਨੂੰ ਕਿਹੋ ਜਿਹੀ ਬਣਾਇਆ ਹੈ। ਬਹੁਤ ਚੰਗੀ ਹੈ, ਰੱਬ ਵਰਗੀ, ਪਰ ਮੇਰੇ ਲਈ, ਆਪਣੇ ਪਤੀ ਲਈ, ਆਪਣੀ ਧੀ ਲਈ, ਆਪਣੇ ਪਰਿਵਾਰ ਲਈ। ਦੁਨੀਆਂ ਲਈ ਤਾਂ ਲੋਕਾਂ ਵਰਗੀ ਹੀ ਹੈ, ਕਈ ਗੱਲਾਂ ’ਚ ਚੰਗੀ, ਕਈ ਗੱਲਾਂ ’ਚ ਮਾੜੀ। ਪਰ ਮੇਰੇ ਲਈ ਮਾੜੀ ਕਿਉਂ ਨਹੀਂ ਹੈ? ਸ਼ਾਇਦ ਇਸ ਦੀ ਜ਼ਿੰਦਗੀ ਵਿੱਚ ਮੇਰੀ ਅਹਿਮੀਅਤ ਮੇਰੀ ਜ਼ਿੰਦਗੀ ਵਿੱਚ ਇਸ ਦੀ ਅਹਿਮੀਅਤ ਨਾਲੋਂ ਵੀ ਜ਼ਿਆਦਾ ਹੈ, ਤਾਂ ਕਰਕੇ। ਜਿਹੜੀ ਤਸਵੀਰ ਮੈਂ ਹੁਣ ਵੇਖ ਰਿਹਾ ਹਾਂ ਉਸ ਵਿੱਚ ਨਿੰਮਾ ਨਿੰਮਾ ਮੁਸਕਰਾ ਰਹੀ ਹੈ। ਮਾਂ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਮੁਸਕਾਨ ਵੇਖ ਕੇ ਥੋੜ੍ਹੀ ਤਾਂ ਮੇਰੇ ਚਿਹਰੇ ’ਤੇ ਵੀ ਆਪਣੇ ਆਪ ਹੀ ਆ ਗਈ। ਨੀਝ ਲਾ ਕੇ ਮਾਂ ਦੀਆਂ ਅੱਖਾਂ ਦੇਖਦਿਆਂ ਇਉਂ ਲੱਗਦਾ ਏ ਜਿਵੇਂ ਸ਼ਾਖ਼ਸਾਤ ਮੈਨੂੰ ਵੇਖ ਰਹੀ ਹੋਵੇ। ਮਾਂ ਦੇ ਚਿਹਰੇ ’ਤੇ ਦਿਸਦਾ ਬੇਹੱਦ ਭੋਲਾਪਣ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਤਸਵੀਰ ਵਿੱਚ ਵੀ ਮੇਰੀ ਚਿੰਤਾ ਕਰ ਰਹੀ ਹੈ।

ਖ਼ੈਰ, ਇਸ ਤਸਵੀਰ ਨੂੰ ਹਟਾ ਕੇ ਫੋਨ ਬੰਦ ਕਰਕੇ ਪਾਸੇ ਰੱਖ ਦਿੰਦਾ ਹਾਂ। ਆਪਣੇ ਮਨ ਵਿੱਚ ਮਾਂ ਦਾ ਚਿਹਰਾ ਬਣਾਉਣ ਦੀ ਕੋਸ਼ਿਸ ਕਰਦਾ ਹਾਂ। ਕਈ ਤਰਾਂ ਦੇ ਹਾਵ-ਭਾਵ ਸਾਹਮਣੇ ਆਉਂਦੇ ਨੇ, ਹੱਸਦੀ, ਖ਼ੁਸ਼ ਹੁੰਦੀ, ਚਿੰਤਾ ਕਰਦੀ, ਥੋੜ੍ਹਾ ਜਿਹਾ ਮੁਸਕੁਰਾਉਂਦੀ, ਖੁੱਲ੍ਹ ਕੇ ਹੱਸਦੀ, ਹੈਰਾਨ ਹੁੰਦੀ, ਉਦਾਸ ਬੈਠੀ, ਨਾਰਾਜ਼ ਹੁੰਦੀ, ਮਮਤਾ ਲੁਟਾਉਂਦੀ, ਰੋਟੀ ਬਣਾਉਂਦੀ, ਗਰਮੀ ਵਿੱਚ ਚੁੰਨੀ ਦੇ ਪੱਲੇ ਨਾਲ ਮੂੰਹ ਤੋਂ ਪਸੀਨਾ ਪੂੰਝਦੀ, ਸਿਆਲ ਵਿੱਚ ਰਜਾਈਆਂ ਵਿਸ਼ਾਉਣੇ ਸਾਂਭਦੀ, ਸ਼ਾਲ ਨਾਲ ਇੱਕ ਪਾਸਿਓਂ ਮੂੰਹ ਢਕ ਕੇ ਧੁੱਪ ਸੇਕਦੀ, ਕੱਪੜੇ ਸਿਉਂਦੀ, ਕਮੀਜ਼ ਦੇ ਕਿਸੇ ਟੁੱਟੇ ਬਟਨ ਨੂੰ ਮੁੜ ਲਾਉਂਦੀ ਤੇ ਲਾਉਣ ਮਗਰੋਂ ਦੰਦਾਂ ਨਾਲ ਧਾਗਾ ਤੋੜਦੀ, ਗੁਆਂਢੀਆਂ ਨਾਲ ਗੱਲਾਂ ਕਰਦੀ, ਘਰ ਦੀ ਸਫ਼ਾਈ ਕਰਦੀ, ਸਾਰਾ ਦਿਨ ਕੁਝ ਨਾ ਕੁਝ ਸਮਝਾਉਂਦੀ, ਝਿੜਕਾਂ ਦਿੰਦੀ, ਰਿਸ਼ਤੇਦਾਰਾਂ ਨੂੰ ਚਾਹ ਫੜਾਉਂਦੀ, ਘਰ ਦੇ ਕਿੰਨੇ ਹੀ ਕੰਮ ਕਰਦੀ, ਪਾਠ ਕਰਦੀ, ਅਰਦਾਸ ਕਰਦੀ, ਗੁਰਦੁਆਰੇ ਜਾਂਦੀ ਦੇ ਆਦਿ। ਇਨ੍ਹਾਂ ਵਿੱਚੋਂ ਕਿਸੇ ਵੀ ਚਿਹਰੇ ਨੂੰ ਆਪਣੇ ਮਨ ਵਿੱਚ ਲੈ ਕੇ ਆਉਂਦਾ ਹਾਂ ਤਾਂ ਅੱਖਾਂ ਸਾਹਮਣੇ ਹੂ-ਬ-ਹੂ ਉਹੀ ਤਸਵੀਰ ਬਣ ਜਾਂਦੀ ਹੈ। ਤਸਵੀਰ ਵੇਖ ਕੇ ਇਹੋ ਲੱਗਦਾ ਹੈ ਕਿ ਹੁਣ ਭਾਵੇਂ ਖੁੱਲ੍ਹ ਕੇ ਹੀ ਹੱਸ ਰਹੀ ਹੈ, ਪਰ ਤਾਂ ਵੀ ਮੇਰੀ ਚਿੰਤਾ ਬਹੁਤ ਕਰਦੀ ਹੈ। ਬਹੁਤ ਪਿਆਰ ਕਰਦੀ ਹੈ। ਭਾਵੇਂ ਕਿਸੇ ਹੋਰ ਗੱਲ ਕਰਕੇ ਕਿਸੇ ਹੋਰ ਇਨਸਾਨ ਦੀ ਚਿੰਤਾ ਵਿੱਚ ਉਦਾਸ ਬੈਠੀ ਹੋਵੇ ਤਾਂ ਵੀ ਮਨ ਵਿੱਚ ਇਹੋ ਖ਼ਿਆਲ ਆਉਂਦਾ ਹੈ ਕਿ ਮੇਰੇ ਨਾਲ-ਨਾਲ ਬਾਕੀਆਂ ਦੀ ਵੀ ਕਿੰਨੀ ਚਿੰਤਾ ਕਰਦੀ ਹੈ। ਮੈਂ ਦੁਨੀਆਂ ਵਿੱਚ ਭਾਵੇਂ ਸਭ ਤੋਂ ਵੱਧ ਕਾਮਯਾਬ, ਸਭ ਤੋਂ ਵੱਧ ਸ਼ਕਤੀਸ਼ਾਲੀ ਇਨਸਾਨ ਬਣ ਜਾਵਾਂ ਉਸ ਵੇਲੇ ਵੀ ਮੇਰੀ ਚਿੰਤਾ ਕਰਨ ਵਾਲਾ ਇੱਕੋ ਇੱਕ ਸ਼ਖ਼ਸ ਮੇਰੀ ਮਾਂ ਹੀ ਹੋਵੇਗੀ। ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। ਮੇਰੀ ਮਾਂ ਕਦੇ ਕਦੇ ਬਿਮਾਰ ਹੋ ਜਾਂਦੀ ਹੈ। ਬਿਮਾਰ ਹੋਣ ਦੇ ਬਾਵਜੂਦ ਉਹ ਆਪਣੀ ਨਹੀਂ, ਮੇਰੀ ਚਿੰਤਾ ਕਰਦੀ ਹੈ। ਉਸ ਦੇ ਆਪਣੇ ਲੱਗੀ ਸੱਟ ਉਸ ਨੂੰ ਇੰਨਾ ਦੁੱਖ ਨਹੀਂ ਦਿੰਦੀ, ਪਰ ਮੇਰੇ ਲੱਗੀ ਸੱਟ ਨੂੰ ਸਹਾਰ ਨਹੀਂ ਸਕਦੀ।

ਮੈਂ ਮਨ ਵਿੱਚ ਮਾਂ ਦੀ ਗੁਰਦੁਆਰੇ ਜਾਂਦੀ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿੱਚ ਸਵੱਲਾ ਜਿਹਾ ਅਹਿਸਾਸ ਉਤਪੰਨ ਹੁੰਦਾ ਹੈ ਕਿ ਇਹ ਗੁਰਦੁਆਰੇ ਵੀ ਸਾਡੇ ਲਈ ਹੀ ਜਾਂਦੀ ਹੈ। ਆਪਣੇ ਲਈ ਤਾਂ ਮਾਂ ਗੁਰਦੁਆਰੇ ਵੀ ਕਦੇ ਨਹੀਂ ਗਈ। ਰੱਬ ਨਾਲ ਉਸ ਦਾ ਬਹੁਤ ਪਿਆਰ ਹੈ। ਰੱਬ ਨੂੰ ਉਹ ਬਹੁਤ ਮੰਨਦੀ ਹੈ। ਉਸ ਕੋਲੋਂ ਡਰਦੀ ਵੀ ਬਹੁਤ ਹੈ ਤੇ ਡਰਦੀ ਵੀ ਸਾਡੇ ਕਰਕੇ ਹੀ ਹੈ। ਉਹ ਰੱਬ ਕੋਲੋਂ ਆਪਣੇ ਕਰਕੇ ਨਹੀਂ ਡਰਦੀ। ਉਹ ਡਰਦੀ ਹੈ ਕਿ ਮੇਰੇ ਬੱਚਿਆਂ ਨੂੰ ਕੁਝ ਹੋ ਨਾ ਜਾਵੇ। ਉਹ ਮੰਨਦੀ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਪਰਮਾਤਮਾ ਹੀ ਹੈ। ਉਹ ਗੁਰਦੁਆਰੇ ਜਾ ਕੇ ਅਰਦਾਸ ਕਰਦੀ ਹੈ। ਮੇਰੇ ਖ਼ਿਆਲ ਨਾਲ ਮੇਰੀ ਮਾਂ ਅਰਦਾਸ ’ਚ ਇਹੀ ਆਖਦੀ ਹੈ ਕਿ “ਹੇ ਪਰਮਾਤਮਾ! ਮੇਰੇ ਬੱਚਿਆਂ, ਮੇਰੇ ਪਰਿਵਾਰ ਨੂੰ ਸੁੱਖ ਸ਼ਾਂਤੀ ਬਖ਼ਸ਼ੀਂ। ਉਨ੍ਹਾਂ ਉੱਤੇ ਕੋਈ ਮੁਸੀਬਤ ਨਾ ਪਵੇ। ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖ਼ੁਸ਼ ਰੱਖੀਂ, ਤਰੱਕੀਆਂ ਬਖ਼ਸ਼ੀਂ, ਸਿੱਧੇ ਰਾਹ ਪਾਈ ਰੱਖੀਂ।”ਆਪਣੀ ਇਸ ਅਰਦਾਸ ਵਿੱਚ ਵੀ ਉਹ ਆਪਣੇ ਲਈ ਕੁਝ ਨਹੀਂ ਮੰਗਦੀ।

ਮੈਂ ਘਰ ਘੱਟ ਸਮਾਂ ਗੁਜ਼ਾਰਦਾ ਹਾਂ ਅਤੇ ਜ਼ਿਆਦਾ ਸਮਾਂ ਘਰ ਤੋਂ ਬਾਹਰ। ਮੈਂ ਜਦੋਂ ਵੀ, ਜਿੱਥੇ ਵੀ ਤੇ ਜਿਵੇਂ ਵੀ ਹੋਵਾਂ, ਆਪਣੀ ਮਾਂ ਬਾਰੇ ਸੋਚਣ ਲੱਗਦਾ ਹਾਂ ਤਾਂ ਮਨ ਵਿੱਚ ਇੱਕੋ ਖ਼ਿਆਲ ਆਉਂਦਾ ਹੈ ਕਿ ਉਹ ਚਾਹੇ ਕਦੋਂ ਵੀ, ਕਿਤੇ ਵੀ ਹੋਵੇਗੀ ਮੇਰੀ ਚਿੰਤਾ ਕਰਦੀ ਹੋਵੇਗੀ। ਮੈਂ ਉਸ ਦੀਆਂ ਅੱਖਾਂ ਦੇ ਸਾਹਮਣੇ ਹੋਵਾਂ ਜਾਂ ਓਹਲੇ, ਉਹ ਮੇਰੀ ਚਿੰਤਾ ਕਰਨੋਂ ਨਹੀਂ ਹਟ ਸਕਦੀ। ਸ਼ਾਇਦ ਇਸੇ ਕਰਕੇ ਉਸ ਦਾ ਪਿਆਰ ਬਾਕੀਆਂ ਨਾਲੋਂ ਖ਼ਾਸ ਹੈ। ਉਸ ਦਾ ਪਿਆਰ ਇੰਨਾ ਖ਼ਾਸ ਹੈ ਕਿਉਂ? ਇਸ ਸਵਾਲ ਦਾ ਜਵਾਬ ਅਣਗਿਣਤ ਸ਼ਬਦਾਂ ਵਿੱਚ ਵੀ ਨਹੀਂ ਦਿੱਤਾ ਜਾ ਸਕਦਾ। ਦਰਅਸਲ, ਮਾਂ ਦਾ ਪਿਆਰ ਕਿਸੇ ਇੱਕ ਗੱਲ ਕਰਕੇ ਖ਼ਾਸ ਨਹੀਂ ਹੈ। ਬੇਅੰਤ ਗੱਲਾਂ ਉਸ ਦੇ ਪਿਆਰ ਨੂੰ ਖ਼ਾਸ ਬਣਾਉਂਦੀਆਂ ਹਨ।

ਮੈਨੂੰ ਮਾਂ ਦੀ ਤਸਵੀਰ ਕਿਸੇ ਦੁਨਿਆਵੀ ਪਦਾਰਥ ਦੀ ਸਹਾਇਤਾ ਨਾਲ ਵੇਖਣ ਦੀ ਲੋੜ ਨਹੀਂ ਪੈਂਦੀ। ਆਪਣੇ ਆਪ ਹੀ ਮਨ ਵਿੱਚ ਮਾਂ ਦੀ ਤਸਵੀਰ ਦਾ ਆਗਮਨ ਹੋ ਜਾਂਦਾ ਹੈ। ਮੈਂ ਜਦੋਂ ਵੀ ਕੋਈ ਚੰਗਾ ਜਾਂ ਕੋਈ ਮਾੜਾ ਕੰਮ ਕਰਨ ਲੱਗਾਂ, ਮੈਨੂੰ ਮਨ ਵਿੱਚ ਆਪਣੀ ਮਾਂ ਦੀ ਤਸਵੀਰ ਦਿਸਣ ਲੱਗਦੀ ਹੈ। ਚੰਗਾ ਕੰਮ ਕਰਨ ਲੱਗਿਆਂ ਮਾਂ ਨੂੰ ਯਾਦ ਕਰਦਿਆਂ ਸੋਚਦਾ ਹਾਂ ਕਿ ਇਹ ਕੰਮ ਹੋਣ ਤੋਂ ਬਾਅਦ ਉਹ ਵੀ ਕਿੰਨੀ ਖ਼ੁਸ਼ ਹੋਵੇਗੀ। ਆਪਣੀ ਗ਼ਲਤੀ ਨਾਲ ਕੋਈ ਮਾੜਾ ਕੰਮ ਕਰਨ ਲੱਗਿਆਂ ਵੀ ਮੈਨੂੰ ਮੇਰੀ ਮਾਂ ਯਾਦ ਆਉਂਦੀ ਹੈ। ਮੈਂ ਸੋਚਦਾ ਹਾਂ ਕਿ ਜਦੋਂ ਉਸ ਨੂੰ ਇਸ ਕੰਮ ਬਾਰੇ ਪਤਾ ਲੱਗੇਗਾ ਉਹ ਕੀ ਸੋਚੇਗੀ, ਕਿਤੇ ਨਾਰਾਜ਼ ਨਾ ਹੋ ਜਾਵੇ, ਕਿਤੇ ਉਦਾਸ ਨਾ ਹੋ ਜਾਵੇ, ਉਸ ਦਾ ਦਿਲ ਨਾ ਦੁਖੇ। ਅਜਿਹੇ ਸਮੇਂ ਮੇਰੇ ਮਨ ਵਿੱਚ ਉੱਭਰੀ ਮੇਰੀ ਮਾਂ ਦੀ ਤਸਵੀਰ ਹੀ ਮੈਨੂੰ ਹਰ ਮਾੜਾ ਕੰਮ ਕਰਨ ਤੋਂ ਰੋਕਦੀ ਹੈ। ਸ਼ਾਇਦ ਇਹੀ ਇਨਸਾਨ ਦੇ ਅੰਦਰ ਬੈਠੇ ਪਰਮਾਤਮਾ ਦੀ ਆਵਾਜ਼ ਹੈ। ਇਹੀ ਕੁਝ ਖ਼ਿਆਲ ਹਨ ਜੋ ਮਨ ਹੀ ਮਨ ਆਪਣੀ ਮਾਂ ਦੇ ਦੀਦਾਰ ਕਰਦਿਆਂ ਮੇਰੇ ਮਨ ਵਿੱਚ ਉੱਗ ਪੈਂਦੇ ਹਨ। ਜਾਂਦੇ ਜਾਂਦੇ ਦੋ ਸਤਰਾਂ ਯਾਦ ਆ ਗਈਆਂ ਕਿਤੇ ਪੜ੍ਹੀਆਂ ਸਨ ਕਿ “ਮਾਂ ਲਈ ਸਭ ਛੱਡ ਦੇਈਂ, ਸਭ ਲਈ ਮਾਂ ਨਾ ਛੱਡੀਂ।” ਪਰਮਾਤਮਾ ਮੈਨੂੰ ਇਨ੍ਹਾਂ ਗੱਲਾਂ ਉੱਤੇ ਵਿਚਾਰ ਅਤੇ ਆਚਾਰ ਕਰਨ ਦਾ ਬਲ ਬਖ਼ਸ਼ੇ। ਇਹ ਵੀ ਸੱਚ ਹੈ ਕਿ ਇਨ੍ਹਾਂ ਅਤੇ ਅਜਿਹੀਆਂ ਹੋਰ ਕਈ ਗੱਲਾਂ ਉੱਤੇ ਖ਼ਰਾ ਉਤਰਨ ਦੇ ਬਾਵਜੂਦ ਮੈਂ ਤਾ-ਉਮਰ ਆਪਣੀ ਮਾਂ ਦਾ ਦੇਣ ਨਹੀਂ ਦੇ ਸਕਦਾ।

# ਮੂਲ ਅਧਿਕਾਰਾਂ ਦੀ ਸੰਵਿਧਾਨਕ ਗਾਰੰਟੀ ਨੂੰ ਕੀਤਾ ਖੋਖਲਾ

ਪਿਛਲੇ ਦਿਨੀਂ ਮਹਾਰਾਸ਼ਟਰ, ਪੰਜਾਬ, ਰਾਜਸਥਾਨ, ਛੱਤੀਸਗੜ੍ਹ, ਤਾਮਿਲਨਾਡੂ, ਆਂਧਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ’ਚ ਸਿਆਸੀ ਵਿਰੋਧੀਆਂ ਤੇ ਹੋਰ ਲੋਕਾਂ ’ਤੇ ਦੇਸ਼ਧ੍ਰੋਹ ਦਾ ਮੁਕੱਦਮਾ ਇਹੋ ਦੱਸਦਾ ਹੈ ਕਿ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ ਹੁਣ ਕੋਈ ਨਵੀਂ ਤੇ ਅਨੋਖੀ ਗੱਲ ਨਹੀਂ ਹੈ। ਇਹ ਇਕ ਅਜਿਹਾ ਮਾਪਦੰਡ ਬਣ ਗਿਆ ਹੈ, ਜਿਸ ਨੇ ਮੂਲ ਅਧਿਕਾਰਾਂ ਦੀ ਸੰਵਿਧਾਨਕ ਗਾਰੰਟੀ ਨੂੰ ਖੋਖਲਾ ਕਰ ਦਿੱਤਾ ਹੈ। ਇਸ ਨੇ ਲੋਕਾਂ ਅੱਗੇ ਜੋਖਮ ਵਧਾ ਦਿੱਤਾ ਹੈ। ਇਸ ਨਾਲ ਕੌਮੀ ਸੰਵੇਦਨਾਵਾਂ ’ਤੇ ਏਨਾ ਹਮਲਾ ਹੁੰਦਾ ਦਿਸ ਰਿਹਾ ਹੈ ਜਿਹੋ ਜਿਹਾ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲਿਆ। ਇਸ ਸੰਦਰਭ ’ਚ 11 ਮਈ ਨੂੰ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਵਿਆਪਕ ਰੂਪ ’ਚ ਨਿਆਂਇਕ ਸਟੇਟਸਮੈਨਸ਼ਿਪ ਦੇ ਰੂਪ ’ਚ ਦੇਖਿਆ ਜਾਣਾ ਚਾਹੀਦਾ ਹੈ। ਦੇਸ਼ਧ੍ਰੋਹ ਕਾਨੂੰਨ ਦੀ ਸਮੀਖਿਆ ਨੂੰ ਲੈ ਕੇ ਕੇਂਦਰ ਸਰਕਾਰ ਦੇ ਸੋਧੇ ਹੋਏ ਹਲਫ਼ਨਾਮੇ ਨਾਲ ਮਿਲੀ ਗੁੰਜ਼ਾਇਸ਼ ਨੂੰ ਦੇਖਦਿਆਂ ਅਦਾਲਤ ਨੇ ਸੁਣਵਾਈ ਨੂੰ ਕੁਝ ਸਮੇਂ ਲਈ ਟਾਲਣ ਦੀ ਅਪੀਲ ਨੂੰ ਸਵੀਕਾਰ ਤਾਂ ਕੀਤਾ ਪਰ ਇਸ ਮਾਮਲੇ ’ਚ ਅੰਤ੍ਰਿਮ ਨਿਰਦੇਸ਼ ਵੀ ਜਾਰੀ ਕੀਤੇ। ਇਸ ਨਾਲ ਲੋਕਾਂ ਨੂੰ ਤਤਕਾਲੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਜਦੋਂ ਤਕ ਇਸ ਮਾਮਲੇ ’ਚ ਆਖ਼ਰੀ ਫ਼ੈਸਲਾ ਨਹੀਂ ਆ ਜਾਂਦਾ, ਉਦੋਂ ਤਕ ਕੇਂਦਰ ਤੇ ਸੂਬਾ ਸਰਕਾਰਾਂ ਇਸ ਤਹਿਤ ਕੋਈ ਨਵਾਂ ਮਾਮਲਾ ਨਾ ਦਰਜ ਕਰਨ। ਦੇਖਿਆ ਜਾਵੇ ਤਾਂ ਨਿਆਂਇਕ ਇਤਿਹਾਸ ’ਚ ਪਹਿਲੀ ਵਾਰ ਸੁਪਰੀਮ ਕੋਰਟ ਨੇ ਕਿਸੇ ਅਪਰਾਧਿਕ ਕਾਨੂੰਨ ਨੂੰ ਅਸੰਵਿਧਾਨਕ ਕਰਾਰ ਦਿੱਤੇ ਬਿਨਾਂ ਹੀ ਉਸ ’ਤੇ ਇਕ ਤਰ੍ਹਾਂ ਨਾਲ ਰੋਕ ਲਾ ਦਿੱਤੀ। ਹਾਲਾਂਕਿ ਉਸ ਦੇ ਨਿਰਦੇਸ਼ ‘ਪਹਿਲੀ ਨਜ਼ਰ’ ਆਧਾਰ ’ਤੇ ਪ੍ਰਗਟ ਹੋਏ ਹਨ, ਜੋ ਇਸ ਦਾ ਸੰਕੇਤ ਹੈ ਕਿ ਉਸ ਦਾ ਆਖ਼ਰੀ ਫ਼ੈਸਲਾ ਕਿਸ ਦਿਸ਼ਾ ’ਚ ਹੋ ਸਕਦਾ ਹੈ?

ਇਹ ਇਕ ਮਿਸਾਲ ਹੈ ਜਿੱਥੇ ਅਦਾਲਤ ਨੇ ਵਿਧਾਨਪਾਲਿਕਾ ਦੀ ਕਾਨੂੰਨ ਬਣਾਉਣ ਦੀ ਸ਼ਕਤੀ ਜਾਂ ਨੀਤੀਗਤ ਫ਼ੈਸਲਿਆਂ ’ਤੇ ਕਾਰਜਪਾਲਿਕਾ ਦੇ ਕੰਟਰੋਲ ਦੀ ਰੇਖਾ ਦੀ ਉਲੰਘਣਾ ਕੀਤੇ ਬਿਨਾਂ ਨਾਗਰਿਕਾਂ ਨੂੰ ਇਕ ਸਖ਼ਤ ਕਾਨੂੰਨ ਨਾਲ ਸੁਰੱਖਿਆ ਪ੍ਰਦਾਨ ਕੀਤੀ। ਸੰਵਿਧਾਨ ਦੀ ਉਦਾਰਵਾਦੀ ਚੇਤਨਾ ਦੇ ਪੱਖ ’ਚ ਨਿਰਣਾਇਕ ਰੂਪ ’ਚ ਝੁਕਦਿਆਂ ਸੁਪਰੀਮ ਕੋਰਟ ਸੰਵਿਧਾਨਕ ਸਿਧਾਂਤਾਂ ਦੇ ਰੱਖਿਅਕ ਦੇ ਰੂਪ ’ਚ ਲੋਕਾਂ ਦੀਆਂ ਉਮੀਦਾਂ ’ਤੇ ਖ਼ਰਾ ਉੱਤਰਿਆ ਹੈ। ਹਰੇਕ ਫ਼ੈਸਲੇ ਦੀ ਸ਼ਕਤੀ ਹੁੰਦੀ ਹੈ ਤੇ ਭਵਿੱਖ ’ਚ ਇੱਕੋ ਜਿਹੀ ਪ੍ਰਕਿਰਤੀ ਦੇ ਮਾਮਲਿਆਂ ’ਤੇ ਵੀ ਉਸ ਦਾ ਪ੍ਰਭਾਵ ਹੁੰਦਾ ਹੈ, ਇਸ ਲਈ ਸੁਪਰੀਮ ਕੋਰਟ ਤੋਂ ਇਹੋ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਇਕ ਉਦੇਸ਼ਪੂਰਨ ਫ਼ੈਸਲਾ ਯਕੀਨੀ ਬਣਾਵੇ, ਜਿਸ ਨਾਲ ਮਨੁੱਖੀ ਅਧਿਕਾਰਾਂ ਦੀ ਪਵਿੱਤਰਤਾ ਦੀ ਪੁਸ਼ਟੀ ਹੋਵੇ। ਉਸ ਦੇ ਫ਼ੈਸਲਿਆਂ ’ਚ ਇਸ ਜ਼ਿੰਮੇਵਾਰੀ ਦਾ ਅਹਿਸਾਸ ਵੀ ਸਾਹਮਣੇ ਆਇਆ ਹੈ। ਇਹ ਇਕ ਉੱਚਿਤ ਮੌਕਾ ਤੇ ਮਹੱਤਵਪੂਰਨ ਪੜਾਅ ਹੈ ਕਿਉਂਕਿ ਸਰਕਾਰ ਰਾਸ਼ਟਰ ਦੇ ਕਾਨੂੰਨੀ ਢਾਂਚੇ ਦੀ ਸਮੀਖਿਆ ਕਰ ਰਹੀ ਹੈ। ਜਿਨ੍ਹਾਂ ਸੁਝਾਵਾਂ ਦੀ ਚਰਚਾ ਕੀਤੀ ਗਈ ਹੈ, ਉਹ ਦੇਸ਼ ਦੇ ਲੋਕਤੰਤਰੀ ਸਰੂਪ ਨੂੰ ਹੋਰ ਨਿਖਾਰਨ ਦਾ ਕੰਮ ਕਰਨਗੇ ਤੇ ਇਸ ਨਾਲ ਆਲਮੀ ਭਾਈਚਾਰੇ ਨਾਲ ਸੰਵਾਦ ਤੇ ਸਰਗਰਮੀ ’ਚ ਵੀ ਦੇਸ਼ ਦੀ ਸਾਫਟ ਪਾਵਰ ਵਧੇਗੀ। ਅਦਾਲਤ ਵੱਲੋਂ ਕੀਤੀ ਗਈ ਪਹਿਲ ਨਵਾਂ ਆਕਾਰ ਲੈਂਦੇ ਆਲਮੀ ਅਰਥਚਾਰੇ ’ਚ ਵੀ ਦੇਸ਼ ਦੀ ਪ੍ਰਮੁੱਖ ਭੂਮਿਕਾ ਨੂੰ ਮਾਨਤਾ ਪ੍ਰਦਾਨ ਕਰੇਗੀ। ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਕਦਮ ਸ਼ਲਾਘਾਯੋਗ ਹੈ ਕਿ ਉਨ੍ਹਾਂ ਨੇ ਭਾਰਤ ਜਿਹੇ ਆਜ਼ਾਦ ਦੇਸ਼ ਨੂੰ ਧੱਬਾ ਲਾ ਰਹੇ ਦੇਸ਼ਧ੍ਰੋਹ ਕਾਨੂੰਨ ਦੀ ਸਮੀਖਿਆ ਕਰਨ ਦੀ ਗੱਲ ਕਹੀ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਦੇਸ਼ ਬਸਤੀਵਾਦੀ ਵਿਰਾਸਤ ਦੇ ਅਵਸ਼ੇਸ਼ਾਂ ਤੋਂ ਛੇਤੀ ਹੀ ਖ਼ੁਦ ਨੂੰ ਮੁਕਤ ਕਰ ਲਵੇਗਾ। ਅਸੀਂ ਉਨ੍ਹਾਂ ਕਾਨੂੰਨਾਂ ਤੋਂ ਮੁਕਤੀ ਪਾ ਲਵਾਂਗੇ, ਜੋ ਸਾਡੇ ਹੀ ਲੋਕਾਂ ਨਾਲ ਅਨਿਆਂ ਕਰਨ ਦਾ ਮਾਧਿਅਮ ਬਣੇ ਹੋਏ ਹਨ। ਆਖ਼ਰ ’ਚ ਵਿਕਟਰ ਹਿਊਗੋ ਨੂੰ ਯਾਦ ਕਰਨਾ ਉੱਚਿਤ ਹੋਵੇਗਾ, ਜਿਨ੍ਹਾਂ ਨੇ ਕਿਹਾ ਸੀ ਕੀ ‘ਕੋਈ ਵੀ ਤਾਕਤ ਉਸ ਵਿਚਾਰ ਨੂੰ ਨਹੀਂ ਰੋਕ ਸਕਦੀ, ਜਿਸ ਦੇ ਸਾਕਾਰ ਰੂਪ ਲੈਣ ਦਾ ਸਮਾਂ ਆ ਗਿਆ ਹੋਵੇ।’ ਇਸ ਗੱਲ ਨਾਲ ਸਾਡਾ ਹੌਸਲਾ ਵਧਣਾ ਚਾਹੀਦਾ ਹੈ। ਸੋ ਦੇਰ ਆਏ, ਦਰੁਸਤ ਆਏ।

**-ਪੰਕਜ ਸ਼ਰਮਾ।**






ਸ਼ਹੀਦ ਮਨਵੀਰ ਸਿੰਘ ਚਹੇੜੂ

ਸ਼ਹੀਦ ਜਨਰਲ ਲਾਭ ਸਿੰਘ

ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ
ਮੁਖੀ ਖਾਲਿਸਤਾਨ ਕਮਾਂਡੋ ਫੋਰਸ

ਸ਼ਹੀਦ ਕਮਲਜੀਤ ਸਿੰਘ ਸੁਲਤਾਨਵਿੰਡ

ਸ਼ਹੀਦ ਹਰਮਿੰਦਰ ਸਿੰਘ ਸੁਲਤਾਨਵਿੰਡ

ਕੌਮ ਦੇ ਮਹਾਨ ਜਰਨੈਲ ਜਿਨ੍ਹਾਂ ਦੇ ਪ੍ਰਵਾਰ ਦੇ ਕਈ ਜੀਅ ਸਰਕਾਰ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਸਨ ਨੂੰ ਪਾਕਿਸਤਾਨ 'ਚ ਜਾਲਮਾਂ ਨੇ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਅਸੀਂ ਉਸਦੇ ਸੁਪਨਿਆਂ ਨੂੰ ਸਾਕਾਰ ਰੱਖਾਂਗੇ। ਅਸੀਂ ਇਸ ਮਹਾਨ ਜਰਨੈਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

# ਭਾਈ ਸਾਹਿਬ ਭਾਈ ਪਰਮਜੀਤ ਸਿੰਘ ਪੰਜਵੜ

## ਜੀ ਦੀ ਯਾਦ ਵਿਚ



ਸ਼ਹੀਦ ਰਾਜਵਿੰਦਰ ਸਿੰਘ ਰਾਜੂ (ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਭਰਾ) ਅਤੇ ਮਾਤਾ ਜੀ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ 19 ਮਈ 2023 ਸਵੇਰੇ 10.30 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ 21 ਮਈ 2023 ਸਵੇਰੇ 10.00 ਵਜੇ**

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

# ਚਰਿੱਤਰ ਸਿੱਖਿਆ



ਪਾਤਰ ਇੱਕ ਵਿਸ਼ੇਸ਼ਤਾ ਜਾਂ ਗੁਣਾਂ ਲਈ ਖੜ੍ਹਾ ਹੈ ਜੋ ਵਿਅਕਤੀਆਂ ਦੀਆਂ ਨੈਤਿਕ ਅਤੇ ਨੈਤਿਕ ਕਾਰਵਾਈਆਂ ਅਤੇ ਪ੍ਰਤੀਕਰਮਾਂ ਨੂੰ ਪਰਿਭਾਸ਼ਿਤ ਕਰਦਾ ਹੈ। ਹਾਲਾਂਕਿ ਇੱਥੇ ਅੱਖਰ ਵੱਖ-ਵੱਖ ਅਰਥਾਂ ਵਿੱਚ ਵਰਤਿਆ ਗਿਆ ਹੈ ਅਸੀਂ ਆਮ ਤੌਰ 'ਤੇ ਕੀ ਗਲਤ ਹੈ ਅਤੇ ਕੀ ਸਹੀ ਹੈ ਨਾਲ ਨਜਿੱਠਦੇ ਹਾਂ। ਇਸ ਤੋਂ ਇਲਾਵਾ, ਇਹ ਵਿਸ਼ੇਸ਼ ਤੌਰ 'ਤੇ ਚਰਿੱਤਰ ਸਿੱਖਿਆ ਹੈ ਜਿਸ ਨਾਲ ਇਹ ਲੇਖ ਪੇਸ਼ ਕਰਦਾ ਹੈ। ਚਰਿੱਤਰ ਸਿੱਖਿਆ ਇੱਕ ਵਿਦਿਅਕ ਪ੍ਰਣਾਲੀ ਹੈ ਜੋ ਬੱਚਿਆਂ ਵਿੱਚ ਉਹਨਾਂ ਗੁਣਾਂ ਨੂੰ ਵਿਕਸਤ ਕਰਨ ਲਈ ਦਿੱਤੀ ਜਾਂਦੀ ਹੈ ਜੋ ਸਮਾਜ ਦੁਆਰਾ ਸਰਵ ਵਿਆਪਕ ਤੌਰ 'ਤੇ ਸਵੀਕਾਰ ਕੀਤੇ ਜਾਂਦੇ ਹਨ। ਚੰਗੇ ਚਰਿੱਤਰ ਦਾ ਹੋਣਾ ਅਤੇ ਅਜਿਹੇ ਵਿਅਕਤੀਗਤ ਗੁਣਾਂ ਦਾ ਵਿਕਾਸ ਕਰਨਾ, ਇਸ ਲਈ, ਚਰਿੱਤਰ ਸਿੱਖਿਆ ਦਾ ਉਦੇਸ਼ ਹੈ। ਚਰਿੱਤਰ ਸਿੱਖਿਆ ਦਾ ਸੰਕਲਪ ਬਹੁਤ ਪੁਰਾਣਾ ਹੈ ਕਿਉਂਕਿ ਇਹ ਸਾਨੂੰ ਮਾਤਾ-ਪਿਤਾ ਅਤੇ ਧਰਮ ਦੁਆਰਾ ਸਿਖਾਇਆ ਜਾਂਦਾ ਹੈ। ਪੱਛਮ ਵਿੱਚ, ਇਹ ਸਕੂਲਾਂ ਅਤੇ ਕਾਰੋਬਾਰਾਂ ਦੁਆਰਾ ਗੋਦ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਕੁਝ ਵਪਾਰਕ ਹਨ, ਕੁਝ ਗੈਰ-ਲਾਭਕਾਰੀ ਹਨ ਅਤੇ ਬਹੁਤ ਸਾਰੇ ਰਾਜਾਂ, ਜ਼ਿਲ੍ਹਿਆਂ ਅਤੇ ਸਕੂਲਾਂ ਦੁਆਰਾ ਆਪਣੇ ਆਪ ਤਿਆਰ ਕੀਤੇ ਗਏ ਹਨ। ਇਹਨਾਂ ਪ੍ਰੋਗਰਾਮਾਂ ਦੀ ਇੱਕ ਆਮ ਪਹੁੰਚ ਸਿਧਾਂਤਾਂ, ਥੰਮ ?ਹਾਂ, ਕਦਰਾਂ-ਕੀਮਤਾਂ ਜਾਂ ਗੁਣਾਂ ਦੀ ਇੱਕ ਸੂਚੀ ਪ੍ਰਦਾਨ ਕਰਨਾ ਹੈ, ਜੋ ਯਾਦ ਹਨ ਜਾਂ ਜਿਨ੍ਹਾਂ ਦੇ ਆਲੇ ਦੁਆਲੇ ਥੀਮ ਵਾਲੀਆਂ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ ਹੈ। ਇਹ ਆਮ ਤੌਰ 'ਤੇ ਦਾਅਵਾ ਕੀਤਾ ਜਾਂਦਾ ਹੈ ਕਿ ਕਿਸੇ ਵਿਸ਼ੇਸ਼ ਸੂਚੀ ਵਿੱਚ ਸ਼ਾਮਲ ਮੁੱਲਾਂ ਨੂੰ ਸਰਵ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ। ਹਾਲਾਂਕਿ, ਮੁੱਖ ਮੁੱਲਾਂ (ਉਦਾਹਰਨ ਲਈ, ਇਮਾਨਦਾਰੀ, ਮੁਖਤਿਆਰਤਾ, ਦਿਆਲਤਾ, ਉਦਾਰਤਾ, ਹਿੰਮਤ, ਆਜ਼ਾਦੀ, ਨਿਆਂ, ਸਮਾਨਤਾ, ਅਤੇ ਸਤਿਕਾਰ) 'ਤੇ ਮੁਕਾਬਲਾ ਕਰਨ ਵਾਲੇ ਪ੍ਰੋਗਰਾਮਾਂ ਵਿੱਚ ਕੋਈ ਸਮਝੌਤਾ ਨਹੀਂ ਹੈ ਜਾਂ ਇੱਥੋਂ ਤੱਕ ਕਿ ਕਿੰਨੇ ਦੀ ਸੂਚੀ ਦਿੱਤੀ ਜਾਵੇ। ਪ੍ਰੋਗਰਾਮਾਂ ਦਾ ਮੁਲਾਂਕਣ, ਲਾਗੂ ਕਰਨ ਜਾਂ ਮੁਲਾਂਕਣ ਕਰਨ ਲਈ ਕੋਈ ਆਮ ਜਾਂ ਮਿਆਰੀ ਸਾਧਨ ਵੀ ਨਹੀਂ ਹਨ। ਅੱਖਰ ਸਿੱਖਿਆ ਦੇ ਢੰਗ ਬੱਚਿਆਂ ਨੂੰ ਚਰਿੱਤਰ ਸਿੱਖਿਆ ਜਾਂ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਦਾ ਕੋਈ ਆਮ ਅਭਿਆਸ ਨਹੀਂ ਹੈ। ਇਹ ਮੁੱਖ ਤੌਰ 'ਤੇ ਇਸ ਲਈ ਹੈ ਕਿਉਂਕਿ ਚਰਿੱਤਰ ਸਿੱਖਿਆ ਵਿੱਚ ਮਿਆਰਾਂ ਦੀ ਘਾਟ ਹੈ ਅਤੇ ਇਹ ਕਿਵੇਂ ਅਤੇ ਕਿਸ ਦੁਆਰਾ ਦਿੱਤੀ ਜਾਣੀ ਹੈ। ਮੋਟੇ ਤੌਰ 'ਤੇ ਅਸੀਂ ਇਸ ਸਿੱਖਿਆ ਪ੍ਰਤੀ ਕੁਝ ਪਹੁੰਚਾਂ 'ਤੇ ਵਿਚਾਰ ਕਰ ਸਕਦੇ ਹਾਂ ਜੋ ਸਕੂਲੀ ਸਿੱਖਿਆ ਦਾ ਹਿੱਸਾ ਹਨ।

**ਇਹ ਮੁੱਖ ਤੌਰ 'ਤੇ ਹੇਠ ਲਿਖੇ ਅਨੁਸਾਰ ਹਨ:**

**ਪ੍ਰਸ਼ੰਸਾ ਅਤੇ ਇਨਾਮ:** ਇਹ ਪਹੁੰਚ ਸਕਾਰਾਤਮਕ ਮਜ਼ਬੂਤੀ ਦੀ ਵਰਤੋਂ ਕਰਦੇ ਹੋਏ ਨੇਕੀ ਨੂੰ ਆਦਤ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਤੱਤਾਂ ਵਿੱਚ ਵਿਦਿਆਰਥੀਆਂ ਦੀ ਐਟ ਦਿ ਸਪਾਟ ਡਿਲੀਬਰੇਟ ਪ੍ਰਸ਼ੰਸਾ ਅਤੇ ਰਚਨਾਤਮਕ ਹੁਨਰ ਲਈ ਪੁਰਸਕਾਰ ਸ਼ਾਮਲ ਹਨ। ਜ਼ਬਰਦਸਤੀ ਰਸਮੀਤਾ: ਇਹ ਵਿਵਹਾਰ ਦੇ ਖਾਸ ਨਿਯਮਾਂ ਦੀ ਸਖਤ, ਇਕਸਾਰ ਪਾਲਣਾ 'ਤੇ ਕੇਂਦ੍ਰਤ ਹੈ, (ਜਿਵੇਂ ਕਿ, ਲਾਈਨਾਂ ਵਿੱਚ ਚੱਲਣਾ, ਕਿਸੇ ਦੇ ਪਾਸਿਓਂ ਬਾਂਹਵਾਂ), ਜਾਂ ਸੰਬੋਧਨ ਦੇ ਰਸਮੀ ਰੂਪਾਂ (ਹਾਂ ਸਰ, ਨੋ ਮੈਮ), ਜਾਂ ਹੋਰ ਬਾਲਗਾਂ ਦੇ ਆਦੇਸ਼ ਜਾਂ ਸਨਮਾਨ ਨੂੰ ਉਤਸ਼ਾਹਿਤ ਕਰਨ ਲਈ ਸਮਝੀਆਂ ਗਈਆਂ ਪ੍ਰਕਿਰਿਆਵਾਂ।

ਪਰਿਭਾਸ਼ਿਤ ਕਰੋ ਅਤੇ ਡ੍ਰਿਲ ਕਰੋ: ਇਹ ਵਿਦਿਆਰਥੀਆਂ ਨੂੰ ਮੁੱਲਾਂ ਦੀ ਸੂਚੀ ਅਤੇ ਹਰੇਕ ਦੀ ਪਰਿਭਾਸ਼ਾ ਨੂੰ ਯਾਦ ਕਰਨਾ ਸਿਖਾਉਂਦਾ ਹੈ। ਵਿਦਿਆਰਥੀਆਂ ਦੀ ਪਰਿਭਾਸ਼ਾਵਾਂ ਦੀ ਸਧਾਰਨ ਯਾਦ ਨੂੰ ਨੈਤਿਕ ਫੈਸਲੇ ਲੈਣ ਲਈ ਉਹਨਾਂ ਦੀ ਵਧੇਰੇ ਗੁੰਝਲਦਾਰ ਸਮਰੱਥਾ ਦੇ ਵਿਕਾਸ ਦੇ ਬਰਾਬਰ ਜਾਪਦਾ ਹੈ।

**ਚੀਅਰਲੀਡਿੰਗ:** ਇਸ ਵਿੱਚ ਕਈ ਰੰਗਾਂ ਵਾਲੇ ਪੋਸਟਰ, ਬੈਨਰ ਅਤੇ ਬੁਲੇਟਿਨ ਬੋਰਡ ਸ਼ਾਮਲ ਹੁੰਦੇ ਹਨ ਜੋ ਮਹੀਨੇ ਦੇ ਮੁੱਲ ਜਾਂ ਗੁਣ ਨੂੰ ਦਰਸਾਉਂਦੇ ਹਨ; ਜੀਵੰਤ ਸਵੇਰ ਜਨਤਕ-ਪਤਾ ਘੋਸ਼ਣਾਵਾਂ; ਕਦੇ-ਕਦਾਈਂ ਪ੍ਰੇਰਕ ਅਸੈਂਬਲੀਆਂ; ਅਤੇ ਸੰਭਵ ਤੌਰ 'ਤੇ ਇੱਕ ਉੱਚ-ਪ੍ਰੋਫਾਈਲ ਇਵੈਂਟ ਜਿਵੇਂ ਕਿ ਇੱਕ ਚੰਗੇ ਕਾਰਨ ਲਈ ਫੰਡ-ਰੇਜ਼ਰ।

**ਕਾਉਂਸਲਿੰਗ:** ਸਕੂਲ ਦੇ ਸਲਾਹਕਾਰਾਂ ਨੂੰ ਵਿਅਕਤੀਗਤ ਜਾਂ ਸਮੂਹ ਸੈਸ਼ਨਾਂ ਰਾਹੀਂ ਨੈਤਿਕ ਕਦਰਾਂ-ਕੀਮਤਾਂ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਹਨਾਂ ਪਹੁੰਚਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਉਹਨਾਂ ਕਦਰਾਂ-ਕੀਮਤਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਉਹਨਾਂ ਪ੍ਰਤੀ ਵਚਨਬੱਧ ਕਰਨ ਵਿੱਚ ਮਦਦ ਕਰਨ ਦੀ ਬਜਾਏ ਜੋ ਸਾਡੇ ਸਮਾਜ ਲਈ ਮੁੱਖ ਹਨ ਜਾਂ ਉਹਨਾਂ ਮੁੱਲਾਂ ਨੂੰ ਜੀਵਨ ਦੀਆਂ ਗੁੰਝਲਦਾਰ ਸਥਿਤੀਆਂ ਵਿੱਚ ਅਮਲ ਵਿੱਚ ਲਿਆਉਣ ਲਈ ਹੁਨਰ ਵਿਕਸਿਤ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਦੀ ਬਜਾਏ, ਤੇਜ਼ ਵਿਹਾਰਕ ਨਤੀਜਿਆਂ ਲਈ ਹੈ। ਨਾਲ ਹੀ, ਵਿਦਿਆਰਥੀ ਦੀਆਂ ਕਾਰਵਾਈਆਂ ਦੀ ਅਸਲ ਮਹੱਤਤਾ ਖਤਮ ਹੋ ਜਾਂਦੀ ਹੈ, ਕਿਉਂਕਿ ਇਨਾਮ ਜਾਂ ਪੁਰਸਕਾਰ ਮੁੱਖ ਫੋਕਸ ਬਣ ਜਾਂਦਾ ਹੈ। ਹਾਲਾਂਕਿ ਇਹ ਬੇਕਾਰ ਨਹੀਂ ਹਨ ਉਹਨਾਂ ਨੂੰ ਫਾਈਨ ਟਿਊਨਿੰਗ ਦੀ ਲੋੜ ਹੈ। ਪ੍ਰਭਾਵੀ ਪਹੁੰਚ ਸ਼ੁੱਧ ਪਾਠਕ੍ਰਮ: ਇਹ ਪਾਠਕ੍ਰਮ ਵਿੱਚ ਅੱਖਰ ਸਿੱਖਿਆ ਦੀ ਇੱਕ ਨਿਸ਼ਚਿਤ ਮਾਤਰਾ ਨੂੰ ਜੋੜ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਲਾਗੂ ਕਰਨ ਦਾ ਢੰਗ: ਵਿਭਿੰਨਤਾ ਦੀ ਲੋੜ ਹੈਇਹਨਾਂ ਨੂੰ ਲਾਗੂ ਕਰਨ ਦੇ ਸਾਧਨ ਫੈਕਲਟੀ, ਬੱਸ ਡਰਾਈਵਰਾਂ, ਕੈਫੇਟੇਰੀਆ ਵਰਕਰਾਂ, ਰੱਖ-ਰਖਾਅ ਸਟਾਫ ਆਦਿ ਦੁਆਰਾ ਕੀਤੇ ਜਾ ਸਕਦੇ ਹਨ।

**ਉਤਸ਼ਾਹ ਦੀ ਭਾਵਨਾ:** ਸਿੱਖਿਆ ਨੂੰ ਆਨੰਦਦਾਇਕ ਅਤੇ ਗੈਰ-ਰਸਮੀ ਹੋਣਾ ਚਾਹੀਦਾ ਹੈ ਤਾਂ ਜੋ ਇਹ ਬੋਰਿੰਗ ਅਤੇ ਪ੍ਰਭਾਵੀ ਨਾ ਹੋਵੇ। ਇਹ ਕਲਾਸਰੂਮ ਦੇ ਬਾਹਰ ਵਿਹਾਰਕ ਗਤੀਵਿਧੀਆਂ ਰਾਹੀਂ ਕੀਤਾ ਜਾ ਸਕਦਾ ਹੈ।

**ਮਾਪਿਆਂ ਦੀ ਭਾਗੀਦਾਰੀ:** ਕੁਝ ਵਰਕਸ਼ਾਪਾਂ ਦਾ ਆਯੋਜਨ ਕਰਕੇ ਮਾਪਿਆਂ ਨੂੰ ਬੱਚਿਆਂ ਦੇ ਨੈਤਿਕ ਵਿਕਾਸ 'ਤੇ ਟੀਵੀ, ਫਿਲਮਾਂ, ਵੀਡੀਓ ਗੇਮਾਂ ਅਤੇ ਹੋਰ ਮੀਡੀਆ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਲਈ ਸਿਖਾਇਆ ਜਾ ਸਕਦਾ ਹੈ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਸ਼ਾਨ ਸਰਦਾਰੀ ਦੀ !

ਗੁਰਪ੍ਰੀਤ ਸਿੰਘ ਬਾਜਵਾ



ਵਾਹਿਗੁਰੂ ਜੀ ਨੇ ਮੈਨੂੰ ਜਿਹੋ ਜਿਹੀ ਕਿਰਤ ਬਖਸ਼ੀ ਹੈ ,ਉਸ ਅਨੁਸਾਰ ਜਿਆਦਾਤਰ ਲੰਮੇ ਸਮੇਂ ਤੋਂ ਗੈਰ ਸਿੱਖ ਭਾਈਚਾਰੇ ਨਾਲ ਤੇ ਉਹਨਾਂ ਇਲਾਕਿਆਂ ਵਿਚ ਵਿਚਰਣਾ ਪੈਂਦਾ ਹੈ। ਜਿਥੇ ਮੈਂ ਪੂਰੇ ਸ਼ਹਿਰ ਵਿਚ ਇਕੱਲਾ ਹੀ ਸਿਖ ਹੁੰਦਾ ਹਾਂ। ਮੈਨੂ ਮਜ਼ਬੂਤ ਕਰਦੀ ਹੈ ਉਥੇ ਮੇਰੇ ਗੁਰੂ ਦੀ ਬਖਸ਼ਿਸ਼ ਕੀਤੀ ਸਰਦਾਰੀ। ਜੋ ਹਰ ਮੈਦਾਨ ਚੜਦੀ ਕਲਾ ਵਿਚ ਰਖਦੀ ਹੈ। ਕਈ ਦਿਨਾਂ ਤੋਂ ਕਰਨਾਟਕ ਇਲੈਕਸ਼ਨ ਡਿਊਟੀ ਤੇ ਆਇਆਂ। ਕੰਨੜ ਭਾਸੀ ਇਲਾਕਾ ਹੈ। ਆਪਣੀ ਮਾਂ-ਬੋਲੀ ਨੂ ਪਿਆਰ ਕਰਨ ਵਾਲੇ ਲੋਕ ਨੇ। ਕਿਤੇ ਬੋਰਡ ਤੇ ਦੁਕਾਨਾਂ ਤੇ ਸਿਵਾਏ ਕੰਨੜ ਕੁਝ ਨਹੀਂ ਲਿਖਿਆ ਮਿਲਦਾ। ਸਿਵਮੋਗਾ ਜ਼ਿਲ੍ਹਾ ਹੈ ਤੇ ਤੀਰਥਲੀ ਇਲਾਕਾ। ਚਾਰੇ ਪਾਸੇ ਨਾਰੀਅਲ, ਸੁਪਾਰੀ, ਅਦਰਕ, ਕਾਲੀ ਮਿਰਚਾਂ ਦੀ ਖੇਤੀ, ਰੁਖ ਏਨੇ ਕਿ ਕਹਿ ਨਹੀਂ ਸਕਦੇ। ਛੋਟੇ ਛੋਟੇ ਮਕਾਨ ਬਹੁਤ ਸੋਹਣੇ ਰੰਗ ਕੀਤੇ ਨੇ। ਜਿਥੇ ਵੀ ਅਸੀਂ ਜਾ ਰਹੇ ਹਾਂ, ਮੈਨੂ ਮੇਰੇ ਤੋਂ ਇਲਾਵਾ ਕੋਈ ਸਿਖ ਸਰਦਾਰ ਨਜ਼ਰ ਨਹੀਂ ਆਇਆ। ਮੈਨੂ ਵੇਖ ਦਿਆਂ ਹੀ, ਕਈ ਫੋਟੋ ਵਾਲੇ ਆ ਜਾਂਦੇ ਨੇ। ਕਲ ਵੀ ਇਕ ਕਸਬੇ 'ਚ ਇਕ ਰਾਜਨੀਤਕ ਰੈਲੀ ਸੀ ਐਕਸ ਸੀ ਐਮ ਯੇਦੂਰਪਾ ਦੀ। ਉਹ ਸਟੇਜ ਤੋਂ ਸੰਬੋਧਨ ਕਰਦਿਆਂ ਆਪਣੀ ਪਾਰਟੀ ਦੇ ਅਹੁਦੇਦਾਰਾਂ ਦਾ ਨਾਂ ਲਏ ਰਹੇ ਸਨ, ਨਾਲ ਹੀ ਉਹਨਾਂ ਮੇਰੇ ਵਲ ਇਸ਼ਾਰਾ ਕਰਕੇ ਕੁੱਝ ਕਿਹਾ। ਜੋ ਮੈਨੂੰ ਇੱਕ ਸੱਜਣ ਨੇ ਦੱਸਿਆ ਕਿ ਇਹ ਕਹਿ ਰਹੇ ਨੇ, ਹਜ਼ਾਰਾਂ ਚ ਅਲਗ ਨਜ਼ਰ ਆ ਰਹੇ ਸਰਦਾਰ ਸਹਿਬ ਦਾ ਵੀ ਕਰਨਾਟਕ 'ਚ ਸਵਾਗਤ ਕਰਦੇ ਹਾਂ। ਏਸੇ ਦੌਰਾਨ, ਇਕ 80/90 ਸਾਲਾਂ ਦੇ ਬਜ਼ੁਰਗ ਭੀੜ ਚੋਂ ਉੱਠ ਕੇ ਮੇਰੇ ਵਲ ਆਉਣ ਲਗ ਪਏ। ਮੈਂ ਸਟੇਜ ਦੇ ਨਾਲ ਆਪਣੀ ਟੀਮ ਨਾਲ ਖੜਾ ਸੀ। ਉਹਨਾਂ ਨੂੰ, ਮੇਰੇ ਨਾਲ ਦਿਆਂ ਰੋਕ ਦਿੱਤਾ ਕਿਸੇ ਅਣਸੁਖਾਵੀਂ ਦੇ ਡਰੋਂ।ਪਰ ਮੈਂ ਇਸ਼ਾਰਾ ਕਰਕੇ ਉਸਨੂੰ ਕੋਲ ਬੁਲਾ ਲਿਆ। ਉਹਨਾਂ ਕੋਲ ਆ ਕੇ ਮੈਨੂੰ ਹਥ ਜੋੜ ਕੇ ਨਮਸਕਾਰ ਕਰਨੀ ਚਾਹੀ ਤਾਂ ਮੈਂ ਆਪਣੇ ਹਥਾਂ ਵਿਚ ਉਹਨਾਂ ਦੇ ਹਥ ਫੜ ਕੇ ਚੁੰਮ ਲਏ।ਫੇਰ ਓਹਨਾਂ ਆਪਣੇ ਦੋਵੇਂ ਹਥ ਮੇਰੀ ਦਸਤਾਰ ਤੇ ਦਾਹੜੀ ਤੇ ਸਤਿਕਾਰ ਨਾਲ ਫੇਰੇ। ਉਹਨਾਂ ਦੀਆਂ ਅੱਖਾਂ ਚ ਵਿਰਾਗ ਸੀ। ਫੇਰ ਓਹਨਾਂ ਦੇ ਬੇਟੇ ਨੇ ਮੈਨੂੰ ਦੱਸਿਆ ਕਿ ਇਹ ਜਦੋਂ ਦੇ ਰੈਲੀ ਚ ਆਏ ਨੇ ਤੁਹਾਡੇ ਕੋਲ ਲੈ ਕੇ ਚਲਣ ਦੀ ਗਲ ਕਰ ਰਹੇ ਸਨ। ਪਰ ਮੈਂ ਝਕ ਰਿਹਾ ਸਾਂ। ਇਹ ਕਹਿ ਰਹੇ ਨੇ ਮੈਨੂ ਸਰਦਾਰ ਪਗੜੀ ਵਾਲੇ ਬੜੇ ਸੋਹਣੇ ਤੇ ਪਿਆਰੇ ਲਗਦੇ ਨੇ। ਇਸ ਪਿਆਰ ਭਰੀ ਮਿਲਣੀ ਨੇ ਮੈਨੂੰ ਵੀ ਵੈਰਾਗਮਈ ਕਰ ਦਿੱਤਾ ਤੇ ਮੈਂ ਲੱਖ ਲੱਖ ਵਾਰ ਨਤਮਸਤਕ ਸਾਂ ਉਸ ਕਲਗੀਧਰ ਪਾਤਸ਼ਾਹ ਜੀ ਦੇ ਅੱਗੇ ਜਿਨ੍ਹਾਂ ਦੀ ਬਖਸ਼ਿਸ਼ ਕੀਤੀ ਸਰਦਾਰੀ ਨੇ ਮੈਨੂ ਉਸ ਰੈਲੀ ਨੂੰ ਸੰਬੋਧਨ ਕਰਨ ਆਏ 'ਵੀ ਆਈ ਪੀ' ਵਾਂਗ ਆਮ ਤੋਂ ਖ਼ਾਸ ਕਰਦਿੱਤਾ ਸੀ।

85700-54700

# ਮੈਡਮ ਜੀ - ਸਾਡੇ ਘਰ ਹਲਦੀ ਨੀ ਹੁੰਦੀ !



ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਬਹੁਤ ਹੀ ਖਾਸ ਹੁੰਦਾ ਹੈ, ਅਧਿਆਪਕ ਦਾ ਕਿੱਤਾ ਸਿਰਫ ਵਿਦਿਆਰਥੀ ਨੂੰ ਪੜ੍ਹਾਉਣਾ ਹੀ ਨਹੀਂ ਹੁੰਦਾ, ਉਸਦੇ ਨਾਲ ਨਾਲ ਅਧਿਆਪਕ ਇੱਕ ਮਾਂ ਬਾਪ ਦੀ ਤਰ੍ਹਾਂ ਫਰਜ਼ ਵੀ ਨਿਭਾਉਂਦੇ ਹੋਏ ਵਿਦਿਆਰਥੀ ਦੇ ਮਨ ਦੀਆਂ ਭਾਵਨਾਵਾਂ ਨੂੰ ਸਮਝਣਾ, ਵਿਦਿਆਰਥੀ ਨੂੰ ਅਸਲ ਜ਼ਿੰਦਗੀ ਵਿੱਚ ਵਿਚਰਨਾ, ਉਸਨੂੰ ਸਹੀ ਸੇਧ ਦੇਣਾ ਆਦਿ ਵੀ ਅਧਿਆਪਕ ਦਾ ਕਿੱਤਾ ਹੈ।

ਇਸੇ ਕਿੱਤੇ ਨਾਲ ਜੁੜੀ ਹੋਈ ਅਧਿਆਪਕਾਂ ਸੁਮਨਪ੍ਰੀਤ, ਸੱਤਵੀਂ ਕਲਾਸ ਵਿੱਚ ਵਿਦਿਆਰਥੀਆਂ ਨੂੰ ਵਿਗਿਆਨ ਵਿਸ਼ੇ ਦੀ ਇੱਕ ਕਿਰਿਆ-ਤੇਜ਼ਾਬ ਅਤੇ ਖਾਰ ਦੀ ਪਰਖ, ਹਲਦੀ ਦੇ ਘੋਲ ਨਾਲ ਕਰਵਾ ਰਹੀ ਸੀ ਅਤੇ ਉਸਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਹਲਦੀ ਦੇ ਘੋਲ ਨੂੰ ਅਸੀਂ ਇੱਕ ਕਾਗਜ਼ ਤੇ ਲਗਾ ਕੇ ਰੱਖਾਂਗੇ, ਫਿਰ ਇਸ ਤੇ ਜਦੋਂ ਅਸੀਂ ਸਾਬਣ ਦਾ ਘੋਲ ਪਾਵਾਂਗੇ ਤਾਂ ਹਲਦੀ ਦੇ ਘੋਲ ਜੋ ਕਾਗਜ਼ ਤੇ ਲਗਾਇਆ ਸੀ, ਉਸ ਦਾ ਰੰਗ ਲਾਲ ਹੋ ਜਾਵੇਗਾ। ਇਸ ਤੋਂ ਪਤਾ ਲੱਗਦਾ ਹੈ ਕਿ ਸਾਬਣ ਇੱਕ ਖਾਰ ਹੈ। ਇਹ ਕਿਰਿਆ ਤੁਸੀਂ ਸਿਰਫ ਇੱਕ ਚਮਚ ਹਲਦੀ ਲੈ ਕੇ ਉਸ ਵਿੱਚ ਪਾਣੀ ਮਿਲਾ ਕੇ ਘਰ ਵੀ ਕਰ ਸਕਦੇ ਹੋ।

ਮੈਡਮ ਸੁਮਨਪ੍ਰੀਤ ਨੇ ਫਿਰ ਵਿਦਿਆਰਥੀਆਂ ਤੋਂ ਪੁੱਛਿਆ, ਹੁਣ ਮੈਨੂੰ ਸਾਰੇ ਵਿਦਿਆਰਥੀ ਦੱਸੋ ਕਿ ਇਹ ਕਿਰਿਆ ਤੁਸੀਂ ਘਰ ਜਾ ਕੇ ਕਰੋਗੇ ? ਤਾਂ ਜਵਾਬ ਵਿੱਚ ਕਲਾਸ ਵਿੱਚ ਬੈਠੇ ਸਾਰੇ ਵਿਦਿਆਰਥੀ ਇਕੱਠੇ ਉੱਚੀ ਬੋਲੇ - ਹਾਂਜੀ । ਪਰ ਇੱਕ ਵਿਦਿਆਰਥੀ ਜੋ ਮੈਡਮ ਜੀ ਦੇ ਕੋਲ ਹੀ ਬੈਠਾ ਸੀ ਉਸ ਨੇ ਕੋਈ ਜਵਾਬ ਨਹੀਂ ਦਿੱਤਾ, ਤਾਂ ਮੈਡਮ ਜੀ ਨੇ ਉਸ ਤੋਂ ਪੁੱਛਿਆ ਕਿਉਂ ਬਈ ਸਿਮਰਨ ਤੂੰ ਨੀ ਕੁੱਝ ਬੋਲਿਆ ? ਤੂੰ ਨੀ ਕਰਦਾ ਇਹ ਕਿਰਿਆ? ਤਾਂ ਉਸ ਨੇ ਆਪਣੇ ਮੈਡਮ ਜੀ ਦੀ ਗੱਲ ਦਾ ਜਵਾਬ ਦੇਣ ਤੋਂ ਪਹਿਲਾਂ ਆਪਣਾ ਪ੍ਰਸ਼ਨ ਪੁੱਛ ਲਿਆ ਕਿ ਮੈਡਮ ਜੀ ਇਹ ਕਿਰਿਆ ਇਕੱਲੇ ਪਾਣੀ ਨਾਲ ਨੀ ਹੁੰਦੀ? ਮੈਡਮ ਜੀ ਨੇ ਉਸ ਨੂੰ ਸਮਝਾਇਆ ਕਿ ਬੇਟਾ, ਹਲਦੀ ਸੂਚਕ ਹੈ, ਹਲਦੀ ਨਾਲ ਸਾਨੂੰ ਖਾਰ ਬਾਰੇ ਸੂਚਨਾ ਮਿਲਦੀ ਹੈ ਪਰ ਪਾਣੀ ਸੂਚਕ ਨਹੀਂ। ਇਸ ਲਈ ਇਸ ਕਿਰਿਆ ਨੂੰ ਕਰਨ ਲਈ ਤੁਹਾਨੂੰ ਹਲਦੀ ਦੇ ਘੋਲ ਦੀ ਜ਼ਰੂਰਤ ਹੋਵੇਗੀ। ਪਰ ਮੈਡਮ ਜੀ ਸਾਡੇ ਘਰ ਤਾਂ ਹਲਦੀ ਨੀ ਹੁੰਦੀ। ਹਲਦੀ ਲਿਆਉਣ ਲਈ ਪੈਸੇ ਚਾਹੀਦੇ ਹਨ, ਉਹ ਸਾਡੇ ਕੋਲ ਹੈ ਨੀ ਜੀ। ਸਿਮਰਨ ਇੱਕ ਸਾਹ ਵਿੱਚ ਕਾਹਲੀ ਨਾਲ ਬੋਲਿਆ ਜਿਵੇਂ ਉਸਨੂੰ ਕੋਈ ਬੇਚੈਨੀ ਜਿਹੀ ਲੱਗੀ ਹੋਈ ਹੋਵੇ, ਇੰਨੇ ਨੂੰ ਸਾਰੀ ਛੁੱਟੀ ਦੀ ਘੰਟੀ ਵੱਜ ਗਈ, ਮੈਡਮ ਜੀ ਨੇ ਬਾਕੀ ਵਿਦਿਆਰਥੀਆ ਨੂੰ ਭੇਜ ਦਿੱਤਾ ਪਰ ਸਿਮਰਨ ਨੂੰ ਰੁਕਣ ਲਈ ਕਿਹਾ ਤੇ ਕਾਰਨ ਪੁੱਛਿਆ ਤਾਂ ਸਿਮਰਨ ਆਪਣੀਆਂ ਭਰੀਆਂ ਹੋਈਆਂ ਅੱਖਾਂ ਨਾਲ ਮੈਡਮ ਜੀ ਨੂੰ ਦੱਸਣ ਲੱਗਾ ਕਿ ਉਸ ਦੇ ਡੈਡੀ ਜੀ ਇਸ ਦੁਨੀਆ ਵਿੱਚ ਹੁਣ ਨਹੀਂ ਹਨ ਅਤੇ ਉਸ ਦੀ ਮਾਂ ਲੋਕਾਂ ਦੇ ਘਰ ਝਾੜੂ ਪੋਚਾ ਲਾਉਣ ਦਾ ਕੰਮ ਕਰਦੀ ਸੀ , ਇੱਕ ਦਿਨ ਉਸ ਦੀ ਮਾਂ ਦੇ ਕੰਮ ਕਰਦੀ ਦੇ ਉਸਦੀ ਢੂਹੀ ਤੇ ਸੱਟ ਲੱਗੀ ਜਿਸ ਕਰਕੇ ਉਹ ਹੁਣ ਮੰਜੇ ਤੇ ਹੈ, ਬਹੁਤਾ ਚੱਲ ਫਿਰ ਨੀ ਸਕਦੀ ਇਸੇ ਕਰਕੇ ਉਸਦੀ ਮਾਂ ਤੋਂ ਵੀ ਕੰਮ ਨਹੀਂ ਹੁੰਦਾ ਤਾਂ ਉਨ੍ਹਾਂ ਘਰ ਪੈਸੇ ਨਹੀਂ ਹੁੰਦੇ । ਅਸੀਂ ਤਾਂ ਕਦੇ ਰੋਟੀ ਅਚਾਰ ਨਾਲ ਅਤੇ ਕਦੇ ਰੁੱਖੀ ਖਾ ਲੈਂਦੇ ਹਾਂ, ਇਹ ਕਹਿ ਕੇ ਸਿਮਰਨ ਰੋਣ ਲੱਗ ਪਿਆ। ਇਹ ਸਭ ਕੁਝ ਸੁਣ ਕੇ ਮੈਡਮ ਸੁਮਨਪ੍ਰੀਤ ਦਾ ਵੀ ਮਨ ਭਰ ਆਇਆ ਤੇ ਉਸ ਨੇ ਸਿਮਰਨ ਨੂੰ ਕਿਹਾ ਕਿ ਉਹ ਪਰਮਾਤਮਾ ਤੇ ਭਰੋਸਾ ਰੱਖੇ , ਪਰਮਾਤਮਾ ਉਸਦੀ ਮਾਂ ਨੂੰ ਜਲਦੀ ਹੀ ਠੀਕ ਕਰੇਗਾ।

ਸਿਮਰਨ, ਉਸ ਨੂੰ (ਮੈਡਮ ਸੁਮਨਪ੍ਰੀਤ) ਆਪਣੀ ਮਾਂ ਹੀ ਸਮਝੇ ਤੇ ਅੱਗੇ ਤੋਂ ਜੇ ਸਿਮਰਨ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਉਹ ਆਪਣੀ ਮੈਡਮ ਜੀ ਨੂੰ ਦੱਸ ਦਵੇ ।



ਮਨਪ੍ਰੀਤ ਕੌਰ
ਸਾਇੰਸ ਮਿਸਟੈੱਸ

# ਚੰਗੇ ਤਜ਼ਰਬੇ ਸ਼ੇਅਰ ਕਰਕੇ ਮਨ ਨੂੰ ਰੱਖੋ ਫਿੱਟ

*''ਸਾਲ 2023 ਦੇ ਮਾਨਸਿਕ ਸਿਹਤ ਵੀਕ ਦਾ ਥੀਮ ਹੈ 'ਮੇਰੀ ਕਹਾਣੀ' ਯਾਨਿ ਮਨ ਦੀ ਤੰਦਰਸਤੀ ਲਈ ਤਜ਼ਰਬੇ ਅਤੇ ਸਮੱਸਿਆਵਾਂ ਨੂੰ ਇੱਕ-ਦੂਜੇ ਨਾਲ ਸਾਂਝਾ ਕਰਨਾ ਹੈ। ਸ਼ੇਅਰ ਕਰਨ ਨਾਲ ਵਿਅਕਤੀ ਇੱਕਲਾਪਨ ਮਹਿਸੂਸ ਨਹੀਂ ਕਰਦਾ।''ਵਿਸ਼ਵ ਭਰ ਵਿੱਚ ਭਾਵਨਾਤਮਕ, ਸਮਾਜਿਕ ਅਤੇ ਸਮੇਂ ਦੇ ਨਾਲ-ਨਾਲ ਬਦਲ ਰਹੇ ਹਾਲਾਤ ਮੁਤਾਬਿਕ 'ਇੱਕਲਾਪਨ' ਚੁਣੌਤੀ ਬਣਦਾ ਜਾ ਰਿਹਾ ਹੈ। ਇਕੱਲੇਪਨ ਨਾਲ ਜੁੜੀਆਂ ਖਤਰਨਾਕ ਬਿਮਾਰੀਆਂ ਦੇ ਵੱਧ ਰਹੇ ਅੰਕੜੇ 'ਤੇ ਕੰਟ੍ਰੋਲ ਕਰਨਾ ਜਰੂਰੀ ਹੋ ਗਿਆ ਹੈ''- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*

ਸਾਲ 2023 ਦੇ ਮੈਂਟਲ ਹੈਲਥ ਅਵੇਅਰਨੈਸ ਹਫਤੇ ਦਾ ਥੀਮ “ਸਮੱਸਿਆਵਾਂ ’ਤੇ ਤਜ਼ਰਬੇ ਸਾਂਝੇ ਕਰਨ” ਬਾਰੇ ਗੱਲ ਕੀਤੀ ਜਾ ਰਹੀ ਹੈ। ਪਿੱਛਲੇ ਵੀਕ ਮਨ ਨੂੰ ਤੰਦਰੁਸਤ ਰੱਖਣ ਲਈ ਲੋਕਾਂ ਨੂੰ ਜਾਗਰੁਕ ਕੀਤਾ ਗਿਆ। ਦੇਸ਼-ਵਿਦੇਸ਼ ਵਿੱਚ ਰਹਿ ਰਹੇ ਹਰ ਦੂਜੇ ਬੱਚੇ ਕਾਰਨ ਪਿੱਛੇ ਬਜ਼ੁਰਗਾਂ ਦਾ ਇੱਕਲੇ ਰਹਿਣ ਕਾਰਨ ਮਾਨਸਿਕ-ਆਰਥਿਕ ਪ੍ਰਸ਼ਾਨੀਆਂ ਵਿੱਚ ਵਾਧਾ, ਬ੍ਰੇਕ-ਅਪ, ਤਲਾਕ, ਸਮੇਂ ਤੋਂ ਪਹਿਲਾਂ ਜੀਵਨ-ਸਾਥੀ ਦਾ ਚਲੇ ਜਾਣਾ, ਜਾਂ ਬਦਲ ਰਹੇ ਘਰੇਲੂ ਹਲਾਤ ਵਿਸ਼ਵ ਭਰ ਵਿੱਚ ਖਤਰਨਾਕ ਬਿਮਾਰੀਆਂ ਪੈਦਾ ਕਰ ਰਹੇ ਹਨ। ਸ਼ੁਰੂਆਤ ਘੱਟ ਸਮੇਂ ਦੇ ਇੱਕਲੇਪਨ ਤੋਂ ਲੈ ਕੇ ਲੰਬੇ ਸਮੇਂ ਦੇ ਇਕੱਲੇਪਨ ਦੌਰਾਣ ਸਿਰਫ ਪ੍ਰੇਸ਼ਾਨੀਆਂ ਹੀ ਦੇਖੀਆਂ ਜਾ ਰਹੀਆਂ ਹਨ। ਭਾਵਨਾਤਮਕ ਇਕੱਲਾਪਨ, ਇਨਸਾਨ, ਪਸ਼ੂ-ਪੰਛੀ ਸਾਰਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੁਰਾਣੀ ਇੱਕਲਤਾ ਉਦੋਂ ਦੇਖਣ ਨੂੰ ਮਿਲਦੀ ਹੈ ਜਦੋਂ ਇਕੱਲੇਪਣ ਦੀਆਂ ਭਾਵਨਾਵਾਂ ਅਤੇ ਅਸੁਵਿਧਾਜਨਕ ਸਮਾਜਿਕ ਅਲੱਗ-ਥਲੱਗ ਲੰਬੇ ਸਮੇਂ ਲਈ ਜਾਰੀ ਰਹਿੰਦਾ ਹੈ। ਇਹ ਇਕੱਲੇ ਹੋਣ, ਦੂਜਿਆਂ ਤੋਂ ਵੱਖ ਹੋਣ ਜਾਂ ਵੰਡੇ ਜਾਣ ਦੀਆਂ ਲਗਾਤਾਰ ਅਤੇ ਨਿਰਲੇਪ ਭਾਵਨਾਵਾਂ, ਅਤੇ ਡੂੰਘੇ ਪੱਧਰ ‘ਤੇ ਜੁੜਨ ਦੀ ਅਸਮਰਥਤਾ ਦੁਆਰਾ ਸਾਹਮਣੇ ਆ ਰਿਹਾ ਹੈ। ਇਹ ਅਯੋਗਤਾ, ਗਰੀਬ ਸਵੈ-ਮਾਣ, ਅਤੇ ਨਫਰਤ ਦੀਆਂ ਡੂੰਘੀਆਂ ਜੜਾਂ ਵਾਲੀ ਭਾਵਨਾਵਾਂ ਦੇ ਨਾਲ ਵੀ ਹੋ ਸਕਦਾ ਹੈ। ਇਹ ਹਾਲਾਤ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਰਹੇ ਹਨ। ਇਕੱਲੇਪਨ ਦੇ ਲੱਛਣ ਹਾਲਾਤ ਮੁਤਾਬਿਕ ਵੱਖ-ਵੱਖ ਵੀ ਹੋ ਸਕਦੇ ਹਨ। ਲੰਬੇ ਸਮੇਂ ਤੋਂ ਇਕੱਲੇਪਨ ਵਾਲੇ ਡਿਪਰੈਸ਼ਨ ਅਤੇ ਬਾਈਪੋਲਰ ਡਿਸਆਰਡਰ, ਉਦਾਸੀ, ਜਿਨਸੀ ਝੁਕਾਅ, ਔਟਿਜ਼ਮ, ਡਿਮੈਂਸ਼ੀਆ ਅਤੇ ਅਲਜ਼ਾਈਮਰ, ਨੀਂਦ ਵਿਕਾਰ, ਟਾਈਪ-2 ਸ਼ੂਗਰ, ਦਿਲ ਦਾ ਦੌਰਾ, ਹਾਈਪ੍ਰਟੈਂਸ਼ਨ, ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸ਼ਿਕਾਰ ਹੋ ਰਹੇ ਹਨ। ਇਕੱਲੇਪਨ ਦਾ ਸ਼ਿਕਾਰ ਵਿਅਕਤੀ ਹਮੇਸ਼ਾ ਮਹਿਸੂਸ ਕਰਦਾ ਹੈ ਕਿ ਉਸਦਾ ਕੋਈ ਦੋਸਤ-ਮਿੱਤਰ, ਪਰਿਵਾਰ ਦਾ ਮੈਂਬਰ ਆਪਣਾ ਨਹੀਂ ਰਿਹਾ ਅਤੇ ਨੇਗੇਟਿਵ ਹੀ ਸੋਚਦਾ ਹੈ।

**ਪਰਸਨਲ ਕਹਾਣੀ ’ਤੇ ਸਮੱਸਿਆਵਾਂ ਇੱਕ-ਦੂਜੇ ਨਾਲ ਸਾਂਝਾ ਕਰੋ:**

ਹੋ ਸਕਦਾ ਹੈ, ਕਦੇ ਵਿਅਕਤੀ ਪਰਿਵਾਰਕ ਮੈਂਬਰ ਅਤੇ ਦੋਸਤਾਂ ਨਾਲ ਡੂੰਘਾ ਰਿਸ਼ਤਾ ਰੱਖਣ ਵਿੱਚ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਅਸਮਰਥ ਹੋਣ ਕਰਕੇ ਇਕੱਲਾਪਨ ਮਹਿਸੂਸ ਕਰੇ। ਦਰਜਨਾਂ ਲੋਕਾਂ ਨਾਲ ਘਿਰੀ ਹੋਈ ਪਾਰਟੀ ਵਿੱਚ ਅਲੱਗ-ਥਲੱਗ ਇੱਕਲੇ, ਅਤੇ ਕਈ ਪੈਦਲ ਚਲਦੇ, ਬੱਸ ਜਾਂ ਟ੍ਰੇਨ ਵਿੱਚ ਸਫਰ ਕਰਦੇ ਹੋਏ ਇਕੱਲਾਪਨ, ਸਵੈ-ਸ਼ੱਕ ਅਤੇ ਨਕਾਰਾਤਮਕ ਭਾਵਨਾਵਾਂ ਵੀ ਕਾਰਨ ਬਣ ਸਕਦੀਆਂ ਹਨ। ਲੰਬੇ ਸਮੇਂ ਦੀ ਯਾਨਿ ਪੁਰਾਣੀ ਇਕੱਲਤਾ ਸਰੀਰ






ਅੰਦਰ ਕੋਰਟੀਸੋਲ ਹਾਰਮੋਨ ਦਾ ਲੈਵਲ ਵੱਧ ਜਾਣ ਨਾਲ ਸਰੀਰਕ ਤਣਾਅ ਦਾ ਵੱਧਣਾ, ਸੋਜਸ਼, ਸਰੀਰ ਦੇ ਵਜ਼ਨ ਵਿੱਚ ਵਾਧਾ, ਇਨਸੂਲਿਨ ਪ੍ਰਤੀਰੋਧ, ਧਿਆਣ ਕੇਂਦਰਿਤ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ’ਤੇ ਹੋਰ ਬਹੁਤ ਕੁੱਝ ਹੋ ਸਕਦਾ ਹੈ। ਗੰਭੀਰ ਹਾਲਾਤ ਤੋਂ ਬਚਣ ਲਈ ਇਕੱਲੇਪਨ ਦੇ ਸ਼ਿਕਾਰ ਲੋਕਾਂ ਦੀ ਜਾਂਚ ਕਰਨੀ ਬੜੀ ਜਰੂਰੀ ਹੋ ਜਾਂਦੀ ਹੈ।

• ਆਮ ਇਕੱਲੇਪਨ ਦੀ ਹਾਲਤ ਵਿੱਚ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਇੱਕਲੇ ਕਿਉਂ ਮਹਿਸੂਸ ਕਰਦੇ ਹੋ? ਹਾਲਾਤ ਨੂੰ ਸਮਝ ਕੇ ਸਲਾਹਕਾਰ ਦੀ ਮਦਦ ਵੀ ਲੈ ਸਕਦੇ ਹੋ।

• ਦੂਜਿਆਂ ਨਾਲ ਆਪਣੀ ਤੁਲਨਾ ਕਰਨ ਤੋਂ ਬਚਣਾ ਚਾਹੀਦਾ ਹੈ। ਦੂਜਿਆਂ ਨੂੰ ਦੇਖਣਾ ਅਤੇ ਆਪਣੇ ਆਪ ਨੂੰ ਛੱਡੇ ਹੋਏ ਮਹਿਸੂਸ ਕਰਨਾ ਆਸਾਨ ਹੈ, ਪਰ ਦਿੱਖ ਧੋਖਾ ਦੇਣ ਵਾਲੀ ਹੋ ਸਕਦੀ ਹੈ। ਸੋਸ਼ਲ ਪਲੇਟਫਾਰਮ ‘ਤੇ ਇੱਕ-ਦੂਜੇ ਦੀ ਫਰੈਂਡ ਰਿਕੁਐਸਟ ਸਵੀਕਾਰ ਕਰਕੇ ਦੋਸਤ ਲੱਭਣਾ ਮਨ ਦਾ ਬਹਿਮ ਵੀ ਹੋ ਸਕਦਾ ਹੈ। ਹਰ ਆਦਮੀ ਕੇਵਲ ਆਪਣੇ ਫਾਲੋਅਰਜ਼ ਵੱਧਾਉਣ ਵਿੱਚ ਲੱਗਾ ਹੋਇਆ ਹੈ।

• ਇਕੱਲੇਪਨ ਦੀ ਆਮ ਹਾਲਤ ਵਿੱਚ ਸਮੇਂ ਦਾ ਫਾਇਦਾ ਲੈਣ ਦਾ ਤਰੀਕਾ ਲੱਭੋ। ਇਸ ਹਾਲਤ ਵਿੱਚ ਆਪਣੇ ਸ਼ੋਕ ਨੂੰ ਅੱਗੇ ਵਧਾਓ। ਨਵਾਂ ਹੁਨਰ ਸਿੱਖੋ। ਆਪਣੇ ਸ਼ੋਕ ਮੁਤਾਬਿਕ ਕਲੱਬ, ਸੰਸਥਾਵਾਂ ਨਾਲ ਜੁੜੋ। ਇੱਕ-ਦੂਜੇ ਨਾਲ ਦਿਲਚਸਪੀਆਂ ਸਾਂਝਾ ਕਰੋ। ਦੋਸਤਾਂ ਦੀ ਸਲਾਹ ਵੀ ਲੈ ਸਕਦੇ ਹੋ।

• ਘੱਟ ਸਮੇਂ ਦੇ ਇੱਕਲੇਪਨ ਨੂੰ ਦੂਰ ਕਰਨ ਲਈ ਹੋਸਲਾ ਰੱਖੋ ਅਤੇ ਵਿਅਸਤ ਰਹੋ। ਪੜੋਸੀ, ਰਿਸ਼ਤੇਦਾਰ ਅਤੇ ਦੋਸਤਾਂ ਨਾਲ ਮਿਲ ਕੇ ਜਾਂ ਫੋਨ ‘ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰੋ। ਮਾਨਸਿਕ ‘ਤੋਰ ‘ਤੇ ਪਰਿਵਾਰ ਅਤੇ ਦੋਸਤਾਂ ਨਾਲ ਜੁੜ ਕੇ ਮਹਿਸੂਸ ਕਰੋ ਕਿ ਮੈਂ ਇਕੱਲਾ ਨਹੀਂ ਹਾਂ।

• ਆਪਣਾ ਪਸੰਦੀਦਾ ਐਨੀਮਲ ਡਾੱਗ, ਕੈਟ ਅਤੇ ਬੱਨੀ ਨੂੰ ਘਰ ਵਿੱਚ ਪਾਲ ਕੇ ਆਪਣੇ ਸਟ੍ਰੈਸ ਨੂੰ ਘਟਾਓ।

**ਨੋਟ:** ਜੀਵਨ-ਸਾਥੀ ਦਾ ਲਾਈਫ ਵਿੱਚੋਂ ਜਾਣਾ ਸੱਬ ਤੋਂ ਬੱਡਾ ਸ਼ੌਕ ਯਾਨਿ ਝੱਟਕਾ ਹੈ। ਇਹ ਜ਼ਿੰਦਗੀ ਦਾ ਔਖਾ ਸਮਾਂ ਹੈ, ਜਿਸ ਵਿੱਚ ਕੁੱਝ ਸਮੇਂ ਬਾਅਦ ਹਾਲਾਤ ’ਤੇ ਬਿਮਾਰੀ ਮੁਤਾਬਿਕ ਅੱਗੇ ਦੀ ਲਾਈਫ ਨੂੰ ਕਾਇਮ ਰੱਖਣ ਲਈ ਬਰਾਬਰ ਡਾਕਟਰੀ ਜਾਂਚ ਦੁਆਰਾ ਇਲਾਜ਼ ਕਰਾਓ। ਆਪਣੀ ਖੁਰਾਕ ਦਾ ਪੂਰਾ ਧਿਆਣ ਰੱਖੋ। ਆਪਣਾ ਇਕੱਲਾਪਨ ਦੂਰ ਕਰਨ ਲਈ 2-4 ਘੰਟੇ ਧਾਰਮਿਕ ਥਾਂ ਗੁਰੂ ਘਰ, ਮੰਦਿਰ, ਚਰਚ ਵਿੱਚ ਵਲੰਟੀਅਰ ਸੇਵਾ ਕਰੋ। ਦੋਸਤ, ਰਿਸ਼ਤੇਦਾਰਾਂ ਨਾਲ ਹੈਲਦੀ ਰਿਸ਼ਤਾ ਬਣਾ ਕੇ ਰੱਖੋ ’ਤੇ ਹਰ ਸਮੱਸਿਆ ਸਾਂਝੀ ਕਰੋ। ਸਰੀਰ ਅਤੇ ਮਨ ਦੀ ਸਮੱਸਿਆ ਦੂਰ ਕਰਨ ਮਾਹਿਰ ਦੀ ਸਲਾਹ ਜਰੂਰ ਲਵੋ।

# ਭੋਜਨ ’ਚ ਖਣਿਜ ਤੱਤਾਂ ਦੀ ਘਾਟ ਜਾਨ ਵੀ ਲੈ ਸਕਦੀ ਹੈ

ਮਨੁੱਖੀ ਸਰੀਰ ਵਿਚ ਕੈਲਸ਼ੀਅਮ, ਫਾਸਫੋਰਸ, ਮੈਗਨੀਸ਼ੀਅਮ, ਸੋਡੀਅਮ ਕਲੋਰਾਈਡ, ਪੋਟਾਸ਼ੀਅਮ, ਸਲਫਰ, ਆਇਰਨ, ਜ਼ਿੰਕ, ਕਾਪਰ (ਤਾਂਬਾ), ਆਇਓਡੀਨ, ਮੈਂਗਨੀਜ਼, ਫਲੋਰਾਈਡ, ਸੈਲੇਨੀਅਮ, ਕ੍ਰੋਮਿਯਮ ਆਦਿ ਅਨੇਕ ਖਣਿਜ ਤੱਤ ਹੁੰਦੇ ਹਨ। ਇਹ ਸਭ ਸਹੀ ਮਾਤਰਾ ਵਿਚ ਸਾਡੇ ਸਰੀਰ ਲਈ ਬੜੇ ਜ਼ਰੂਰੀ ਹੁੰਦੇ ਹਨ। ਇਨ੍ਹਾਂ ਦੀ ਪ੍ਰਾਪਤੀ ਸਾਨੂੰ ਭੋਜਨ ਰਾਹੀਂ ਹੀ ਹੁੰਦੀ ਹੈ। ਸਰੀਰ ਵਿਟਾਮਿਨਾਂ ਦੀ ਕਮੀ ਨੂੰ ਤਾਂ ਬਰਦਾਸ਼ਤ ਕਰ ਲੈਂਦਾ ਹੈ ਪਰ ਖ਼ੂਨ ਵਿਚ ਇਨ੍ਹਾਂ ਮਹੱਤਵਪੂਰਨ ਖਣਿਜ ਤੱਤਾਂ ਦੀ ਕਮੀ ਜਾਨਲੇਵਾ ਸਿੱਧ ਹੋ ਸਕਦੀ ਹੈ। ਇਹ ਖਣਿਜ ਤੱਤ ਸਰੀਰ ਵਿਚ ਇਕ-ਦੂਜੇ ਨਾਲ ਮਿਲ ਕੇ ਸੰਤੁਲਿਤ ਕੰਮ ਕਰਦੇ ਹਨ। ਸਰੀਰ ਦੇ ਅੰਗਾਂ ਦੀ ਰਚਨਾ, ਪਾਣੀ ਦੇ ਪੱਧਰ ਦਾ ਸੰਤੁਲਨ ਅਤੇ ਵੱਖ-ਵੱਖ ਸਰੀਰਕ ਕਿਰਿਆਵਾਂ ਵਿਚ ਹਿੱਸਾ ਲੈਣ ਦਾ ਕੰਮ ਵੀ ਖਣਿਜ ਤੱਤ ਹੀ ਕਰਦੇ ਹਨ। ਸਰੀਰ ਦੀ ਉਮਰ, ਅਵਸਥਾ ਆਦਿ ਅਨੁਸਾਰ ਇਨ੍ਹਾਂ ਖਣਿਜ ਤੱਤਾਂ ਦੀ ਮਾਤਰਾ ਦੀ ਜ਼ਰੂਰਤ ਹੁੰਦੀ ਹੈ। ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਜ਼ਿਆਦਾ ਮਾਤਰਾ ਵਿਚ ਖਣਿਜ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਨੂੰ ਇਹ ਤੱਤ ਜ਼ਿਆਦਾ ਮਾਤਰਾ ਵਿਚ ਮਿਲਦੇ ਹਨ ਜਾਂ ਨਹੀਂ, ਇਸ ਦਾ ਪੂਰਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ। ਇਨ੍ਹਾਂ ਖਣਿਜ ਤੱਤਾਂ ਵਿਚੋਂ ਮੁੱਖ ਤਿੰਨ ਖਣਿਜ-ਕੈਲਸ਼ੀਅਮ, ਫਾਸਫੋਰਸ ਅਤੇ ਸੋਡੀਅਮ ਦੇ ਵਿਸ਼ੇ ਦੇ ਮੁੱਖ ਜਾਣਕਾਰੀਆਂ ਪੇਸ਼ ਹਨ :

ਕੈਲਸ਼ੀਅਮ : ਸਾਡੇ ਸਰੀਰ ਦਾ ਢਾਂਚਾ ਹੱਡੀਆਂ ’ਤੇ ਹੀ ਨਿਰਭਰ ਕਰਦਾ ਹੈ। ਸਰੀਰ ਦੀਆਂ ਹੱਡੀਆਂ ਅਤੇ ਦੰਦਾਂ ਵਿਚ 99 ਫ਼ੀਸਦੀ ਕੈਲਸ਼ੀਅਮ ਹੁੰਦਾ ਹੈ। ਇਸ ਦੇ ਨਾਲ ਹੀ ਇਹ ਹਾਜ਼ਮਾ, ਮਾਸਪੇਸ਼ੀਆਂ ਅਤੇ ਨਾੜੀ ਤੰਤਰ ਦੀ ਕਾਰਜਕੁਸ਼ਲਤਾ ਲਈ ਵੀ ਜ਼ਰੂਰੀ ਹੁੰਦਾ ਹੈ। ਭੋਜਨ ਤੋਂ ਹਾਸਲ ਕੈਲਸ਼ੀਅਮ ਜ਼ਰੂਰਤ ਅਨੁਸਾਰ ਅੰਤੜੀਆਂ ਵਲੋਂ ਸੋਖ ਲਿਆ ਜਾਂਦਾ ਹੈ। ਜਦੋਂ ਵਿਅਕਤੀ ਨੂੰ ਕੈਲਸ਼ੀਅਮ ਦੀ ਜ਼ਰੂਰਤ ਜ਼ਿਆਦਾ ਹੁੰਦੀ ਹੈ ਉਦੋਂ ਇਹ ਭੋਜਨ ਰਾਹੀਂ ਜ਼ਿਆਦਾ ਅਵਸ਼ੋਸ਼ਿਤ ਹੁੰਦਾ ਹੈ ਪਰ ਖ਼ੂਨ ਵਿਚ ਵਿਟਾਮਿਨ ’ਡੀ’ ਦੀ ਕਮੀ ਜਾਂ ਗੁਰਦਿਆਂ ਦੇ ਨੁਕਸ ਕਾਰਨ ਕੈਲਸ਼ੀਅਮ ਨੂੰ ਸੋਖਣ ਦੀ ਕਿਰਿਆ ਮੰਦ ਪੈ ਜਾਂਦੀ ਹੈ। ਜ਼ਿਆਦਾ ਮਾਤਰਾ ਵਿਚ ਹਾਸਲ ਕੈਲਸ਼ੀਅਮ ਮਲ ਦੇ ਨਾਲ ਸਰੀਰ ’ਚੋਂ ਬਾਹਰ ਨਿਕਲ ਜਾਂਦਾ ਹੈ। ਦੁੱਧ, ਦੁੱਧ ਤੋਂ ਬਣੀਆਂ ਚੀਜ਼ਾਂ, ਮਾਸ-ਮੱਛੀ, ਸ਼ਲਗਮ, ਪੱਤਾ ਗੋਭੀ, ਫੁੱਲ ਗੋਭੀ, ਪਾਲਕ ਆਦਿ ਵਿਚ ਕੈਲਸ਼ੀਅਮ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। ਨੌਜਵਾਨਾਂ ਨੂੰ ਹਰ ਰੋਜ਼ 800 ਮਿ. ਗ੍ਰਾ., 12 ਤੋਂ 18 ਸਾਲ ਵਾਲਿਆਂ ਨੂੰ 1200 ਮਿ.ਗ੍ਰਾ. ਅਤੇ ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਔਰਤਾਂ ਲਈ 1200 ਮਿ.ਗ੍ਰਾ ਦੀ ਮਾਤਰਾ ਵਿਚ ਹਰ ਰੋਜ਼ ਕੈਲਸ਼ੀਅਮ ਦੀ ਜ਼ਰੂਰਤ ਪੈਂਦੀ ਹੈ। ਕੈਲਸ਼ੀਅਮ ਦੀ ਕਮੀ ਨਾਲ ਹੱਡੀਆਂ, ਗੁਰਦਿਆਂ ’ਤੇ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ।

ਫਾਸਫੋਰਸ : ਫਾਸਫੋਰਸ ਦਾ ਕੰਮ ਵੀ ਹੱਡੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਨਾ ਹੁੰਦਾ ਹੈ। ਲਗਭਗ 80 ਫ਼ੀਸਦੀ ਫਾਸਫੋਰਸ ਹੱਡੀਆਂ ਅਤੇ ਦੰਦਾਂ ਵਿਚ ਹੁੰਦਾ ਹੈ। ਕੋਸ਼ਾਂ ਦੇ ਕੇਂਦਰ ਵਿਚ ਸਥਿਤ ਜੀਨਸ ਵਿਚ ਅਤੇ ਊਰਜਾ ਦੀ ਖਾਣ ਦੇ ਰੂਪ ’ਚ ਰਹਿਣ ਵਾਲੇ ਐਡੀਪੋਜ਼ ਕੋਸ਼ਾਂ ਵਿਚ ਵੀ ਫਾਸਫੋਰਸ ਹੁੰਦਾ ਹੈ। ਇਕ ਤਰ੍ਹਾਂ ਦੀ ਚਰਬੀ (ਫਾਸਫੋਲਿਪਿਡਸ) ਵਿਚ ਵੀ ਫਾਸਫੋਰਸ ਹੁੰਦਾ ਹੈ। ਫਾਸਫੋਰਸ ਵੀ ਕੈਲਸ਼ੀਅਮ ਦੀ ਤਰ੍ਹਾਂ ਜ਼ਿਆਦਾ ਮਾਤਰਾ ਵਿਚ ਹੱਡੀਆਂ ਵਿਚ ਇਕੱਠਾ ਹੁੰਦਾ ਹੈ ਤੇ ਸਹੀ ਸਮੇਂ ’ਤੇ ਤੁਰੰਤ ਖ਼ੂਨ ਵਿਚ ਮਿਲ ਜਾਂਦਾ ਹੈ। ਖ਼ੂਨ ਵਿਚ ਇਹ ਫਾਸਫੇਟ ਦੇ ਰੂਪ ਵਿਚ ਰਹਿੰਦਾ ਹੈ ਅਤੇ ਜ਼ਿਆਦਾ ਮਾਤਰਾ ਵਾਲਾ ਫਾਸਫੋਰਸ ਪਿਸ਼ਾਬ ਰਾਹੀਂ




ਬਾਹਰ ਨਿਕਲ ਜਾਂਦਾ ਹੈ।

ਦੁੱਧ, ਦਹੀਂ, ਪੁਡਿੰਗ, ਚਾਕਲੇਟ, ਆਂਡੇ, ਮਾਸ, ਮੱਛੀ, ਮੁਰਗੇ ਦਾ ਮਾਸ, ਜਿਗਰ, ਕਣਕ ਤੋਂ ਬਣੀਆਂ ਚੀਜ਼ਾਂ, ਮੂੰਗਫਲੀ, ਪਨੀਰ ਆਦਿ ਵਿਚ ਫਾਸਫੋਰਸ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। ਪ੍ਰੌੜ ਵਿਅਕਤੀ ਨੂੰ ਹਰ ਰੋਜ਼ 800 ਮਿ.ਗ੍ਰਾ. ਅਤੇ ਗਰਭਵਤੀ ਤੇ ਬੱਚਿਆਂ ਨੂੰ 1200 ਮਿ.ਗ੍ਰਾ. ਫਾਸਫੋਰਸ ਜ਼ਰੂਰੀ ਹੁੰਦਾ ਹੈ। ਅਮਲਤਾ ਘਟਾਉਣ ਵਾਲੀਆਂ ਦਵਾਈਆਂ ਦੀ ਜ਼ਿਆਦਾ ਵਰਤੋਂ ਕਰਨ ’ਤੇ ਫਾਸਫੋਰਸ ਦੀ ਮਾਤਰਾ ਘਟ ਜਾਂਦੀ ਹੈ। ਇਸ ਦੀ ਕਮੀ ਨਾਲ ਭੋਜਨ ਵਿਚ ਅਰੁਚੀ, ਬੇਚੈਨੀ, ਬੇਹੋਸ਼ੀ, ਮਾਸਪੇਸ਼ੀਆਂ ਦੀ ਕਮਜ਼ੋਰੀ, ਸਰੀਰ ਦਾ ਅਕੜਾਅ, ਦਿਲ ਦੀਆਂ ਮਾਸਪੇਸ਼ੀਆਂ ਦੀ ਕਾਰਜਕੁਸ਼ਲਤਾ ਵਿਚ ਕਮੀ, ਹੱਡੀਆਂ ਦੇ ਨੁਕਸ, ਇੰਫੈਕਸ਼ਨ ਆਦਿ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

ਸੋਡੀਅਮ : ਇਹ ਸਾਡੇ ਸਰੀਰ ਦੀਆਂ ਕਈ ਕਿਰਿਆਵਾਂ ਵਿਚ ਜ਼ਰੂਰੀ ਹਿੱਸਾ ਲੈਂਦਾ ਹੈ। ਇਸ ਦਾ 30 ਤੋਂ 45 ਫ਼ੀਸਦੀ ਹਿੱਸਾ ਹੱਡੀਆਂ ਵਿਚ ਰਹਿੰਦਾ ਹੈ। ਸਰੀਰ ਕੋਸ਼ਾਂ ਵਿਚ ਬਹੁਤ ਹੀ ਘੱਟ ਮਾਤਰਾ ਵਿਚ ਰਹਿੰਦਾ ਹੈ। ਸਰੀਰ ਵਿਚ ਪਾਣੀ ਦੀ ਮਾਤਰਾ ’ਚ ਸੰਤੁਲਨ ਬਣਾਈ ਰੱਖਣ ਦਾ ਮਹੱਤਵਪੂਰਨ ਕੰਮ ਸੋਡੀਅਮ ਕਰਦਾ ਹੈ। ਭੋਜਨ ਤੋਂ ਹਾਸਲ ਸੋਡੀਅਮ ਅੰਤੜੀਆਂ ਵਲੋਂ ਤੁਰੰਤ ਸੋਖ ਲਿਆ ਜਾਂਦਾ ਹੈ। ਜ਼ਰੂਰਤ ਤੋਂ ਜ਼ਿਆਦਾ ਸੋਡੀਅਮ ਪਿਸ਼ਾਬ ਰਾਹੀਂ ਬਾਹਰ ਨਿਕਲ ਜਾਂਦਾ ਹੈ। ਰੋਜ਼ ਭੋਜਨ ਵਿਚ ਲਿਆ ਗਿਆ ਨਮਕ ਸਰੀਰ ਵਿਚ ਸੋਡੀਅਮ ਦੀ ਪੂਰਤੀ ਕਰਦਾ ਹੈ। ਇਸ ਦੀ 1100 ਤੋਂ 3300 ਮਿ.ਗ੍ਰਾ. ਦੀ ਮਾਤਰਾ ਹਰ ਰੋਜ਼ ਸਰੀਰ ਲਈ ਜ਼ਰੂਰੀ ਹੁੰਦੀ ਹੈ। ਦੁੱਧ, ਲੱਸੀ, ਤਾਜ਼ਾ ਪਾਲਕ, ਸੋਢਾ-ਬਾਏ-ਕਾਰਬ, ਬੇਕਿੰਗ ਪਾਊਡਰ ਆਦਿ ਵਿਚ ਸੋਡੀਅਮ ਦੀ ਮਾਤਰਾ ਪਾਈ ਜਾਂਦੀ ਹੈ। ਸੋਡੀਅਮ ਦੀ ਕਮੀ ਨਾਲ ਪਸੀਨਾ ਆਉਣਾ, ਉਲਟੀ, ਦਸਤ, ਗੁਰਦਿਆਂ ਦੇ ਨੁਕਸ ਆਦਿ ਪੈਦਾ ਹੁੰਦੇ ਹਨ। ਸੋਡੀਅਮ ਦੀ ਮਾਤਰਾ ਬਹੁਤ ਹੀ ਘੱਟ ਹੋਣ ’ਤੇ ਉਲਟੀ, ਅੰਗਾਂ ਵਿਚ ਦਰਦ ਅਤੇ ਦਿਮਾਗ ’ਚ ਸਥਿਤ ਸਾਹ ਕੇਂਦਰ ਕਾਰਜਹੀਣ ਹੋ ਜਾਂਦਾ ਹੈ।

ਇਨ੍ਹਾਂ ਖਣਿਜ ਤੱਤਾਂ ਦੀ ਕਮੀ ਨੂੰ ਦੂਰ ਕਰਨ ਲਈ, ਇਨ੍ਹਾਂ ਖਣਿਜ ਤੱਤਾਂ ਵਾਲੇ ਭੋਜਨ ਪਦਾਰਥਾਂ ਨੂੰ ਜ਼ਿਆਦਾ ਮਾਤਰਾ ਵਿਚ ਲੈਣਾ ਚਾਹੀਦਾ ਹੈ। ਆਯੁਰਵੈਦ ਅਨੁਸਾਰ ਸਧਾਰਨ ਖਣਿਜ ਤੱਤਾਂ ਦੀ ਕਮੀ ਹੋਣ ’ਤੇ ਮਨੁੱਖ ਵਿਚ ਉਨ੍ਹਾਂ ਤੱਤਾਂ ਵਾਲੇ ਭੋਜਨ ਪਦਾਰਥਾਂ ਨੂੰ ਲੈਣ ਦੀ ਸੰਭਾਵਿਤ ਇੱਛਾ ਹੋਣ ਲਗਦੀ ਹੈ। ਜੇਕਰ ਇਨ੍ਹਾਂ ਤੱਤਾਂ ਦੀ ਸਰੀਰ ਵਿਚ ਵੱਡੀ ਮਾਤਰਾ ਵਿਚ ਕਮੀ ਹੋ ਗਈ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।



## ਕਵਿਤਾ

ਗਲਤ ਨਹੀਂ ਹਾਂ, ਬਸ ਨੇਹੁ ਕੁਥਾਹੀਂ ਲੱਗ ਗਿਆ,
ਜ਼ਿੰਦਗੀ ਦੀ ਕਹਾਣੀ 'ਚ, ਬਾਗ਼ੀ ਰੋਲ ਹਾਂ ਕੋਈ ।

ਤਹਿਜ਼ੀਬ ਦੀਆਂ ਖੁੰਭਾਂ ਮਧੋਲਿਦਿਆਂ, ਤਰਸ ਆਇਆ,
ਪਰ ਵਕਤ ਦੇ ਪਹੀਏ ਦਾ ਪੁਰਜਾ ਹਾਂ, ਲੋੜ ਹਾਂ ਕੋਈ ।

ਮੈਂ ਦੋ ਪੀੜ੍ਹੀਆਂ ਦੀ ਭੀੜ 'ਚ ਆਇਆ, ਖ਼ਿਆਲ ਹਾਂ,
ਨਵਿਆਂ ਦਾ ਹੌਸਲਾ, ਪੁਰਾਣਿਆਂ ਦਾ ਹੌਲ ਹਾਂ ਕੋਈ ।

ਪਿਛਲੀ ਸਦੀ ਦੇ ਕੰਢੇ ਖੜ੍ਹੇ ਲੋਕਾਂ ਨੂੰ ਬਹੁਤ ਉਡੀਕਿਆ,
ਆਖਿਰ ਮੈਂ ਵੀ ਤੁਰਨਾ ਸੀ, ਜ਼ਿੰਦਗੀ ਦੌੜ ਹੈ ਕੋਈ।

ਕਿਸੇ ਦੱਬੇ-ਕੁਚਲੇ ਦੀ ਸਾਰੀ ਉਮਰ ਦੀ ਚੁੱਪ ਦਾ ਹੀ,
ਸਹਿਜ ਭਰਿਆ, ਆਕੀ ਜਿਹਾ ਬੋਲ ਹਾਂ ਕੋਈ ।

ਉਹਨਾਂ ਦੀਆਂ ਗੱਲਾਂ ਤੋਂ ਪਹਿਲਾਂ, ਮੇਰੀ ਚੁੱਪ ਸੁਣੀ ਹੁੰਦੀ,
ਪਤਾ ਲੱਗਦਾ, ਦਰਾਵੜ ਹਾਂ ਜਾਂ ਮੰਗੋਲ ਹਾਂ ਕੋਈ ।

ਘਰਾਂ ਨੂੰ ਵਾਪਿਸ ਲੈ ਜਾਓ, ਮਨਘੜਤ ਤਖ਼ਤੀਆਂ,
ਮੇਰੇ ਕਿਸ ਖੂੰਜੇ 'ਤੇ ਟੰਗੋਗੇ, ਹਸਤੀ ਗੋਲ ਹਾਂ ਕੋਈ ।

ਜਿਨ੍ਹਾਂ ਦੀ ਗੋਦ 'ਚ ਸਿਰ ਹੈ ਮੇਰਾ, ਓਹੀ ਦੱਸ ਸਕਦੇ ਨੇ,
ਝੋਲੀ ਹਾਂ ਜਾਂ ਝੋਲੀ 'ਚ ਬੱਟਿਆਂ ਦੀ ਝੋਲੀ ਹਾਂ ਕੋਈ ।

ਪਰੰਪਰਾ ਡਰਾ ਕੇ ਕਹਿੰਦੀ ਹੈ, 'ਚੁੱਪ ਰਿਹਾ ਕਰ ਤੂੰ',
ਉਸ ਕੁਲੱਖਣੀ ਨੂੰ ਪਤਾ ਹੈ, ਉਸਦੀ ਪੋਲ ਹਾਂ ਕੋਈ ।

ਨਿਆਜ਼ ਹਾਂ, ਭੇਟ ਹੋਜਾਂਗਾ ਕਿਸੇ ਵੱਡੇ ਮੱਥੇ ਵਾਲੇ ਨੂੰ,
ਨਾ ਸਮਝੀਂ, ਕਿਸੇ ਛੋਟੇ ਹੱਥਾਂ ਦਾ ਮਖੌਲ ਹਾਂ ਕੋਈ।



ਨਿਆਜ਼

## ਗ਼ਜ਼ਲ

ਦਿਸਹੱਦੇ ਤੋਂ ਪਾਰ ਬੁਲਾਵੀਂ ਨਾ ਮੈਨੂੰ ਫ਼ਿਲਹਾਲ।
ਘਰ ਦੀ ਗਰਦਿਸ਼ ਬੱਝ ਗਈ ਹੈ ਪੱਕੀ ਪੈਰਾਂ ਨਾਲ।

ਜੇ ਨਾ ਪੈਰਾਂ ਹੇਠੋਂ ਧਰਤੀ ਖਿਸਕਣ-ਖਿਸਕਣ ਕਰਦੀ,
ਸਿਰ 'ਤੇ ਡੋਲ ਰਿਹਾ ਅੰਬਰ ਵੀ ਲੈਣਾ ਸੀ ਸੰਭਾਲ।

ਮੁੱਠੀ ਭਰ ਰੇਤਾ ਨੂੰ ਹੀ ਕੁਝ ਹੰਝੂ ਅਰਪਣ ਕਰਕੇ,
ਪੁੱਛ ਨਹੀਂ ਹੋਣਾ ਇੰਝ ਸੁੱਕੇ ਦਰਿਆਵਾਂ ਦਾ ਹਾਲ।

ਗਿੱਲਿਆਂ ਨੈਣਾਂ ਵਾਲਾ ਚਿਹਰਾ ਛੱਡ ਤਾਂ ਆਇਆਂ ਲੇਕਿਨ,
ਡਰ ਵੀ ਲਗਦੈ ਖੁਰ ਨਾ ਜਾਵੇ ਸ਼ੀਸ਼ੇ ਪਿਛਲੀ ਝਾਲ।

ਸ਼ੋਰ ਬਾਜ਼ਾਰ ਦਾ ਸੁਣਕੇ ਜੇਕਰ ਸੁੱਟੀ ਹੁੰਦੀ ਵੰਝਲੀ,
ਬਾਂਸ ਦਿਆਂ ਰੁੱਖਾਂ ਨੂੰ ਰਹਿੰਦਾ ਸਾਰੀ ਉਮਰ ਮਲਾਲ।

ਤੇਰੀ ਮੀਨਾਕਾਰੀ ਵਿਚ ਹੀ ਹੋਣੀ ਕੋਈ ਖ਼ਾਮੀ,
ਵਰਨਾ ਅਰਥਾਂ ਤੁਰ ਪੈਣਾ ਸੀ ਕਵਿਤਾਵਾਂ ਦੇ ਨਾਲ।


ਸ਼ੀਸ਼ੇ ਦੀ ਬੋਤਲ ਵਿਚ ਉਸ ਨੂੰ ਸਾਂਭ-ਸਾਂਭ ਕੇ ਰੱਖਾਂ,
ਉਹ ਅਪਣੀ ਤਸਵੀਰ ਦੇ ਗਿਆ ਵਾਹ ਕੇ ਪਾਣੀ ਨਾਲ।



ਦਾਦਰ ਪੰਡੋਰਵੀ
0034602153704

## ਮੇਰੇ ਮਾਲਕ

ਉਹ ਮੇਰੇ ਮਾਲਕ ਤੇਰੇ ਸੰਸਾਰ ਵਿਚ ਇਹ ਕੀ ਹੋ ਰਿਹਾ ਹੈ।
ਆਪ ਨੇ ਇਨਸਾਨ ਨੂੰ ਇਸ ਸੰਸਾਰ ਵਿਚ ਭੇਜਿਆ।
ਇਕ ਦੂਜੇ ਦੀ ਜਾਨ ਦਾ ਪਿਆਸਾ ਹੋ ਗਿਆ ਹੈ।
ਧਰਮ ਦੇ ਨਾਮ ਤੇ ਰੋਜ਼ ਰੋਜ਼ ਵੰਡ ਹੋ ਰਹੀ ਹੈ।
ਉਹ ਮੇਰੇ ਮਾਲਕ ਦੇਖ ਰੋਜ਼ ਹੀ ਵਾਦ-ਵਿਵਾਦ ਦੇ ਨਾਲ ਇਕ ਦੂਜੇ ਦੇ ਸਾਹਮਣੇ ਹੋ ਗਏ ਹਨ।
ਮੇਰੇ ਰੰਗਲੇ ਪੰਜਾਬ ਵਿਚ ਕੀ ਹੋ ਰਿਹਾ ਹੈ।
ਕੋਈ ਅਮਨ, ਸੁਖ, ਸ਼ਾਂਤੀ ਨਹੀਂ ਰਹੀ।
ਥਾਂ ਥਾਂ ਡੇਰੇ ਬਣਾ ਕੇ ਬੈਠੇ ਬਾਬੇ।
ਇੱਥੇ ਮਨੁੱਖੀ ਸਰੀਰਾਂ ਦੀ ਕੋਈ
ਕੀਮਤ ਨਾ ਰਹੀ।
ਮੇਰੇ ਮਾਲਕਾਂ ਇੱਥੇ ਗੁਰੂ ਗ੍ਰੰਥ ਦੀ ਬੇਅਦਬੀ ਹੋ ਰਹੀ ਹੈ।
ਹੱਥ ਵਿਚ ਬੰਦੂਕਾਂ ਹੱਥ ਵਿਚ ਫੜ੍ਹ ਕੇ ਘੁੰਮ ਰਹੇ ਹਨ।
ਪਾਪ ਦੀ ਕਮਾਈ ਦਾ ਬੋਲ ਬਾਲਾ ਹੋ ਰਿਹਾ ਹੈ।
ਇੱਥੇ ਦਸਾਂ ਗੁਰੂਆਂ ਦੀ ਬਾਣੀ ਭੁੱਲ ਗਿਆ ਹੈ ਇਨਸਾਨ।
ਮੇਰੇ ਮਾਲਕਾਂ ਤੂੰ ਫਿਰ ਇਸ ਸੰਸਾਰ ਦੇ ਵਿਚ ਆ। ਵਿਨਾਸ਼ ਨੂੰ ਤੂੰ ਰੋਕ। ਤੂੰ ਹੀ ਸਾਡਾ ਸਿਰਜਨਹਾਰਾ ਹੈ।



ਸੁਰਜੀਤ ਸਾਰੰਗ

## ਪੱਥਰ ਤੋਂ ਦੇਵਤੇ ਤੱਕ....

ਰਾਹ ਦੇ ਵਿਚ ਪਿਆ ਸੀ ਪੱਥਰ, ਰਾਹੀਆਂ ਦੇ ਜੋ ਠੁੱਡੇ ਖਾਂਦਾ।
ਕਦੀ ਕਦਾਈ ਰਾਹੀ ਕੋਈ, ਔਖੜ ਕੇ ਝੱਟ ਡਿੱਗ ਜਾਂਦਾ।

ਵੇਖਣ ਨੂੰ ਨਾ ਸੋਹਣਾ ਲਗਦਾ, ਹੈ ਸੀ ਗੋਲ ਮਟੋਲ ਜਿਹਾ।
ਏਸ ਵਿਚਾਰੇ ਦਾ ਕੀ ਬਨਣੈਂ, ਮਨ ਹੀ ਮਨ ਵਿੱਚ ਮੈਂ ਕਿਹਾ।

ਇੱਕ ਦਿਨ ਚੁੱਕ ਕੇ ਉਸਨੂੰ ਮੈਂ, ਅਪਣੇ ਘਰੀਂ ਲਿਆਇਆ।
ਸਾਰਾ ਟੱਬਰ ਪੁੱਛੀਂ ਜਾਵੇ, ਆਹ ਤੂੰ ਕੀ ਲੈ ਆਇਆ।

ਦਿਲ ਮੇਰੇ ਵਿੱਚ ਜੋ ਸੀ ਆਖਰ, ਸਭ ਨੂੰ ਕਹਿ ਸੁਣਾਇਆ।ਵੇਖਿਓ ਇੱਕ ਹਫ਼ਤੇ ਦੇ ਅੰਦਰ, ਪਲਟੀ ਇਸ ਦੀ ਕਾਇਆ।

ਚੁੱਕ ਹਥੌੜਾ ਸੈਣੀ ਉਸ ਨੂੰ, ਜਦੋਂ ਤਰਾਸ਼ਣ ਲੱਗਾ।
ਰੰਗ ਬਰੰਗਾ ਵਿਚੋਂ ਨਿਕਲਿਆ, ਕਾਲਾ ਕਿਧਰੇ ਬੱਗਾ।

ਕੁੱਝ ਦਿਨਾਂ ਦੀ ਮਿਹਨਤ ਮੇਰੀ, ਸੋਹਣਾ ਰੰਗ ਲਿਆਈ।
ਪੱਥਰ ਤੋਂ ਫਿਰ ਦੇਵਤੇ ਵਾਲੀ, ਉਸ ਤੇ ਰੰਗਤ ਆਈ।

ਵੱਖਰੇ ਰੰਗਾਂ ਨਾਲ ਪੋਚ ਕੇ, ਉਸ ਨੂੰ ਖ਼ੂਬ ਸਜਾਇਆ।
ਸੋਹਣੀ ਸੂਰਤ ਵੇਖ ਕੇ ਯਾਰੋ, ਮਨ ਮੇਰਾ ਰੁਸ਼ਨਾਇਆ।

ਆਏ ਧਰਮੀ ਬੰਦੇ ਉਸ ਨੂੰ, ਨਾਲ ਸਤਿਕਾਰ ਦੇ ਲੈ ਗਏ।
ਸੱਜ ਸਵਰ ਕੇ ਮੇਰੇ 'ਦੇਵਤਾ', ਜਾ ਮੰਦਿਰ ਵਿੱਚ ਬਹਿ ਗਏ।

ਨਿੱਤ ਚੜ੍ਹਾਵੇ ਚੜ੍ਹਦੇ ਵੇਖ ਕੇ, ਫੁੱਲਿਆ ਨਾ ਸਮਾਉਂਦਾ।
ਕਿੰਨਾ ਚੰਗਾ ਹੁੰਦਾ ਜੇ ਮੈਂ, ਪਹਿਲਾਂ ਮੰਦਿਰ ਆਉਂਦਾ।

ਕਦੇ ਕਦੇ ਮੰਦਿਰ ਦੇ ਵਲ ਨੂੰ, ਜਾਂਦਾ ਸਾਂ ਮੈਂ ਰਹਿੰਦਾ।
ਇਉਂ ਲੱਗਦਾ ਜਿਉਂ ਵੇਖ ਕੇ ਮੈਨੂੰ 'ਧੰਨਵਾਦ' ਹੈ ਕਹਿੰਦਾ।

ਰੜੇ ਮੈਦਾਨ ਤੋਂ ਚੁੱਕ ਦੋਸਤਾ, ਮੰਦਿਰ ਵਿੱਚ ਬਹਾਇਆ।
ਜਿਊਂਦਾ ਰਹੇ ਤੂੰ 'ਬੁਜਰਕ' ਮੈਨੂੰ, ਨਰਕੋਂ ਸੁਰਗ ਵਖਾਇਆ।

ਪੱਥਰੋਂ ਇੱਕ ਬਣਾ ਕੇ ਦੇਵਤਾ, ਕੀ ਕੀਤੀ ਮੈਂ ਚੰਗੀ।
ਭੋਲ਼ੀ ਭਾਲ਼ੀ ਜਨਤਾ ਵਹਿਮਾਂ, ਭਰਮਾਂ ਵਿੱਚ ਗਈ ਰੰਗੀ।



ਹਰਮੇਲ ਸਿੰਘ ਧੀਮਾਨ

## ਖਾਲੀ ਹੱਥ ਜਾਣਾ

ਗਲੀ ਵਾਲਾ ਜਾਨਵਰ ਰੋਵੇ, ਰੋੜੇ ਮਾਰ ਭਜਾਉਂਦੇ ਵੇਖੇ ਨੇ ਮੈਂ,
ਆਪਣਾ ਟੋਮੀ ਰੋਵੇ, ਪਿਆਰ ਨਾਲ ਦੁੱਧ ਪਿਆਉਂਦੇ ਵੇਖੇ ਨੇ ਮੈਂ।

ਕੋਈ ਗੈਰ ਰੋਵੇ, ਉਸਦਾ ਹੋਰ ਤਮਾਸ਼ਾ ਉਡਾਉਂਦੇ ਵੇਖੇ ਨੇ ਮੈਂ,
ਕੋਈ ਆਪਣਾ ਰੋਵੇ, ਬੁੱਕਲ ਵਿਚ ਚੁੱਪ ਕਰਾਉਂਦੇ ਵੇਖੇ ਨੇ ਮੈਂ।

ਕਿਸੇ ਨਾਲ ਜਦੋਂ ਮੁਹੱਬਤ ਹੋ ਜਾਵੇ, ਜਾਮ ਛੁਲਕਾਉਂਦੇ ਵੇਖੇ ਨੇ ਮੈਂ,
ਮਿਲੇ ਜਦੋਂ ਬੇਵਫ਼ਾਈ, ਉਸੀ ਜਾਮ ਨਾਲ ਗਮ ਭੁਲਾਉਂਦੇ ਵੇਖੇ ਨੇ ਮੈਂ।

ਰੱਖੜੀ ਬੰਨਵਾ ਕੇ, ਰਿਸ਼ਤਾ ਨਿਭਾਉਣ ਦੀ ਕਸਮ ਖਾਉਂਦੇ ਵੇਖੇ ਨੇ ਮੈਂ,
ਡਾਲਰ, ਪੌਂਡ ਕਮਾਉਣ ਲਈ, ਕਈ ਰਿਸ਼ਤੇ ਬਦਲਾਉਂਦੇ ਵੇਖੇ ਨੇ ਮੈਂ।

ਠੱਗੀਆਂ ਚੋਰੀਆਂ ਕਰਕੇ, ਕਈ ਪਾਪ ਵਾਲਾ ਘੜਾ ਭਰਦੇ ਵੇਖੇ ਨੇ ਮੈਂ,
ਫਿਰ ਆਖਰ ਸਮੇਂ ਸਭ ਇਥੇ ਛੱਡਕੇ, ਖਾਲੀ ਹੱਥ ਵੀ ਜਾਂਦੇ ਵੇਖੇ ਨੇ ਮੈਂ।

ਜਸਪਾਲ ਸਿੰਘ ਮਹਿਰੋਕ
ਸਨੌਰ (ਪਟਿਆਲਾ)
6284347188



## ਗ਼ਜ਼ਲ

ਕਿਧਰੇ ਲੜਨ ਗਵੱਈਏ ਤੇ ਕਿਧਰੇ ਬਾਬੇ ਲੜੀ ਜਾਂਦੇ
ਇਨ੍ਹਾਂ ਪਿੱਛੇ ਲੱਗ ਲੋਕੀ ਐਵੇਂ ਆਪਸ 'ਚ ਅੜੀ ਜਾਂਦੇ

ਭੁੱਖਿਆਂ ਨੂੰ ਮਿਲੇ ਨਾ ਰੋਟੀ ਕਾਮਿਆਂ ਦਾ ਰੁਜ਼ਗਾਰ ਗਿਆ
ਕੁਝ ਸਰਹੱਦਾਂ 'ਚ ਸ਼ਹੀਦ ਹੁੰਦੇ ਕੁਝ ਹਸਪਤਾਲਾਂ 'ਚ ਮਰੀ ਜਾਂਦੇ

ਹੱਥ ਖੜ੍ਹੇ ਕਰ ਗਈ ਸਰਕਾਰ ਇਹ ਕਹਿ ਕਿ ਖ਼ਜ਼ਾਨਾ ਖਾਲੀ ਹੈ
ਪੁਲਸੀਏ ਕੱਟਦੇ ਚਲਾਨ ਤੇ ਕਈ ਘੋਟਾਲੇ ਤੇ ਘੁਟਾਲਾ ਕਰੀ ਜਾਂਦੇ

ਐਨ ਆਰ ਆਈ ਦੀ ਮਦਦ ਨਾਲ ਕਈ ਐਨਜੀਓ ਨਵੀਂ ਬਣਾ ਲੈਂਦੇ
ਪਤਾ ਨਹੀਂ ਇਹ ਸੇਵਾ ਕਰਦੇ ਜਾਂ ਆਪਣਾ ਹੀ ਘਰ ਭਰੀ ਜਾਂਦੇ

ਵਿਕ ਰਹੇ ਦੇਸ਼ ਤੇ ਆਰਥਿਕ ਮੰਦੀ ਦੀ ਗੱਲ ਨਾ ਇਹ ਕਦੇ ਕਰਦੇ
ਰਾਸ਼ਟਰੀ ਮੁੱਦਾ ਬਣਾ ਚੈਨਲ ਵਾਲੇ ਫ਼ਿਲਮੀ ਖ਼ਬਰਾਂ ਹੀ ਪੜ੍ਹੀ ਜਾਂਦੇ

ਕਬੂਤਰ ਵਾਂਗੂ ਅੱਖਾਂ ਮੀਚ ਕੇ 'ਸੋਹੀ' ਕਦੇ ਨਾ ਬਚਿਆ ਜਾਂਦਾ
ਸਾਥ ਉਨ੍ਹਾਂ ਦਾ ਦੇਈਏ ਜੋ ਹੱਕਾਂ ਲਈ ਧੁੱਪ ਵਿੱਚ ਸੜੀ ਜਾਂਦੇ



ਗੁਰਮੀਤ ਸਿੰਘ ਸੋਹੀ
9217981404

## ਲੱਗਦਾ ਭਾਰਤ ਦੇਸ਼ ਰਿਹਾ ਨਾ

ਲੱਗਦਾ ਭਾਰਤ ਦੇਸ਼ ਰਿਹਾ ਨਾ ਹਾਮੀ ਤੀਆਂ ਦਾ।
ਬਣਦਾ ਨਾ ਕੋਈ ਰਾਖਾ ਦੁਨੀਆ ਵਿੱਚ ਧੀਆਂ ਦਾ।
ਚਿੜੀਆਂ ਮੁੱਖ ਚਿੜਾ ਰਹੀਆਂ ਭਾਰਤ ਦੀਆਂ ਧੀਆਂ ਦਾ।

ਹਿੰਦੂ ਮੁਸਲਿਮ ਸਿੱਖਾਂ ਨਾਨਕ ਸੋਚ ਭੁਲਾਈ ਆ,
ਚੁੱਕੀ ਅੱਤ ਬਲਾਤਕਾਰੀਆਂ ਜਣਨੀ ਖਾਈ ਆ,
ਭਟਕ ਗਿਆ ਭਾਈਚਾਰਾ ਮੰਨਦਾ ਹੁਕਮ ਨਾ ਮੀਆਂ ਦਾ।
ਲੱਗਦਾ ਭਾਰਤ ਦੇਸ਼ ਰਿਹਾ ਨਾ.....।

ਕੰਜਕਾਂ ਦੇਵੀ ਲੱਛਮੀ ਕਹਿ ਕੇ ਮਾਂ ਪੂਜਦੇ ਸੀ,
ਰੱਖੜੀ ਬੰਨ੍ਹ ਕੇ ਟਿੱਕੇ ਲਾਉਂਦੇ ਭਾਈਦੂਜ ਦੇ ਸੀ,
ਕੁੜੀਆਂ ਚਿੜੀਆਂ ਨਾਲ ਮਾਣ ਸੀ ਵਧਣਾ ਜੀਆਂ ਦਾ।
ਲੱਗਦਾ ਭਾਰਤ ਦੇਸ਼ ਰਿਹਾ ਨਾ.....।

ਮਿਲਣਾ ਕੀ ਇਨਸਾਫ਼ ਭ੍ਰਿਸ਼ਟਾਚਾਰ ਛਾਅ ਗਿਆ ਏ,
ਪੈਸਾ ਪੁੱਤ ਅਮੀਰ ਗਰੀਬ ਦੀ ਇੱਜ਼ਤ ਖਾ ਗਿਆ ਏ,
ਮੀਡੀਆ ਬਣਿਆ ਰਸਤਾ 'ਰਾਜਨ' ਫਿਰਕੂ ਲੀਹਾਂ ਦਾ।
ਲੱਗਦਾ ਭਾਰਤ ਦੇਸ਼ ਰਿਹਾ ਨਾ.....।
ਬਣਦਾ ਨਾ ਕੋਈ ਰਾਖਾ.....।



ਰਜਿੰਦਰ ਸਿੰਘ ਰਾਜਨ
9876184954

## ਸੱਚੇ ਸੁੱਚੇ ਦੋਸਤ

ਸੱਚੇ ਸੁੱਚੇ ਦੋਸਤ ਕਿਨ੍ਹਾਂ ਨੂੰ ਮਿਲਦੇ,
ਜਿਨ੍ਹਾਂ ਕੀਤੀ ਕਮਾਈ ਹੁੰਦੀ ਹੈ !
ਰੱਬ ਕਰਾਵੇ ਮੇਲ ਸੁਹਣੇ ਸੱਜਣਾਂ ਨਾਲ,
ਇਹਦੇ ਵਿਚ ਵੀ ਕੋਈ ਰੱਬੀ ਰਾਜ ਦੀ ਫਸੀ ਘੁੰਡੀ ਹੈ!

ਸਾਰੀ ਰੱਬ ਦੀ ਕਾਇਨਾਤ ਦੂਰ ਤੱਕ ਦਿੱਸੇ,
ਕਿਣਕੇ ਕਿਣਕੇ ਵਿਚ ਉਸਦਾ ਵਾਸ ਹੁੰਦਾ ਹੈ।
ਮਾੜੇ ਚੰਗੇ ਸਭ ਉਸ ਦੇ ਘੜੇ, ਬਣਾਏ,
ਕਿਸਮਤ ਨਾਲ ਚੰਗੇ ਦਾ ਸਾਥ ਹੁੰਦਾ ਹੈ ।

ਕਈ ਪਿੰਡਾਂ ਦੇ ਨਾਉਂ ਜੁੜੇ ਹੁੰਦੇ ਖੁੱਲ੍ਹ-ਦਿਲੇ ਲੋਕਾਂ ਨਾਲ,
ਘਰਵਾਲੀ ਕਹੇ, ਥਾਣੇਦਾਰਨੀ ਮਾਮੀ ਮੇਰੀ ਜਖੇਪਲ ਦੀ ।
ਮੇਰਾ ਜਵਾਬ ਹੁੰਦਾ, ਮਾਮੀ ਮੇਰੀ ਵੀ ਜਖੇਪਲ ਦੀ।
ਮਾਮਾ ਐਸਾ ਡਰਿਆ ਉਸਤੋਂ, ਜਦੋਂ ਮਾਰੀ ਘੇਸਲ ਜੀ।

ਮੇਰੇ ਪਿਤਾ ਜੀ ਦੇ ਦੋਸਤ ਸਨ, ਪ੍ਰਤਾਪ ਸਿੰਘ ਬਾਗੀ,
ਸਾਰੀ ਉਮਰ ਲੰਘਾਈ ਸਾਦਗੀ 'ਚ, ਯਾਰਾਂ ਦੇ ਸਨ ਪੱਕੇ ਯਾਰ।
ਕਾਮਰੇਡੀ ਵਿੱਚ ਜਦੋਂ ਵੀ ਕੋਈ ਪੈਣੀ, ਕਿਸੇ ਤਰ੍ਹਾਂ ਦੀ ਭੀੜ,
ਬਹੁੜਦੇ ਸਨ ਖੁਸ਼ਮਿਜਾਜੀ 'ਚ, ਮਿਲਣ ਤੇ ਡੁੱਲ੍ਹ ਡੁੱਲ੍ਹ ਪੈਂਦਾ ਪਿਆਰ।

ਬਾਗੀ ਸਾਹਿਬ ਸਨ ਜਖੇਪਲ ਤੋਂ, ਪਿਤਾ ਪੰਮੀ ਬਾਈ ਜੀ ਦੇ,
ਉਸੇ ਲਹਿਰ 'ਚ, ਜੁੜੇ ਸਨ ਜੰਗੀਰ ਸਿੰਘ ਜੋਗਾ,
ਹਰਦਿੱਤ ਸਿੰਘ ਭੱਠਲਾਂ ਦੇ।
ਦਵਿੰਦਰ ਦਮਨ ਦੇ ਪਿਤਾ ਦਲੀਪ ਸਿੰਘ ਭੱਟੀਵਾਲ ਮਾਹਰ
ਛੁਪਣ ਛੁਪਾਈ ਦੇ ਜੀ,
ਮਾਝੇ ਤੋਂ ਤੇਜਾ ਸਿੰਘ ਸੁਤੰਤਰ, ਤਾਰੂ ਸਨ ਸਾਰੀਆਂ
ਪੱਤਣਾਂ ਦੇ।



ਅਮਰਜੀਤ ਸਿੰਘ ਤੂਰ
9878469639

## ਕਵਿਤਾ

ਕਾਹਤੋਂ ਭੁੱਲ ਗਿਐਂ ਕੀਤੇ ਇਕਰਾਰ ਦੀਆਂ ਗੱਲਾਂ
ਆਜਾ ਕਰ ਲਈਏ ਬਹਿਕੇ, ਇਜ਼ਹਾਰ ਦੀਆਂ ਗੱਲਾਂ

ਭਰੀ ਦਿਲਾਂ ਵਿਚ ਬੜੀ, ਅੱਗ ਨਫ਼ਰਤ ਵਾਲੀ
ਠੰਢੀ ਕਰ ਲਓ ਦੋ ਕਰਕੇ, ਪਿਆਰ ਦੀਆਂ ਗੱਲਾਂ

ਹਰ ਸ਼ਖ਼ਸ ਤਨਾਅ 'ਚ, ਹੋਇਆ ਫਿਰੇ ਪਰੇਸ਼ਾਨ
ਤਾਹੀਓਂ ਵਧ ਗਈਆਂ, ਬਹਿਸ-ਤਕਰਾਰ ਦੀਆਂ ਗੱਲਾਂ

ਦੌੜ ਲੱਗੀ ਹਰ ਪਾਸੇ, ਪੈਸੇ ਨੂੰ ਕਮਾਉਣ ਦੀ
ਜਿੱਥੇ ਦੇਖੋ ਉੱਥੇ ਹੁੰਦੀਆਂ, ਵਪਾਰ ਦੀਆਂ ਗੱਲਾਂ

ਵਾਅਦੇ ਕਰ-ਕਰ ਲੋਕੀਂ, ਨੇ ਮੁੱਕਰ ਜਾਂਦੇ ਅੱਜ
ਪਿੱਛੇ ਰਹਿ ਗਈਆਂ ਨੇ, ਕੌਲ ਤੇ ਕਰਾਰ ਦੀਆਂ ਗੱਲਾਂ

ਨਹੀਓਂ ਰਹਿ ਗਿਆ ਪਿਆਰ, ਖ਼ੂਨ ਬਣ ਗਏ ਨੇ ਪਾਣੀ
ਨਿੱਤ ਹੁੰਦੀਆਂ ਨੇ ਰਿਸ਼ਤੇ, ਤਾਰ-ਤਾਰ ਦੀਆਂ ਗੱਲਾਂ

ਰਹਿੰਦਾ ਲੀਡਰਾਂ ਨੂੰ ਡਰ, ਕੁਰਸੀ ਗਵਾਉਣ ਦਾ
ਤਾਹੀਓਂ ਕਰਦੇ ਨੇ ਕੂੜ-ਪ੍ਰਚਾਰ ਦੀਆਂ ਗੱਲਾਂ

ਗੰਦ ਗਾਇਕੀ 'ਚ ਪਾਇਆ, ਭੁੱਲੇ ਵਿਰਸੇ ਦੀ ਗੱਲ
ਗਾਇਕ ਕਰਦੇ ਹਥਿਆਰ, ਅਤੇ ਨਾਰ ਦੀਆਂ ਗੱਲਾਂ

ਉੱਤੋਂ-ਉੱਤੋਂ 'ਖ਼ੁਸ਼ੀ' ਕਰਦੇ, ਜੋ ਗੱਲਾਂ ਹੱਸ-ਹੱਸ
ਤੂੰ ਨਾ ਜਾਣੇ ਉਹਨਾਂ ਦਿਲਾਂ, ਵਿਚਕਾਰ ਦੀਆਂ ਗੱਲਾਂ..



ਖੁਸ਼ੀ ਮੁਹੰਮਦ ਚੱਠਾ

## ਜਲ

ਤੀਜੀ ਪੱਤਣ ਤੇ ਜਾਕੇ ਜਲ ਮੁੱਕਜੂ,
ਤੂੰ ਵੇਲ਼ਾ ਨਾ ਗਵਾਲੀਂ ਬੰਦਿਆ
ਕਾਹਤੋਂ ਜਾਣਦਾ ਨਾ ਕੀਮਤ ਤੂੰ ਜਲ ਦੀ,
ਨਾ ਜੀਵਨ ਮੁਕਾਲੀਂ ਬੰਦਿਆ
ਤੈਨੂੰ ਪੀਣ ਲਈ ਤਿੱਪ ਵੀ ਨਾ ਲੱਭਣੀ ,
ਤੂੰ ਅਜੇ ਵੀ ਕਿਨਾਰਾ ਕਰਲੀਂ
ਤੈਨੂੰ ਆਖਦੀਆਂ ਫਸਲਾਂ ਤੇ ਨਸਲਾਂ,
ਖ਼ਿਆਲ ਸਰਦਾਰਾ ਕਰਲੀਂ
ਹੁੰਦੀ ਪਾਣੀ ਦੀ ਏ ਬੂੰਦ ਬੂੰਦ ਕੀਮਤੀ,
ਓ ਹੋਸ਼ ਜ਼ਿੰਮੀਦਾਰਾ ਕਰਲੀਂ

ਪਾਣੀ ਬਾਝੋਂ ਨਹੀਂ ਭੌਰਾ ਤੇਰਾ ਸਰਨਾ,
ਨਾ ਬੰਜਰਾਂ ਚ ਮੋਰ ਰਹਿ ਜਾਣੇ
ਮੱਥੇ ਉੱਤੇ ਹੱਥ ਮਾਰ ਮਾਰ ਰੋਏਂਗਾ,
ਨਾ ਚਿੜੀ ਨਾ ਜਨੌਰ ਰਹਿ ਜਾਣੇ
ਖੁਦ ਵੱਲੋਂ ਵੀ ਤੂੰ ਸੋਚਲੇ ਵਿਚਾਰਲੇ,
ਤੇ ਸੋਚਾਂ ਦਾ ਨਿਤਾਰਾ ਕਰਲੀਂ
ਤੈਨੂੰ ਆਖਦੀਆਂ ਫਸਲਾਂ ਤੇ ਨਸਲਾਂ,
ਖ਼ਿਆਲ ਸਰਦਾਰਾ ਕਰਲੀਂ
ਹੁੰਦੀ ਪਾਣੀ ਦੀ ਏ ਬੂੰਦ ਬੂੰਦ ਕ ੀਮਤੀ,
ਓ ਹੋਸ਼ ਸਰਦਾਰਾ ਕਰਲੀਂ

ਤੇਰੇ ਪੋਤੇ ਪੜਪੋਤੇ ਜਦ ਕਹਿਣਗੇ,
ਕਿ ਸਾਡੇ ਬਾਰੇ ਸੋਚਿਆ ਨਹੀਂ
ਜਦੋਂ ਸ਼ਹਿਰੀਆ ਤੂੰ ਨਾਲੀਆਂ 'ਚ ਡੋਲ੍ਹਿਆ
ਕਿਸੇ ਨੇ ਕਾਹਤੋਂ ਟੋਕਿਆ ਨਹੀਂ
ਪਾਣੀ ਬਿਨਾ ਨਾ ਪਿਆਸ ਤੇਰੀ ਬੁਝਣੀ,
ਤੂੰ ਗੌਰ ਮੇਰੇ ਯਾਰਾ ਕਰਲੀਂ
ਤੈਨੂੰ ਆਖਦੀਆਂ ਫਸਲਾਂ ਤੇ ਨਸਲਾਂ,
ਖ਼ਿਆਲ ਸਰਦਾਰਾ ਕਰਲੀਂ
ਹੁੰਦੀ ਪਾਣੀ ਦੀ ਏ ਬੂੰਦ ਬੂੰਦ ਕੀਮਤੀ,
ਓ ਹੋਸ਼ ਜ਼ਿੰਮੀਦਾਰਾ ਕਰਲੀਂ

ਤੀਜੀ ਪੱਤਣ ਜਵਾਬ ਜਦੋਂ ਦੇ ਜਾਊ,
ਤਾਂ ਬਹੁਤ ਬੁਰਾ ਹਾਲ ਹੋਵੇਗਾ
ਧੰਨਾ ਧਾਲੀਵਾਲ ਸੱਚੋ ਸੱਚ ਲਿਖਦਾ,
ਤੇ ਪਿਆ ਜਦ ਕਾਲ਼ ਹੋਵੇਗਾ
ਏਸ ਧਰਤ ਦਾ ਵੇਖੀਂ ਇਨਸਾਨਾਂ,
ਗਰਮ ਨਾ ਓਏ ਪਾਰਾ ਕਰਲੀਂ
ਤੈਨੂੰ ਆਖਦੀਆਂ ਫਸਲਾਂ ਤੇ ਨਸਲਾਂ,
ਖ਼ਿਆਲ ਸਰਦਾਰਾ ਕਰਲੀਂ
ਹੁੰਦੀ ਪਾਣੀ ਦੀ ਏ ਬੂੰਦ ਬੂੰਦ ਕੀਮਤੀ,
ਓ ਹੋਸ਼ ਜ਼ਿੰਮੀਦਾਰਾ ਕਰਲੀਂ



**ਧੰਨਾ ਧਾਲੀਵਾਲ**
9878235714

## ਨਜ਼ਮ

ਖੁਸ਼ੀ ਨਾਲ ਜੇਕਰ ਇਨਸਾਫ ਮਿਲਜੇ
ਇਨਸਾਫ਼ ਦੇ ਨਾਲ ਹੈ ਇਤਬਾਰ ਹੁੰਦਾ

ਬੂਹਾ ਨਫ਼ਰਤ ਦਾ ਜੇਕਰ ਬੰਦ ਹੋ ਜਾਏ,
ਇਤਬਾਰ ਨਾਲ ਹੈ ਗੂੜਾ ਪਿਆਰ ਹੁੰਦਾ।

ਮੁਹੱਬਤ ਨਾਲ ਜੀਵਨ ਇਹ ਬਸਰ ਹੋ ਜਾਏ,
ਮੁਹੱਬਤ ਨਾਲ ਸਮਝੋ ਬੇੜਾ ਪਾਰ ਹੁੰਦਾ।

ਕਦੇ ਇਕਾਂਤ ਚ ਬੈਠ ਧਿਆਨ ਕਰਲੀਂ
ਖ਼ੁਦੀ ਨਾਲ ਹੀ ਹੈ ਦੁੱਖੀ ਸੰਸਾਰ ਹੁੰਦਾ।

ਜੀਵਨ ਤੇਰਾ ਸੰਸਾਰ ਦਾ ਇਕ ਹਿੱਸਾ,
ਦੁੱਖੀ ਹੋ ਕੇ ਨ੍ਹੀ ਕਦੇ ਇਕਰਾਰ ਹੁੰਦਾ।

ਬਿੰਨ੍ਹਾਂ ਇਤਬਾਰ ਦੇ ਚਿੰਤਾ ਵਿਚ ਮਨੂੰਆਂ
ਚਿੰਤਨ ਬਿੰਨ੍ਹਾਂ ਨ੍ਹੀ ਜੀਵਨ ਦਾ ਸਾਰ ਹੁੰਦਾ ।

ਬਿੰਨ੍ਹਾਂ ਚਿੰਤਨ ਦੇ ਚਿਖਾ ਦੇ ਵਾਂਗ ਜੀਵਨ,
ਜਿੰਦਾਦਿਲੀ ਨੂੰ ਖ਼ੁਸ਼ੀ ਦਾ ਅਧਾਰ ਹੁੰਦਾ।

**ਮੇਜਰ ਸਿੰਘ ਰਾਜਗੜ੍ਹ**

## ਕਵਿਤਾ

ਮੈਂ ਕਾਗ਼ਜ਼ ਦੀ ਨਿਆਈ 'ਕੱਠੇ ਦਰਦ ਕਰਾਂ
ਰੱਦੀ ਵਾਲੇ ਸਮੇਟ ਨਾ ਮੈਨੂੰ ਏਸ ਤਰ੍ਹਾਂ

ਬੋਲ ਤੇਰੇ ਕੰਨਾਂ ਤੋਂ ਰੂਹ ਨੂੰ ਜਾਂਦੇ ਨੇ
ਜਿਉਂ ਕੋਇਲ ਕੋਈ ਕੂਕੇ ਵਿਚ ਮਾਨ ਸਰਾਂ

ਚਿਹਰੇ ਮੇਰੇ ਉੱਤੇ ਇਹ ਜੋ ਝਲਕ ਰਿਹਾ
ਨੂਰ ਹੈ ਉਸ ਸਰ ਦਾ ਜਿਹਦੇ ਵਿੱਚ ਨਿੱਤ ਤਰਾਂ

ਮਨ ਦੀ ਤਿਤਲੀ ਉੱਡਦੀ ਚਾਰ ਚੁਫੇਰੇ ਹੈ
ਵੱਸ ਚੱਲੇ ਜੇ ਮੇਰਾ ਕੰਨ ਤੇ ਇਕ ਧਰਾਂ

ਗ਼ਮ ਤੇਰੇ ਨੂੰ ਅੱਜ ਵੀ ਸੀਨੇ ਲਾਇਆ ਏ
ਲੋਕ ਬਥੇਰੇ ਕਹਿੰਦੇ ਇਸਨੂੰ ਸੁੱਟ ਪਰ੍ਹਾਂ



**ਜੋਬਨ ਰੂਪ ਛੀਨਾ**

## ਸੋਚਾਂ ਦਾ ਤਾਜ਼

ਜਦ ਮੈਂ ਤਾਰਿਆਂ ਦੀ ਸੇਜ ਤੇ
ਚੰਨ ਦਾ ਸਰ੍ਹਾਣਾਂ ਲਾ ਕੇ
ਸੋਚਾਂ ਦਾ ਤਾਜ਼ ਸਿਰ ਧਰ ਕੇ
ਰਾਤ ਦੀਆਂ ਬਾਹਾਂ ਵਿਚ
ਪਈ ਹੁੰਦੀ ਹਾਂ
ਦੋਵੇਂ ਹੱਥ ਸ਼ਾਂਤੀ ਤੇ ਰੱਖ ਕੇ
ਰੌਂਦੀ ਵੀ ਨਹੀਂ
ਨਾ ਹਓਕਾਂ ਭਰਦੀ ਹਾਂ
ਕਿਤੇ ਇਹ ਰਾਤ ਮੇਰੇ
ਅੱਥਰੂ ਵੇਖ ਕੇ
ਤੈਨੂੰ ਝਿੜਕਾਂ ਨਾ
ਦੇਵਣ ਲੱਗ ਪਵੇ
ਜਦ ਰਾਤ ਮੈਨੂੰ
ਸੁੱਤਿਆਂ ਸਮਝ ਕੇ
ਮੇਰੇ ਕੋਲੋਂ ਉੱਠ ਕੇ
ਸੂਰਜ ਵੇਖ ਕੇ
ਬਾਹਾਂ ਅੱਡ ਕੇ
ਖੜ੍ਹੇ ਦਿਨ ਦੀਆਂ
ਬਾਹਾਂ ਚਲੀ ਜਾਂਦੀ ਹੈ
ਤਾਂ ਮੈਂ ਉਚੀ ਉਚੀ
ਕੂਕ ਕੇ ਰੋਂਦੀ ਹਾਂ।



**ਸੁਰਜੀਤ ਸਾਰੰਗ**

## ਸੋਹਣੀ ਧਰਤ

ਸਾਡੀ ਸੋਹਣੀ ਧਰਤ ਪੰਜਾਬ ਦੀ,
ਜਿੱਥੇ ਵਗਦਾ ਨਿਰਮਲ ਨੀਰ।
ਇੱਥੇ ਸੋਨੇ ਰੰਗੀਆਂ ਫਸਲਾਂ,
ਤੇ ਅੰਨ ਦੀ ਕਰਨ ਅਖੀਰ।
ਸੂਰਜ ਦੀ ਲਾਲੀ ਚਮਕਦੀ,
ਜਿਉਂ ਹੋਵੇ ਸੇਬ ਕਸਮੀਰ।
ਇੱਥੇ ਛੈਲ ਛਬੀਲੇ ਨੇ ਗੱਭਰੂ,
ਤੇ ਊਧਮ ਸਰਾਭੇ ਜਿਹੇ ਵੀਰ।
ਇੱਥੇ ਧੀਆਂ ਕਿਸੇ ਤੋਂ ਘੱਟ ਨਾ,
ਜੋ ਜਾਣ ਹਵਾਵਾਂ ਨੂੰ ਚੀਰ।
ਰੁੱਤਾਂ ਵਾਰੋ ਵਾਰੀ ਆਉਂਦੀਆਂ,
ਰੱਖਣ ਠੰਡੀ ਗਰਮ ਤਾਸੀਰ।
ਇੱਥੇ ਦਰਿਆ, ਪਹਾੜ, ਖੇਤ ਨੇ,
ਅੱਖਾਂ ਮੀਚ ਦਿਸੇ ਤਸਵੀਰ।
ਪੱਤੋ, ਇਹ ਟੋਟਾ ਹੈ ਸਵਰਗ ਦਾ,
ਜਿੱਥੇ ਰਹਿਮਤ ਰੱਖਣ ਫਕੀਰ।
ਮੈਂ ਸਦਕੇ ਜਾਵਾਂ ਇਸ ਧਰਤ ਦੇ,
ਜਿੱਥੇ ਵੱਸੇ ਵਾਰਸ ਦੀ ਹੀਰ।

**ਹਰਪ੍ਰੀਤ ਪੱਤੋ**
94658-21417

## ਅਰਜਾਂ

ਦੂਰ ਹਨੇਰੇ ਹੋਵਣ ਜੱਗ ਤੇ,
ਖੁਸ਼ੀਆਂ ਬਰਸਣ ਚਾਰ-ਚੁਫੇਰੇ ।
ਆਦਮ ਬਣ ਜਾਣ ਸੁਹਜ ਸਿਆਣੇ,
ਮੁੱਕਣ ਧਰਮੀ ਝਗੜੇ - ਝੇੜੇ।
ਧਰਮ ਗ੍ਰੰਥ ਸਭ ਪੂਜਣਯੋਗ ਹੈ,
ਨਾ ਬੇਅਦਬੀ ਦੇ ਕਰੇ ਕੋਈ ਜੇਰੇ ।
ਭੁੱਖੇ ਪੇਟ ਨਾ ਸੌਂਵੇਂ ਕੋਈ,
ਨਾ ਵੰਡੀਏ ਵਿੱਚ ਕੁੱਝ ਤੇਰੇ-ਮੇਰੇ।
ਪਵਣ ਗੁਰੂ ਹੈ ਪਿਤਾ ਹੈ ਪਾਣੀ,
ਰਾਗ ਇਲਾਹੀ ਕੋਈ ਤਾਂ ਛੇੜੇ।
ਕਹੇ 'ਢਿੱਲੋਂ' ਰੱਬ ਵਸਦਾ ਅੰਦਰ,
ਕਿਓ ਬਾਹਰ ਲੱਭੇ ਸ਼ਾਮ - ਸਵੇਰੇ ।
ਨਵੇਂ ਸਾਲ ਤੇ ਬਸ ਇਹੀ ਅਰਜਾਂ,
ਰੱਬ ਵੇਖੋ ਵਿੱਚ ਸਭਨਾਂ ਦੇ ਚਿਹਰੇ।



**ਕਮਲਵੀਰ ਸਿੰਘ ਢਿੱਲੋਂ,**
ਮੋ: 8872391910

## ਮੇਰੀ ਕਵਿਤਾ

ਮੇਰੀ ਕਵਿਤਾ
ਨਾ ਉਪਰੋਂ ਉੱਤਰਦੀ ਹੈ,
ਨਾ ਕਿਸੇ ਦੀ ਉਂਗਲ ਫੜਦੀ,
ਨਾ ਕਿਸੇ ਲੈ ਦੀ
ਤਲਾਸ਼ ਵਿੱਚ ਭਟਕਦੀ ਹੈ।
ਜਦ ਕੁੱਝ ਜ਼ਖਮੀ ਅਹਿਸਾਸ
ਜਾਂ ਭਾਵਨਾਵਾਂ
ਮਨ ਮਸਤਕ ਵਿੱਚ ਖੌਰੂ ਪਾਉਂਦੇ ਨੇ
ਤਾਂ ਮੈਂ ਕਵਿਤਾ ਲਿਖਦਾ ਹਾਂ।

ਕਿਰਤੀਆਂ ਦੇ ਵਿਹੜਿਆਂ,
ਸੜਕਾਂ ਕੰਢੇ ਕੁੱਲੀਆਂ 'ਚ
ਜਾਂ ਫੁੱਟਪਾਥਾਂ ਤੇ ਜ਼ਿੰਦਗੀ ਜਦੋਂ
ਕੁਰਬਲ਼ ਕੁਰਬਲ਼ ਕਰਦੀ ਤੱਕਦਾਂ
ਤਾਂ ਮੈਂ ਕਵਿਤਾ ਲਿਖਦਾ ਹਾਂ।

ਭੱਠਿਆਂ ਦੇ ਸੇਕ 'ਚ ਸੜਦੇ,
ਕਾਰਖਾਨਿਆਂ ਦੀਆਂ
ਮਸ਼ੀਨਾਂ ਨਾਲ ਘੁਲ਼ਦੇ,
ਸੜਕਾਂ ਤੇ ਵਿਛਦੀ
ਲੁੱਕ 'ਚ ਧੁਆਂਖੇ,
ਜੇਠ-ਹਾੜ੍ਹ ਦੀ ਧੁੱਪ 'ਚ
ਸੜਕਾਂ ਕੰਢੇ ਲਾਅ ਰੇਹੜੀਆਂ,
ਦੋ ਵੇਲ਼ੇ ਦੀ ਰੋਟੀ ਦਾ
ਜੁਗਾੜ ਕਰਦੇ,
ਨਿਤਾਣਿਆਂ ਦੀ ਹੋਣੀ ਦੇਖ
ਜਦੋਂ ਲੇਦ ?ਹੜੇ ਵਰਗੇ ਸ਼ਬਦ
ਮੇਰੇ ਅਹਿਸਾਸਾਂ 'ਚ ਚੁਭਦੇ ਨੇ
ਮੈਂ ਕਵਿਤਾ ਲਿਖਦਾ ਹਾਂ।

ਭੁੱਖ ਦਾ ਤਾਂਡਵ
ਗਰੀਬੀ, ਲਾਚਾਰੀ,
ਵਿੱਦਿਆ ਵਿਚਾਰੀ,
ਬੇਰੁਜ਼ਗਾਰੀ ਦੀ ਮਾਰ 'ਚ
ਇੱਥੋਂ ਦੇ ਵਾਸੀਆਂ ਦੇ
ਸੁਪਨਿਆਂ ਦੀਆਂ ਕਬਰਾਂ ਵੀ
ਮੁਰਝਾਏ ਘਾਹ ਹੇਠ
ਗੁਆਚ ਜਾਂਦੀਆਂ ਨੇ
ਤਾਂ ਉਨ੍ਹਾਂ ਦੀ ਹੋਂਦ ਲਈ
ਮੈਂ ਕਵਿਤਾ ਲਿਖਦਾ ਹਾਂ।

ਮੇਰੀ ਕਵਿਤਾ ਨੂੰ ਰਾਸ ਨਹੀਂ ਆਉਂਦੇ,
ਸ਼ਾਮ ਨੂੰ ਮੁੜੇ ਆਉਂਦੇ
ਥੱਕੇ-ਹਾਰੇ ਨਿਰਾਸ਼ ਕਿਰਤੀ,
ਜਾਂ ਮੂੰਹ ਲਟਕਾਈ
ਮੰਡੀਓਂ ਮੁੜਿਆ ਆਉਂਦਾ ਨਿਮੋਝੂਣਾ ਅੰਨਦਾਤਾ,
ਮਨਰੇਗਾ ਦੀ ਦੀਹਾੜੀ ਉਡੀਕਦੀਆਂ
ਬੁੱਝੀਆਂ ਅੱਖਾਂ ਵਾਲ਼ੀਆਂ ਮਾਵਾਂ,
ਬੱਸ ਉਨ੍ਹਾਂ ਦੇ ਹੌਕਿਆਂ ਨੂੰ
ਬੋਲ ਦੇਣ ਲਈ ਹੀ
ਤਾਂ ਮੈ ਕਵਿਤਾ ਲਿਖਦਾ ਹਾਂ।

ਮੈਅਖਾਨੇ ਜਾਂ ਸਾਕੀ ਪੈਮਾਨੇ,
ਹੋ ਲਟਬੌਰੇ, ਚੀਅਰਜ਼ ਕਰਦੇ
ਟਕਰਾਉਂਦੇ ਜਾਮ,
ਮੇਰੀ ਕਵਿਤਾ ਦੇ ਮੇਚ ਨਾ ਆਉਂਦੇ
ਉੱਚੀਆਂ ਮਮਟੀਆਂ,
ਮਹਿਲ ਮੁਨਾਰੇ,
ਮੇਰੀ ਕਵਿਤਾ ਨੂੰ ਮੂਲ ਨਾ ਭਾਉਂਦੇ।

ਕੋਈ ਵੀ ਚੀਖ,
ਜਾਂ ਕੋਈ ਹੂਕ,
ਬਣਨਾ ਚਾਹੇ ਜਦ
ਰਣਤੱਤੇ ਦਾ ਜੈਕਾਰਾ,
ਤਾਂ ਮੈਂ ਕਵਿਤਾ ਲਿਖਦਾ ਹਾਂ।



**ਜਗਤਾਰ ਸਿੰਘ ਹਿੱਸੋਵਾਲ**
9878330324

## ਸੋਚ

ਸੂਰਮੇਂ ਸਿਰਜਦੇ ਨੇ ਇਤਿਹਾਸ
ਸ਼ਾਤਿਰ ਲਿਖਦੇ ਨੇ ਮਿਥਿਹਾਸ

ਬੁੱਧੀਜੀਵੀ ਜਗਾਉਣ ਜੱਗ ਨੂੰ
ਬੁੱਧੂ ਜੱਗ ਦਾ ਕਰਨ ਵਿਨਾਸ਼

ਨਿਰਪੱਖ ਸੋਚ ਏਕੇ ਦੀ ਹਤੈਸ਼ੀ
ਕੱਟੜਤਾ ਮਾਨਵਤਾ ਦਾ ਨਾਸ

ਚੜ੍ਹਦੀ ਕਲਾ ਚ ਖ਼ੁਸ਼ੀਆਂ ਖੇੜੇ
ਢਹਿੰਦੀ ਕਰਦੀ ਸਦਾ ਨਿਰਾਸ

ਬਿੰਦਰਾ ਸੋਚ ਉਸਾਰੂ ਰੱਖੇ
ਤਾਹੀਂ ਸਮਾਜ ਦਾ ਹੋਊ ਵਿਕਾਸ



**ਬਿੰਦਰ ਸਾਹਿਤ**

## ਤਾਂਡਵ



ਜੰਗਲ ਵੱਲ ਦੇਖਿਆ
ਤਾਂ
ਕੁਝ ਹਿਰਨ ਚਰ ਰਹੇ ਸਨ
ਪਤਾ ਨਹੀਂ ਸ਼ਾਂਤੀ ਨਾਲ
ਜਾਂ
ਕਿਸੇ ਅਣਜਾਣ ਸ਼ਿਕਾਰੀ ਦੇ
ਡਰ ਨਾਲ।
ਇੱਧਰ - ਉੱਧਰ ਘੁੰਮਦੇ ,
ਵਿਚਰਦੇ, ਡੌਰ - ਭੌਰ ਹੁੰਦੇ
ਤੇ ਕਦੇ ਚੌਕੰਨੇ ਵੀ ਹੁੰਦੇ।
ਪਰ ਉਨ੍ਹਾਂ ਦੇ ਬਹੁਤ
ਨਜ਼ਦੀਕ ਇੱਕ ਸ਼ਿਕਾਰੀ
ਬਹੁਤ ਸ਼ਾਂਤੀ ਨਾਲ ਲੁਕਿਆ
ਬੈਠਾ ਸੀ,
ਜੋ ਮੌਤ ਦਾ ਤਾਂਡਵ
ਰਚਾਉਣ ਲਈ ਛੁਪਿਆ ਬੈਠਾ ਸੀ।
ਕੁਝ ਪਲਾਂ ਬਾਅਦ ਹੀ
ਸ਼ਿਕਾਰੀ ਭਾਵ ਬਾਘ
ਹਿਰਨਾਂ 'ਤੇ ਮੌਤ ਦਾ ਤਾਂਡਵ
ਰਚ ਦਿੰਦਾ ਹੈ।
ਬਸ ਫਿਰ ਕੀ ,
ਇੱਕ ਹਿਰਨ
ਮੌਤ ਦੇ ਏਸ ਤਾਂਡਵ ਦਾ
ਸ਼ਿਕਾਰ ਹੋ ਜਾਂਦਾ ਹੈ।
ਏਸ ਦੇ ਵਾਂਗ
ਮਨੁੱਖ ਨਾਲ ਵੀ ਹੁੰਦਾ ਹੈ।
ਮੌਤ ਰੂਪੀ ਬਾਘ ,
ਹਮੇਸ਼ਾ ਸਾਏ ਵਾਂਗ
ਨਾਲ ਰਹਿੰਦਾ ਹੈ
ਪਰ ਸ਼ਾਇਦ ਦਿਖਾਈ ਨਹੀਂ ਦਿੰਦਾ
ਤੇ ਸ਼ਾਇਦ ਦਿਖਾਈ ਦੇਵੇਗਾ ਵੀ ਨਹੀਂ ,
ਛੁਪੇ ਬਾਘ ਵਾਂਗ
ਮੌਤ ਆਪਣਾ ਤਾਂਡਵ
ਰਚਦੀ ਆਈ , ਰਚਦੀ ਹੈ
ਤੇ ਸ਼ਾਇਦ ਏਸੇ ਤਰ੍ਹਾਂ ਮੌਤ ਦਾ
ਤਾਂਡਵ ਜਾਰੀ ਰਹੇਗਾ।



**ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**

## ਕੁੜੀਆਂ ਤੇ ਹਾਲਾਤ

ਸਾਹ ਤੇ ਨਬਜ਼ ਤਾਂ ਦੋਵੇਂ ਚਲਦੇ
ਕੁਝ ਕੁੜੀਆਂ ਅਜੇ ਵੀ ਡਰੀਆਂ ਨੇ,
ਕਿੰਝ ਲਿਖਾਂ ਮੈਂ ਪਿਆਰ ਮੁਹੱਬਤ
ਉਹ ਹਾਲਾਤਾਂ ਕੋਲੋ ਹਰੀਆਂ ਨੇ ,

ਮੈਂ ਮੋੜਨਾ ਨਹੀਂ ਅਧਵਾਟਿਓ ਹੀ
ਉਨ੍ਹਾਂ ਮਸੀ ਉਡਾਣਾਂ ਭਰੀਆਂ ਨੇ ,
ਅੱਜ ਤਾਈਂ ਤਾਂ ਇਨ੍ਹਾਂ ਕੁੜੀਆਂ ਨੇ
ਬਸ ਸਮਾਜੀ ਹੁਜਤਾਂ ਜਰੀਆਂ ਨੇ ,

ਆਂਢ ਗੁਆਂਢ ਮਿਹਣਿਆਂ ਦੇ
ਉਹ ਅੱਗ ਸਮੁੰਦਰ ਤਰੀਆਂ ਨੇ ,
ਹਾਲਾਤਾਂ ਨੇ ਮੁਕਾਉਣਾ ਚਾਹਿਆ
'ਅਰਸ਼' ਜਿਗਰੇ ਤੋਂ ਨਾ ਮਰੀਆਂ ਨੇ ,



**ਅਰਸ਼ਪ੍ਰੀਤ ਕੌਰ ਸਰੋਆ**
**ਅਸਿਸਟੈਂਟ ਪ੍ਰੋਫੈਸਰ**
(ਰਿਸਰਚ ਸਕਾਲਰ)

## ਮਾਂ ਇਬਾਦਤ

ਮਾਂ ਵਰਗੀ ਕੋਈ ਸ਼ਕਤੀ ਨਈ,
ਮਾਂ ਕੁਦਰਤ ਵਿੱਚ ਨਾ ਅੰਤਰ ਏ।
ਮਾਂ ਉਹ ਕੁਦਰਤ ਦੀ ਰਹਿਮਤ ਏ,
ਜਿੱਥੋਂ ਮਿਲ ਜਾਦੀ ਹਰ ਮੰਨਤ ਏ।
ਮਾਂ ਚਲਦਾ ਫਿਰਦਾ ਤੀਰਥ ਏ,
ਮਾਂ ਹੀ ਸੁੱਖਾਂ ਦਾ ਸਾਗ਼ਰ ਏ।
ਮਾਂ ਵਰਗੀ ਨਈਂ ਕੋਈ ਦੁਨੀਆਂ ਤੇ,
ਮਾਂ ਪੂਜਾ ਮਾਂ ਇਬਾਦਤ ਏ....

ਸਾਗ਼ਰ ਤੋਂ ਡੂੰਘੀ ਸੋਚ ਇਹਦੀ,
ਇਹਦਾ ਬ੍ਰਹਮੰਡ ਜਿੱਡਾ ਜਿਹਰਾ ਏ।
ਦੁਨੀਆਂ ਤੇ ਐਸਾ ਜੰਮਿਆਂ ਨਈਂ,
ਮਾਂ ਦਾ ਕਰਜ਼ ਚੁਕਾਏ ਜਿਹੜਾ ਏ।
ਇਹਦੇ ਨੂਰ ਤੋਂ ਰੌਸ਼ਨ ਜੱਗ ਸਾਰਾ,
ਮਾਂ ਧਰਤ ਸ੍ਰਿਸ਼ਟੀ ਪਾਲਕ ਏ।
ਮਾਂ ਪੂਜਾ ਮਾਂ ਇਬਾਦਤ ਏ....

ਨਬੀ, ਔਲੀਆ, ਪੀਰ, ਪੈਗੰਬਰ ਵੀ,
ਗੁਰੂ,ਸਾਧੂ,ਸੰਤ,ਕਲੰਦਰ ਵੀ।
ਮਾਂ ਦੇ ਭਰੇ ਭੰਡਾਰ ਦੁਆਂਵਾਂ ਦੇ,
ਕਿਹੜਾ ਜਾਣੇਂ ਮਾਂ ਦੇ ਅੰਦਰ ਦੀ।
ਮਾਂ ਹੀ ਸੰਸਾਰ ਦਿਖਾਉਂਦੀ ਏ,
ਮਾਂ ਸਭ ਤੋਂ ਪਾਕ ਸਦਾਕਤ ਏ।
ਮਾਂ ਪੂਜਾ ਮਾਂ ਇਬਾਦਤ ਏ....

ਹੱਥ ਮਾਂ ਦਾ ਸਿਰ ਤੇ ਢੇਰ ਦੁੱਖਾਂ ਦੇ,
ਪੱਲ ਵਿੱਚ ਕਰ ਫ਼ਨਾ ਦਿੰਦਾ ਏ।
ਮਾਂ ਦੀ ਗੋਦੀ ਵਿੱਚ ਸਕੂਨ ਜਿਹੜਾ,
ਸਾਰੇ ਹੀ ਦੁੱਖ ਭੁਲਾ ਦਿੰਦਾ ਏ।
ਮਾਂ ਦੀ ਲੋਰੀ ਵਿੱਚ ਆਨੰਦ ਜਿਹੜਾ,
ਨਾਂ ਮਿਲਦਾ ਲੱਖ ਇਬਾਦਤ ਦੇ।
ਮਾਂ ਪੂਜਾ ਮਾਂ ਇਬਾਦਤ ਏ....

ਮਾਂ ਹੈ ਤੇ ਜੱਗ ਰੌਸ਼ਨ ਏ,
ਹਵਾ, ਪਾਣੀ ਸਭ ਸੁਗੰਦਤ ਨੇ।
ਜ਼ਰਾ ਅੱਖਾਂ ਖੋਲ੍ਹ ਕੇ ਦੇਖ ਸਹੀ,
ਇਹਦੇ ਚਰਨਾਂ ਵਿੱਚ ਹੀ ਜੰਨਤ ਏ।
ਮਾਂ ਗੁਰ ਗਿਆਨ ਦੀ ਮੂਰਤ ਏ,
ਮਾਂ ਤੋਂ ਦੁਨੀਆਂ ਦੀ ਵਿਲਾਦਤ ਏ।
ਮਾਂ ਪੂਜਾ ਮਾਂ ਇਬਾਦਤ ਏ....

ਲਿਖਣੀਂ ਜੇ ਮਾਂ ਦੀ ਸਿਫ਼ਤ ਹੋਵੇ,
ਕੋਈ ਵੀ ਐਸਾ ਮਜ਼ਬੂਨ ਨਈਂ।
ਮਾਂ ਦੀ ਸਮਝ ਸਕੇ ਗਹਿਰਾਈ ਜੋ,
ਕੋਈ ਜੰਮਿਆਂ ਅਫ਼ਲਾਤੂਨ ਨਈਂ।
ਮਾਂ ਆਦਿ ਵੀ ਏ ਮਾਂ ਅੰਤ ਵੀ ਏ।
ਮਾਂ ਬ੍ਰਹਮੰਡ ਕੁਦਰਤ ਕਾਦਰ ਏ।
ਮਾਂ ਪੂਜਾ ਮਾਂ ਇਬਾਦਤ ਏ....

ਜਿਹਨਾਂ ਦੀਆਂ ਸਲਾਮਤ ਮਾਮਾਂ ਨੇ,
ਉਹਨਾਂ ਵਰਗਾ ਕੋਈ ਅਮੀਰ ਨਈ।
ਸਾਏ ਉੱਠ ਗਏ ਸਿਰਾਂ ਤੋਂ ਜਿਹਨਾਂ ਦੇ,
ਉਹਨਾਂ ਵਰਗਾ ਕੋਈ ਗਰੀਬ ਨਈਂ।
ਜੋ ਮਾਂ ਨੂੰ ਸਮਝਣ ਬੋਝ ਪਏ,
ਉਹ ਔਲਾਦ ਕਿਸੇ ਨਾ ਕਾਬਲ ਏ।
ਮਾਂ ਪੂਜਾ ਮਾਂ ਇਬਾਦਤ ਏ....

ਉਹ ਮੇਰੇ ਆਸ-ਪਾਸ ਹੀ ਰਹਿੰਦੀ ਏ,
ਉਹਦੀ ਮਹਿਕ ਸਦਾ ਮੇਰੇ ਅੰਦਰ ਏ।
ਸਿਰ ਯਾਦਾਂ ਦੇ ਵਿੱਚ ਝੁਕ ਜਾਂਦਾ,
ਇਹ ਬੜਾ ਅਨੋਖਾ ਮੰਜ਼ਰ ਏ।
ਮੈਨੂੰ ਰਸਤਾ ਦੱਸਦੀ ਰਹਿੰਦੀ ਏ,
ਉਸ ਨੇ ਬਦਲੀ ਨਾ ਆਦਤ ਏ।
ਮਾਂ ਪੂਜਾ ਮਾਂ ਇਬਾਦਤ ਏ....

ਮਾਂ ਦੀ ਰਹਿਮਤ ਪੱਲ-ਪੱਲ ਵਰਸਦੀ ਏ,
ਮਾਂ ਦੇ ਪਿਆਰ ਜਿਹਾ ਕਿਤੇ ਪਿਆਰ ਨਈਂ।
ਮਾਂ ਦੀ ਤੜਫਣ ਜਈ ਕਿਤੇ ਤੜਫ਼ਣ ਨਈ,
ਮਾਂ ਜੈਸਾ ਕੋਈ ਕਿਰਦਾਰ ਨਈਂ।
ਕੋਈ ਮਾਂ ਦਾ ਸਾਨੀ ਨਈਂ 'ਹਰਦਾਸਪੁਰੀ'
ਮਾਂ ਕਰਦੀ ਸਭ ਉਜਾਗਰ ਏ।
ਮਾਂ ਵਰਗੀ ਨਈਂ ਕੋਈ ਦੁਨੀਆਂ ਤੇ,
ਮਾਂ ਪੂਜਾ ਮਾਂ ਇਬਾਦਤ ਏ....



**ਮਲਕੀਤ ਹਰਦਾਸਪੁਰੀ**
0306947249768

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD